# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
## ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. ਭਾਗ ਪਹਿਲਾ — ਸਮੈਸਟਰ ਪਹਿਲਾ

ਪੇਪਰ : ਸਮਾਜ ਵਿਗਿਆਨ — ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਸਮਾਜ ਵਿਗਿਆਨ : ਪਰਿਭਾਸ਼ਾ, ਅਧਿਐਨ ਖੇਤਰ ਅਤੇ ਪ੍ਰਕ੍ਰਿਤੀ

1.2 : ਸਮਾਜ ਵਿਗਿਆਨ ਦਾ ਹੋਰਨਾਂ ਸਮਾਜਿਕ ਵਿਗਿਆਨਾਂ ਨਾਲ ਸੰਬੰਧ

1.3 : ਸਮਾਜਿਕ ਸੰਰਚਨਾ

1.4 : ਸਮਾਜ

1.5 : ਸਮਾਜਿਕ ਸੰਗਠਨ

1.6 : ਸਮੁਦਾਇ ਅਤੇ ਸਭਾ

1.7 : ਸਮਾਜਿਕ ਕਦਰਾਂ ਅਤੇ ਕੀਮਤਾਂ

1.8 : ਸਮਾਜਿਕ-ਰੁਤਬਾ ਅਤੇ ਸਮਾਜਿਕ ਭੂਮਿਕਾ


**website : www.pbidde.org**

# SYLLABUS

## Sociology B.A.Part I (FIRST SEMESTER)
SESSION 2023-2024, 2024-2025 & 2025-2026
FOR REGULAR/ DISTANCE EDUCATION /PRIVATE STUDENT

**For Regular and Distance Education Students: Each paper will carry 70 marks and 30 marks of Internal Assessment.**

The Break-up of 30 Marks for Internal Assessment (Theory Papers) is as below:

| | | |
|---|---|---|
| 1. | Test | 12 Marks |
| 2. | Class Attendance | 06 Marks |
| 3. | Field Work / Project Work/Assignment/ Response Sheet/Seminar etc. | 12 Marks |
| | TOTAL MARKS | 30 Marks |

## PAPER -I: FUNDAMENTALS OF SOCIOLOGY-I

FOR REGULAR AND DISTANCE EDUCATION STUDENTS

MAXIMUM MARKS: 100 TIME ALLOWED: 3HRS
INTERNAL ASSESSMENT: 30
EXTERNAL ASSESSMENT: 70 PASS MARKS: 35%

FOR **PRIVATE STUDENTS** EACH PAPER WILL CARRY 100 MARKS AND THERE WILL BE NO INTERNAL ASSESSMENT FOR PRIVATE STUDENT

FOR PRIVATE STUDENTS

MAXIMUM MARKS: 100 TIME ALLOWED: 3HRS

## INSTRUCTIONS FOR THE PAPER-SETTER

For **Regular and Distance Education Students**, the question paper will consist of three sections A, B and C. Sections A and B will have four questions from the respective sections of the syllabus and will carry 12 marks each. Section C will consist of 11 short-answer type questions, which will cover the entire syllabus uniformly and will carry 22 marks in all. Each short-answer type question will carry two marks each. Thirty (30) marks will comprise of internal assessment.

For **Private Students**: The question paper will consist of three section: A, B and C. Sections A and B will have four questions from the respective sections of the syllabus and will carry 14½ marks each. Section

Deepak 11/8/23
Head,
Department of Sociology & Social Anthropology,
Punjabi University, Patiala

C will consist of 14 short-answer type questions, which will cover the entire syllabus uniformly and will carry 42marks in all. Each, short-answer type question will carry 3marks each .

## INSTRUCTIONS FOR THE CANDIDATES

Candidates are required to attempt two questions each from sections A and B. Section C is compulsory.

SECTION-A

**i) Sociology:** Definition, nature and scope; Relationship with other Social Sciences: Psychology, Anthropology, History, Economics, Political Science.

**ii) Basic Concepts:** Social Structure, Society, Social Organization, Community, Association, Norms, Values, Status and Role.

SECTION-B

**i) Socialization:** Meaning, processes and agencies. Theories of self (Freud, Cooley and Mead)

**ii) Culture:** Meaning, characteristics; material and non-material culture; cultural lag; culture and civilization.

### BOOKS RECOMMENDED


1. Bottomore, T. B. 1972. *Sociology: A Guide to Problems and Literature*, Bombay: George Allen and Unwin
2. Giddens, A. 2000. *Sociology: An Introduction*, Cambridge: Polity Press.
3. Gisbert, PSJ, 1993. *Fundamentals of Sociology*, Bombay: Orient Longman.
4. Haralambos, M. 1998 *Sociology: Themes and Perspectives*, New Delhi: Oxford University Press.
5. Herskovits, Mel J, 1969. *Cultural Anthropology*, New Delhi: Oxford and IBH Publishers.
6. Kaur, Savinderjit 1987. *Samaj Vigyan De Mool Sankalp*, Patiala: Punjabi University.


11/8/23


Head,
Department of Sociology &
Social Anthropology,
Punjabi University, Patiala

7. Koening, Samuel 1968. *Sociology: An Introdution to the Science of Society*, New York: Barnes and Noble (Punjabi Translation also available. Translated by Baldev Singh and published by Punjabi University.)
8. Majumdar, and T.N. Madan 1997. *An Introduction to Social Anthropology*, NOIDA: Mayur Paperbacks
9. Mann, Michael(ed) 1994. *Macmillan Student Encyclopedia of Sociology*, London: Macmillan Press.
10. Marshall, Gordon (ed) 2000. *Dictionary of Sociology*, Delhi: Oxford University Press.
11. Shepard, Jon M. 1981. *Sociology*, New York: West Publishing Co.


Deepak 11/8/2017

Head
Department of Sociology & Social Anthropology,
Punjabi University, Patiala

**ਸੈਸ਼ਨ** 2023-2024, 2024-2025 & 2025-2026

## ਬੀ.ਏ. ਭਾਗ ਪਹਿਲਾ (ਸਮੈਸਟਰ-ਪਹਿਲਾ)

## ਰੈਗੁਲਰ/ਪ੍ਰਾਈਵੇਟ/ਡਿਸਟੈਂਸ ਐਜੂਕੇਸ਼ਨ ਵਿਦਿਅਰਥੀਆਂ ਲਈ

# ਪੇਪਰ- I: ਸਮਾਜ ਵਿਗਿਆਨ ਦੇ ਮੂਲ ਸੰਕਲਪ-I

ਸਮਾਂ: 3 ਘੰਟੇ — ਕੁਲ ਅੰਕ: 70

ਪਾਸ ਨੰਬਰ; 35%

ਪ੍ਰਾਈਵੇਟ ਵਿਦਿਆਰਥੀਆਂ ਲਈ 100 ਨੰਬਰ ਦਾ ਪੇਪਰ **ਹੋਵੇਗਾ ਜਿਸ ਵਿਚ** ਕਿਸੇ ਤਰ੍ਹਾਂ ਦੀ ਵੀ ਇੰਟਰਨਲ ਅਸੈਸਮੈਂਟ ਨਹੀ **ਹੋਵੇਗੀ।**

**ਪੇਪਰ ਸੈਟਰ ਲਈ ਹਦਾਇਤਾਂ**

**ਰੈਗੁਲਰ ਅਤੇ ਡਿਸਟੈਂਸ ਐਜੂਕੇਸਨ ਵਿਦਿਆਰਥੀਆਂ** ਲਈ ਪ੍ਰਸਨ ਪੱਤਰ ਤਿੰਨ ਭਾਗਾਂ ੳ, ਅ, ਅਤੇ ੲ ਵਿੱਚ ਵੰਡਿਆ ਹੋਇਆ ਹੈ। ੳ ਅਤੇ ਅ ਹਰੇਕ ਭਾਗ ਵਿਚੋਂਜ਼ ਚਾਰ ਸਵਾਲ ਦਿੱਤੇ ਜਾਣਗੇ। ਵਿਦਿਆਰਥੀਆਂ ਨੇ ੳ ਅਤੇ ਅ ਹਰੇਕ ਭਾਗ ਵਿੱਚੋ ਦੋ-ਦੋ ਸਵਾਲ ਕਰਨੇ ਹੋਣਗੇ ਜਿਹੜੇ ਕਿ 12 ਨੰਬਰਾਂ ਦੇ ਹੋਣਗੇ। ੲ ਭਾਗ ਵਿੱਚ ਛੋਟੇ ਉੱਤਰ ਵਾਲੇ 12 **ਪ੍ਰਸ਼ਨ** ਹੋਣਗੇ, ਜਿਹੜੇ ਸਾਰੇ ਸਿਲੇਬਸ ਨੂੰ ਕਵਰ ਕਰਦੇ ਹੋਣਗੇ। ਹਰ ਸਵਾਲ 2 ਅੰਕਾਂ ਦਾ ਹੋਵੇਗਾ। ਇੰਟਰਨਲ ਅਸੈਸਮੈਂਜ਼ਟ 30 ਨੰਬਰਾਂ ਦੀ ਹੋਵੇਗੀ।

**ਪ੍ਰਾਈਵੇਟ ਵਿਦਿਆਰਥੀਆਂ** ਲਈ ਪ੍ਰਸਨ ਪੱਤਰ ਤਿੰਨ ਭਾਗਾਂ ੳ, ਅ, ਅਤੇ ੲ ਵਿੱਚ ਵੰਡਿਆ ਹੋਇਆ ਹੈ। ੳ ਅਤੇ ਅ ਹਰੇਕ ਭਾਗ ਵਿਚੋ ਚਾਰ ਸਵਾਲ ਦਿੱਤੇ ਜਾਣਗੇ। ਵਿਦਿਆਰਥੀਆਂ ਨੇ ੳ ਅਤੇ ਅ ਹਰੇਕ ਭਾਗ ਵਿੱਚੋ ਦੋ-ਦੋ ਸਵਾਲ ਕਰਨੇ ਹੋਣਗੇ ਜਿਹੜੇ ਕਿ 14½ ਨੰਬਰਾਂ ਦੇ ਹੋਣਗੇ। ੲ ਭਾਗ ਵਿੱਚ ਛੋਟੇ ਉੱਤਰ ਵਾਲੇ 14 ਪ੍ਰਸਨ ਹੋਣਗੇ, ਜਿਹੜੇ ਸਾਰੇ ਸਿਲੇਬਸ ਨੂੰ ਕਵਰ ਕਰਦੇ ਹੋਣਗੇ। ਹਰ ਸਵਾਲ 3 ਅੰਕਾਂ ਦਾ ਹੋਵੇਗਾ।

## ਪਰੀਖਿਆਰਥੀ ਲਈ ਹਦਾਇਤਾਂ

ੳ ਅਤੇ ਅ ਹਰੇਕ ਭਾਗ ਵਿੱਚੋਂ ਦੋ-ਦੋ ਪ੍ਰਸ਼ਨ ਦਾ ਉੱਤਰ ਵਿਦਿਆਰਥੀ ਵੱਲੋਂ ਦਿੱਤਾ ਜਾਵੇਗਾ। ਭਾਗ "ੲ" ਦੇ ਸਾਰੇ ਪ੍ਰਸ਼ਨ ਜਰੂਰੀ (compulsory) ਹਨ।

### ਭਾਗ ੳ

ਜ) ਸਮਾਜ ਵਿਗਿਆਨ: ਪਰਿਭਾਸ਼ਾ, ਪ੍ਰਕਿਰਤੀ ਅਤੇ ਅਧਿਐਨ ਖੇਤਰ, ਹੋਰ ਸਮਾਜਕ ਵਿਗਿਆਨਾਂ ਨਾਲ ਸਬੰਧ, ਮਨੋਵਿਗਿਆਨ, ਮਾਨਵ ਵਿਗਿਆਨ, ਇਤਿਹਾਸ, ਅਰਥ ਵਿਗਿਆਨ,ਰਾਜਨੀਤੀ ਵਿਗਿਆਨ।

ਜਜ) ਮੂਲ ਸੰਕਲਪ: ਸਮਾਜਕ ਬਣਤਰ, ਸਮਾਜ, ਸਮਾਜਕ ਸੰਗਠਨ, ਸਮੁਦਾਇ, ਸਭਾ, ਕਦਰਾਂ ਕੀਮਤਾਂ, ਰੁੱਤਬਾ ਅਤੇ ਭੂਮਿਕਾ।

Head, 11/8/23
Department of Sociology & Social Anthropology,
Punjabi University, Patiala

ਭਾਗ ਅ

ਜ) ਸਮਾਜੀਕਰਨ: ਸੰਕਲਪ, ਪ੍ਰਕਿਰਿਆਵਾਂ ਅਤੇ ਏਜੰਸੀਆਂ। ਸਮਾਜੀਕਰਨ ਦੇ ਸਿਧਾਂਤ (ਫਰਾਈਡ, ਕੂਲੇ ਅਤੇ ਮੀਡ)।

ਜਜ) ਸਭਿਆਚਾਰ: ਸੰਕਲਪ, ਵਿਸ਼ੇਸ਼ਤਾਈਆਂ, ਪਦਾਰਥਕ ਅਤੇ ਅਪਦਾਰਥਕ ਸਭਿਆਚਾਰ, ਸਭਿਆਚਾਰਕ ਪਛੜਾਅ, ਸਭਿਆਚਾਰ ਅਤੇ ਸਭਿਅਤਾ।

## BOOKS RECOMMENDED


1. Bottomore, T. B. 1972. *Sociology: A Guide to Problems and Literature*, Bombay: George Allen and Unwin
2. Giddens, A. 2000. *Sociology: An Introduction*, Cambridge: Polity Press.
3. Gisbert, PSJ, 1993. *Fundamentals of Sociology*, Bombay: Orient Longman.
4. Haralambos, M. 1998 *Sociology: Themes and Perspectives*, New Delhi: Oxford University Press.
5. Herskovits, Mel J, 1969. *Cultural Anthropology*, New Delhi: Oxford and IBH Publishers.
6. Kaur, Savinderjit 1987. *Samaj Vigyan De Mool Sankalp*, Patiala: Punjabi University.
7. Koening, Samuel 1968. *Sociology: An Introduction to the Science of Society*, New York: Barnes and Noble (Punjabi Translation also available. Translated by Baldev Singh and published by Punjabi University.)
8. Majumdar, and T.N. Madan 1997. *An Introduction to Social Anthropology*, NOIDA: Mayur Paperbacks
9. Mann, Michael(ed) 1994. *Macmillan Student Encyclopedia of Sociology*, London: Macmillan Press.
10. Marshall, Gordon (ed) 2000. *Dictionary of Sociology*, Delhi: Oxford University Press.
11. Shepard, Jon M. 1981. *Sociology*, New York: West Publishing Co.


Deepak 11/8/23
Head,
Department of Sociology &
Social Anthropology,
Punjabi University, Patiala

ਪਾਠ ਨੰ. 1.1 ਲੇਖਿਕਾ : ਡਾ. ਹਰਿੰਦਰ ਕੌਰ

Last updated: August, 2023

# ਸਮਾਜ ਵਿਗਿਆਨ : ਪਰਿਭਾਸ਼ਾ, ਅਧਿਐਨ ਖੇਤਰ ਅਤੇ ਪ੍ਰਕ੍ਰਿਤੀ
# (Sociology : Definition, Scope and Nature)

**ਪਾਠ ਦੀ ਬਣਤਰ**

1.1.0 ਪਾਠ ਦਾ ਉਦੇਸ਼
1.1.1 ਪਾਠ ਨਾਲ ਜਾਣ-ਪਛਾਣ
1.1.2 ਸਮਾਜ ਵਿਗਿਆਨ ਦੀਆਂ ਪਰਿਭਾਸ਼ਾਵਾਂ
1.1.3 ਸਮਾਜ ਵਿਗਿਆਨ ਅਤੇ ਇਸ ਦੇ ਮੋਢੀ
1.1.4 ਸਮਾਜ ਵਿਗਿਆਨ ਦਾ ਅਧਿਐਨ ਖੇਤਰ ਭਾਵ ਸਕੋਪ
1.1.4.1 ਸਰੂਪਆਤਮਕ ਸੰਪਰਦਾਇ
1.1.4.1.1 ਸਿਮਲ
1.1.4.1.2 ਵੌਨ ਵਾਈਜ
1.1.4.1.3 ਵੀਰਕਾਂਤ
1.1.4.1.4 ਮੈਕਸ ਵੇਬਰ
1.1.4.2 ਸੰਸਲੇਸ਼ਣਆਤਮਕ ਸੰਪਰਦਾਇ
1.1.4.2.1 ਇਮਾਇਲ ਦੁਰਖੀਮ
1.1.4.2.2 ਹੌਬਹਾਊਸ
1.1.4.2.3 ਸੋਰੋਕਿਨ
1.1.5 ਸਮਾਜ ਵਿਗਿਆਨ ਦੀ ਪ੍ਰਕ੍ਰਿਤੀ
1.1.5.1 ਪ੍ਰਯੋਗਾਤਮਕ ਵਿਧੀ
1.1.5.2 ਬਾਹਰਮੁੱਖਤਾ
1.1.5.3 ਸਧਾਰਣੀਕਰਣ
1.1.5.4 ਭਵਿੱਖਬਾਣੀ
1.1.6 ਸਾਰ
1.1.7 ਮੁੱਖ ਸ਼ਬਦ
1.1.8 ਅਭਿਆਸ ਲਈ ਪ੍ਰਸ਼ਨ
1.1.9 ਸੰਖੇਪ ਸਵਾਲ
1.1.10 ਉਪਯੋਗੀ ਪੁਸਤਕਾਂ

### 1.1.0 ਪਾਠ ਦਾ ਉਦੇਸ਼

ਇਸ ਪਾਠ ਰਾਹੀਂ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਸਮਾਜ ਵਿਗਿਆਨ ਕੀ ਹੈ ਅਤੇ ਸਮਾਜ ਵਿਗਿਆਨੀਆਂ ਨੇ ਇਸ ਦੇ ਕੀ ਲੱਛਣ ਦੱਸੇ ਹਨ? ਉਨ੍ਹਾਂ ਅਨੁਸਾਰ ਮਨੁੱਖੀ ਸਮਾਜ ਦੇ ਉਹ ਕਿਹੜੇ ਅਦਾਰੇ ਹਨ ਜਿਨ੍ਹਾਂ ਨੂੰ ਅਸੀਂ ਸਮਾਜ ਵਿਗਿਆਨਕ ਅਧਿਐਨ ਦਾ ਮੁੱਦਾ ਬਣਾ ਸਕਦੇ ਹਾਂ ? ਇਸ ਦੇ ਨਾਲ ਨਾਲ ਇਸ ਵਿਸ਼ੇ ਦਾ ਅਧਿਐਨ ਖੇਤਰ (subject matter) ਵੀ ਨਿਰਧਾਰਤ ਹੋ ਜਾਂਦਾ ਹੈ। ਇਸ ਤੋਂ ਬਾਅਦ ਅਸੀਂ ਸਮਾਜ ਵਿਗਿਆਨ ਦੀ ਪ੍ਰਕ੍ਰਿਤੀ (nature) ਬਾਰੇ ਵੀ ਚਰਚਾ ਕਰਾਂਗੇ। ਅਸੀਂ ਵੇਖਾਂਗੇ ਕਿ ਸਮਾਜ ਵਿਗਿਆਨ ਅਸਲ ਵਿਚ ਵਿਗਿਆਨ ਹੀ ਹੈ।

### 1.1.1 ਪਾਠ ਨਾਲ ਜਾਣ-ਪਛਾਣ

ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਮੁੱਢੋਂ ਹੀ ਮਨੁੱਖ ਕਿਸੇ ਨਾ ਕਿਸੇ ਸਮਾਜ ਵਿਚ ਰਹਿੰਦਾ ਆਇਆ ਹੈ। ਇਸ ਦਾ ਅਰਥ ਹੈ ਕਿ ਇਕੱਲੇ ਮਨੁੱਖ ਦਾ ਰਹਿਣਾ ਨਾ-ਮੁਮਕਿਨ ਹੈ। ਅਜਿਹਾ ਕਿਉਂ ਹੈ ? ਕੀ ਇਹ ਮਨੁੱਖਤਾ ਦੀ ਹੀ ਮਜ਼ਬੂਰੀ ਹੈ ਜਾਂ ਇਕੱਠ ਵਿਚ ਰਹਿਣ ਦਾ ਇਹ ਮਸਲਾ ਸਾਰੇ ਜੀਵ ਜੰਤੂਆਂ ਵਾਸਤੇ ਸਾਂਝਾ ਹੈ। ਕੁਦਰਤ ਦੇ ਨਿਜ਼ਾਮ ਵਿਚ ਜੇ ਅਸੀਂ ਆਪਣੀ ਨਜ਼ਰ ਦੂਰ ਦੂਰ ਮਾਰੀਏ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਹਰ ਕਿਸਮ ਦਾ ਜੀਵ ਜੰਤੂ ਆਪਣੀ ਹੀ ਕਿਸਮ ਦੇ ਸਮੂਹ ਵਿਚ ਰਹਿੰਦਾ ਹੈ। ਡੱਡੂ ਡੱਡੂਆਂ ਨਾਲ, ਸ਼ੇਰ ਸ਼ੇਰਾਂ ਨਾਲ, ਪਿੱਪਲ ਦੇ ਰੁੱਖ ਪਿੱਪਲਾਂ ਨਾਲ ਅਤੇ ਮਨੁੱਖ ਮਨੁੱਖਾਂ ਨਾਲ ਆਪਣੀਆਂ ਆਪਣੀਆਂ ਬਸਤੀਆਂ ਵਿਚ ਰਹਿੰਦੇ ਹਨ ਜਿਹੜੀਆਂ ਇਕ ਦੂਜੇ ਤੋਂ ਪੂਰਨ ਰੂਪ ਵਿਚ ਨਿਖੜਵੀਆਂ ਹੁੰਦੀਆਂ ਹਨ। ਇਨ੍ਹਾਂ ਦੀਆਂ ਹੱਦ ਬੰਦੀਆਂ ਬੜੇ ਸਾਫ਼ ਸੁੱਥਰੇ ਤਰੀਕੇ ਨਾਲ ਕੀਤੀਆਂ ਜਾ ਸਕਦੀਆਂ ਹਨ। ਇਸ ਦਾ ਅਰਥ ਇਹ ਹੈ ਕਿ ਆਪਣੀ ਹੀ Species ਵਿਚ ਰਹਿਣਾ ਕੇਵਲ ਮਨੁੱਖ ਦਾ ਹੀ ਸੁਭਾਵ ਨਹੀਂ ਬਲਕਿ ਸਭ ਪ੍ਰਾਣੀਆਂ ਦਾ ਹੈ।

ਲੇਕਿਨ ਮਨੁੱਖੀ ਸਮਾਜ ਬਾਕੀ ਸਾਰੇ ਜੀਵਾਂ ਦੇ ਸਮਾਜਾਂ ਨਾਲੋਂ ਵੱਖਰਾ ਹੈ। ਠੀਕ ਉਸੇ ਤਰ੍ਹਾਂ ਅਤੇ ਉਨ੍ਹਾਂ ਹੀ ਕਾਰਣਾਂ ਕਰਕੇ ਜਿਨ੍ਹਾਂ ਸਦਕਾ ਮਨੁੱਖ ਬਾਕੀ ਜੀਵਾਂ ਨਾਲੋਂ ਵੱਖਰਾ ਅਤੇ ਨਿਆਰਾ ਹੈ। ਮਨੁੱਖੀ ਦਿਮਾਗ ਦਾ ਫੈਲਾਅ, ਭਾਸ਼ਾ ਦਾ ਗਿਆਨ ਅਤੇ ਸਭਿਆਚਾਰਕ ਵਿਰਸਾ ਵਿਲੱਖਣ ਰੂਪ ਇਖਤਿਆਰ ਕਰਦਾ ਹੈ। ਮਨੁੱਖ ਦੇ ਸਮਾਜ ਦੀ ਵਿਲੱਖਣਤਾ ਕੀ ਹੈ ? ਇਸ ਦੇ ਸਮਾਜ ਦੀ ਸੰਰਚਨਾ ਕਿਹੋ ਜਿਹੀ ਹੈ ? ਇਹ ਕਿਵੇਂ ਅਤੇ ਕਿਉਂ ਹੋਂਦ ਵਿਚ ਆਇਆ ? ਇਸ ਦਾ ਸੁਭਾਅ ਕਿਹੋ ਜਿਹਾ ਹੈ ? ਇਹ ਸਥਾਈ-ਅਸਥਾਈ ਕਿਉਂ ਅਤੇ ਕਦੋਂ ਹੁੰਦਾ ਹੈ ? ਇਸ ਵਿਚ ਤਬਦੀਲੀ ਕਿਵੇਂ ਅਤੇ ਕਿਉਂ ਆਉਂਦੀ ਹੈ ? ਇਨ੍ਹਾਂ ਸਾਰੇ ਪ੍ਰਸ਼ਨਾਂ ਨੂੰ ਸਮਝਣ ਅਤੇ ਇਨ੍ਹਾਂ ਦੇ ਸਹੀ ਉੱਤਰ ਦੇਣ ਦਾ ਕੰਮ ਇਕ ਅਜਿਹੀ ਵਿਸ਼ਾ ਪ੍ਰਣਾਲੀ ਨੇ ਲਿਆ ਜਿਸ ਨੂੰ ਅਸੀਂ ਸਮਾਜ ਵਿਗਿਆਨ ਕਹਿੰਦੇ ਹਾਂ।

### 1.1.2 ਸਮਾਜ ਵਿਗਿਆਨ ਦੀ ਪਰਿਭਾਸ਼ਾ

ਸਿੱਧੇ ਲਫ਼ਜ਼ਾਂ ਵਿਚ ਮਨੁੱਖੀ ਸਮਾਜ ਦੇ ਵਿਗਿਆਨਕ ਅਧਿਐਨ ਨੂੰ ਸਮਾਜ ਵਿਗਿਆਨ ਕਿਹਾ ਜਾਂਦਾ ਹੈ। ਇਸ ਤਕਰੀਰ (Statement) ਵਿਚ ਦੋ ਸ਼ਬਦ ਮਹੱਤਵਪੂਰਣ ਹਨ ਇਕ ਸਮਾਜ ਦੂਜਾ ਵਿਗਿਆਨ। ਇਹ ਦੋਵੇਂ ਸੰਕਲਪ ਇੰਨੇ ਸਿੱਧੇ ਨਹੀਂ ਜਿਵੇਂ ਕਿ ਮੁੱਢਲੇ ਰੂਪ ਵਿਚ ਜਾਪਦੇ ਹਨ। ਹਰ ਇਕ ਸਕਾਲਰ, ਫ਼ਿਲਾਸਫ਼ਰ ਨੇ ਇਨ੍ਹਾਂ ਸੰਕਲਪਾਂ ਨੂੰ ਆਪਣੇ ਤੌਰ ਤੇ ਪਰਿਭਾਸ਼ਿਤ ਕੀਤਾ ਹੈ। ਇਹੀ ਕਾਰਣ ਹੈ ਕਿ ਸਮਾਜ ਵਿਗਿਆਨ ਦੀ ਕੋਈ ਇਕ Standardized ਪਰਿਭਾਸ਼ਾ ਨਹੀਂ ਮਿਲਦੀ। ਇਹ ਮਸਲਾ ਵਿਗਿਆਨ ਦੇ ਸੰਕਲਪ ਤੇ ਇੰਨਾ ਲਾਗੂ ਨਹੀਂ ਹੁੰਦਾ ਜਿੰਨਾ ਕਿ ਸਮਾਜ ਤੇ ਸਮਾਜ ਵਿਗਿਆਨ ਦੇ ਸੰਕਲਪ ਤੇ। ਆਉ ਕੁਝ ਸਮਾਜ ਵਿਗਿਆਨੀਆਂ ਦੁਆਰਾ ਦਿੱਤੀਆਂ ਸਮਾਜ ਵਿਗਿਆਨ ਦੀਆਂ ਪਰਿਭਾਸ਼ਾਵਾਂ ਤੇ ਨਜ਼ਰ ਮਾਰੀਏ :

**ਦੁਰਖੀਮ** (Durkheim) ਅਨੁਸਾਰ ''ਸਮਾਜ ਵਿਗਿਆਨ ਸੰਸਥਾਵਾਂ ਦਾ ਵਿਗਿਆਨ ਹੈ।''

**ਮੈਕਸ ਵੇਬਰ** (Max Weber) ਦਾ ਮੰਨਣਾ ਹੈ ਕਿ ''ਸਮਾਜ ਵਿਗਿਆਨ ਉਹ ਵਿਗਿਆਨ ਹੈ ਜੋ ਸਮਾਜਕ ਕ੍ਰਿਆਵਾਂ ਨੂੰ ਵਿਆਖਿਆਤਮਕ ਯੋਗ ਬਣਾਉਣ ਦਾ ਯਤਨ ਕਰਦਾ ਹੈ।''

**ਜੌਰਜ ਜਿਮਲ** (George Simmel) ਕਹਿੰਦਾ ਹੈ ਕਿ ''ਸਮਾਜ ਵਿਗਿਆਨ ਮਨੁੱਖ ਦੇ ਅੰਤਰ ਸੰਬੰਧਾਂ ਦੇ ਸਰੂਪਾਂ ਦਾ ਵਿਗਿਆਨ ਹੈ।''

**ਮੈਕਾਈਵਰ ਅਤੇ ਪੇਜ** (Maclver and Page), ''ਸਮਾਜ ਵਿਗਿਆਨ ਸਮਾਜਕ ਸੰਬੰਧਾਂ ਬਾਰੇ ਹੈ, ਸੰਬੰਧਾਂ ਦੇ ਜਾਲ ਨੂੰ ਅਸੀਂ ਸਮਾਜ ਕਹਿੰਦੇ ਹਾਂ।''

**ਹੈਰੀ.ਐਮ. ਜੌਨਸਨ** (H.M. Johnson) ਲਿਖਦਾ ਹੈ ਕਿ ''ਸਮਾਜ ਵਿਗਿਆਨ ਉਹ ਵਿਗਿਆਨ ਹੈ ਜੋ ਸਮਾਜਕ ਸਮੂੰਹਾਂ ਦਾ, ਉਨ੍ਹਾਂ ਦੇ ਅੰਤਰਿਕ ਰੂਪਾਂ ਅਤੇ ਸੰਗਠਨ ਦੀਆਂ ਵਿਧੀਆਂ, ਉਨ੍ਹਾਂ ਪ੍ਰਕ੍ਰਿਆਵਾਂ ਦਾ ਜੋ ਸੰਗਠਨ ਦੇ ਇਨ੍ਹਾਂ ਰੂਪਾਂ ਅਤੇ ਸਮੂੰਹਾਂ ਤੇ ਵਿਚਕਾਰ ਸੰਬੰਧਾਂ ਨੂੰ ਸਥਿਰ ਜਾਂ ਪਰਵਰਤਿਤ ਕਰਦੀਆਂ ਹਨ, ਦਾ ਵਰਣਨ ਕਰਦਾ ਹੈ।''

**ਗਿਨਜ਼ਬਰਗ** (Ginsberg) ਅਨੁਸਾਰ ''ਸਮਾਜ ਵਿਗਿਆਨ ਮਨੁੱਖ ਦੀਆਂ ਅੰਤਰ ਕ੍ਰਿਆਵਾਂ ਅਤੇ ਅੰਤਰ ਸੰਬੰਧਾਂ, ਉਨ੍ਹਾਂ ਦੇ ਕਾਰਣਾਂ ਅਤੇ ਪਰਿਣਾਮਾਂ ਦਾ ਅਧਿਐਨ ਹੈ।''

**ਗਿਡਿੰਗਜ਼** (Giddings) ''ਸਮਾਜ ਵਿਗਿਆਨ ਸਮੁੱਚੇ ਰੂਪ ਵਿਚ ਸਮਾਜ ਦਾ ਕ੍ਰਮ ਬੱਧ ਵਰਣਨ ਅਤੇ ਵਿਆਖਿਆ ਹੈ।''

ਉਪਰੋਕਤ ਪਰਿਭਾਸ਼ਾਵਾਂ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਸਮਾਜ ਵਿਗਿਆਨ ਆਪਣਾ ਅਧਿਐਨ ਮਨੁੱਖ ਦੇ ਸਮੂਹਿਕ ਜੀਵਨ ਅਤੇ ਉਨ੍ਹਾਂ ਦੀ ਸਮੂਹਿਕ ਰਹਿਣੀ ਬਹਿਣੀ ਦੀਆਂ ਉਪਜਾਂ ਉੱਤੇ ਕੇਂਦਰਿਤ ਕਰਦਾ ਹੈ। ਸਮਾਜ ਵਿਗਿਆਨੀ ਉਸ ਢੰਗ ਜਾਂ ਤਰੀਕੇ ਵਿਚ ਦਿਲਚਸਪੀ ਲੈਂਦੇ ਹਨ ਜਿਸ ਨਾਲ ਮਨੁੱਖੀ ਸਮੂੰਹ ਇਕ ਦੂਜੇ ਨਾਲ ਅੰਤਰ ਕ੍ਰਿਆ ਕਰਦੇ ਹਨ ਅਤੇ ਜਿਸ ਤਰੀਕੇ ਨਾਲ ਇਹ ਸਮੂੰਹ ਪ੍ਰਕ੍ਰਿਆਵਾਂ ਅਤੇ ਸੰਸਥਾਵਾਂ ਦਾ ਵਿਕਾਸ ਕਰਦੇ ਹਨ।

ਇਸ ਅਧਿਆਇ ਵਿਚ ਅਸੀਂ ਜ਼ਿਆਦਾ ਬਾਰੀਕੀਆਂ ਵਿਚ ਤਾਂ ਨਹੀਂ ਜਾ ਸਕਾਂਗੇ ਪਰ ਇਹ ਜਾਣਨਾ ਸਾਡੇ ਲਈ ਜ਼ਰੂਰੀ ਹੈ ਕਿ ਉਹ ਕਿਹੜੇ ਮੁੱਦੇ ਹਨ ਜਿਨ੍ਹਾਂ ਤੇ ਜ਼ਿਆਦਾਤਰ ਸਕਾਲਰਾਂ ਅਤੇ ਸਾਇੰਸਦਾਨਾਂ ਦੀ ਸਹਿਮਤੀ ਹੈ। ਭਾਵ ਇਹ ਕਿ ਉਹ ਮੁੱਦੇ ਜਿਨ੍ਹਾਂ ਤੇ ਕਿਸੇ ਨੂੰ ਕੋਈ ਇਤਰਾਜ ਨਹੀਂ। ਪਹਿਲਾਂ ਅਸੀਂ ਵੇਖਾਂਗੇ ਕਿ ਸਾਇੰਸ ਕੀ ਹੈ ? ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਅਜੋਕੇ ਸਮਿਆਂ ਵਿਚ ਸਾਇੰਸ ਦਾ ਬੋਲਬਾਲਾ ਇੰਨਾ ਪ੍ਰਬਲ ਹੈ ਕਿ ਦੁਨੀਆਂ ਦੇ ਹਰ ਤੱਥ ਨੂੰ ਘੋਖਣ ਲਈ ਸਾਇੰਸ ਦੀ ਕਸਵੱਟੀ ਤੇ ਹੀ ਪਰਖਿਆ ਜਾਂਦਾ ਹੈ। ਸਾਇੰਸ ਇਕ ਅਜਿਹੀ ਆਧੁਨਿਕ ਵਿਧੀ ਹੈ ਜੋ ਕੇਵਲ ਤੱਥਾਂ ਤੇ ਹੀ ਆਧਾਰਿਤ ਹੈ। ਤੱਥ ਵੀ ਅਜਿਹੇ ਜਿਹੜੇ ਅੱਖੀਂ ਵੇਖੇ ਜਾ ਸਕਣ ਅਤੇ ਦੂਜਿਆਂ ਨੂੰ ਵਿਖਾਏ ਜਾ ਸਕਣ। ਜੇ ਕੋਈ ਕਹਿ ਰਿਹਾ ਹੋਵੇ ਕਿ ਸੂਰਜ ਬੜਾ ਤੇਜ਼ ਚਮਕ ਰਿਹਾ ਹੈ ਅਤੇ ਗਰਮੀ ਬਹੁਤੀ ਪੈ ਰਹੀ ਹੈ ਤਾਂ ਇਹ ਤੱਥ ਕਹਿਣ ਵਾਲੇ ਦੀ ਨਿੱਜੀ ਭਾਵਨਾ (Subjective feeling) ਵੀ ਹੋ ਸਕਦੀ ਹੈ। ਪਰ ਇਸ ਤੱਥ ਦੀ ਘੋਖ ਅਸੀਂ ਥਰਮਾਮੀਟਰ ਰਾਹੀਂ ਤਾਪਮਾਨ ਨੂੰ ਨਾਪ ਕੇ ਕਰ ਸਕਦੇ ਹਾਂ ਅਤੇ ਦੂਜਿਆਂ ਨੂੰ ਵਿਖਾ ਵੀ ਸਕਦੇ ਹਾਂ। ਇਸ ਤਰ੍ਹਾਂ ਤਾਂ ਅਕਸਰ ਹੀ ਹੁੰਦਾ ਹੈ ਕਿ ਬੱਚੇ ਨੂੰ ਬੁਖਾਰ ਹੁੰਦਾ ਹੈ ਜਿਸ ਦਾ ਅੰਦਾਜ਼ਾ ਬੱਚਾ ਤਾਂ ਨਹੀਂ ਲਗਾਉਂਦਾ ਪਰ ਡਾਕਟਰ ਥਰਮਾਮੀਟਰ ਲਗਾ ਕੇ ਇਹ ਵਿਖਾ ਦਿੰਦਾ ਹੈ ਕਿ ਬੁਖਾਰ ਦੀ ਦਰ ਕਿੰਨੀ ਹੈ ਅਤੇ ਉਸਦਾ ਢੁੱਕਵਾਂ ਇਲਾਜ ਕੀ ਹੋਵੇਗਾ ? ਇਸ ਕਿਰਿਆ ਨੂੰ ਅਸੀਂ ਬਾਹਰਮੁੱਖਤਾ (objectivity) ਵੀ ਕਹਿੰਦੇ ਹਾਂ। ਭਾਵ ਇਹ ਕਿ ਅਜਿਹੇ ਤੱਥ ਇਕ ਜਾਂ ਦੋ ਬੰਦਿਆਂ ਦੀ ਸੋਚਣੀ ਜਾਂ ਵੇਖਣੀ ਤੇ ਆਧਾਰਿਤ ਨਹੀਂ ਬਲਕਿ ਕਿਸੇ ਤੀਸਰੇ ਚੌਥੇ ਬੰਦੇ ਨੂੰ ਵੀ ਉਸੇ ਤਰ੍ਹਾਂ ਨਜ਼ਰ ਆਵੇਗਾ। ਇਸ ਦੇ ਉਲਟ ਬਹੁਤ ਸਾਰੇ ਮਨੁੱਖੀ ਤਜ਼ਰਬੇ (human experiences)

ਅਜਿਹੇ ਹਨ ਜਿਨ੍ਹਾਂ ਨੂੰ ਮਾਪਣਾ-ਤੋਲਣਾ ਔਖਾ ਹੈ। ਕਿਸੇ ਨੂੰ ਰੱਬ ਦੇ ਦਰਸ਼ਨ ਹੋ ਜਾਂਦੇ ਹਨ ਉਸ ਦੀ ਅਥਾਹ ਖੁਸ਼ੀ ਤੇ ਆਨੰਦ ਦਾ ਅੰਦਾਜ਼ਾ ਲਗਾਉਣਾ ਔਖਾ ਹੈ। ਇਹ purely subjective feeling ਹੈ ਫੇਰ ਵੀ ਸਹੀ ਮਾਪ ਦੰਡਾਂ ਨਾਲ ਮਾਪਿਆ ਜਾ ਸਕੇ ਇਹ ਸਾਇੰਸ ਦੀ ਕੋਸ਼ਿਸ਼ ਹੈ ਪਰ ਪੂਰਣ ਸਫ਼ਲਤਾ ਔਖੀ ਹੈ। ਇਸੇ ਕਰਕੇ ਮਨੁੱਖੀ ਵਰਤਾਵੇ ਨਾਲ ਜੁੜੀਆਂ ਵਿੱਦਿਅਕ ਵਿਧੀਆਂ ਕੁਦਰਤੀ ਪਰਪੰਚਾ ਦੀਆਂ ਵਿੱਦਿਅਕ ਵਿਧੀਆਂ (study systems) ਨਾਲੋਂ ਵੱਖਰੀਆਂ ਹਨ।

ਵਿਗਿਆਨਕ ਤੱਥਾਂ ਦੀ ਘੋਖ ਤਰਕ ਤੇ ਆਧਾਰਿਤ ਹੁੰਦੀ ਹੈ। ਕਿਸੇ ਤੱਥ ਨੂੰ ਸੱਚ ਤਾਂ ਹੀ ਮੰਨਿਆ ਜਾਂਦਾ ਹੈ ਜੇ ਤਰਕ (reason) ਰਾਹੀਂ ਉਸ ਨੂੰ ਸਾਬਤ ਕੀਤਾ ਜਾਵੇ ਯਾਨੀ ਕਿ ਅਜਿਹੇ ਸਬੂਤ ਪੇਸ਼ ਕੀਤੇ ਜਾਣ ਜਿਨ੍ਹਾਂ ਨੂੰ ਨਕਾਰਨਾ ਸੰਭਵ ਨਾ ਹੋਵੇ। ਇਸ ਦਾ ਮਤਲਬ ਇਹ ਹੈ ਕਿ ਅਸੀਂ ਕਿਸੇ ਪਰਪੰਚ ਨੂੰ ਉਸ ਦੇ ਅੱਡ ਅੱਡ ਹਿੱਸਿਆਂ (constituents) ਵਿਚ ਵੰਡਦੇ ਹਾਂ ਫੇਰ ਇਕ ਇਕ ਦੋ ਦੋ ਕਰਕੇ ਉਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਜਾਣਕਾਰੀ ਹਾਸਲ ਕਰਦੇ ਹਾਂ ਅਤੇ ਹਮੇਸ਼ਾਂ ਕੋਸ਼ਿਸ਼ ਕਰਦੇ ਹਾਂ ਕਿ ਇਹ ਵੇਖ ਅਤੇ ਵਿਖਾ ਸਕੀਏ ਕਿ ਇਕ ਚਰ (Variable) ਵਿਸਲੇਸ਼ਣਾਤਮਕ ਦੂਜੇ ਦਾ ਕਾਰਕ ਹੈ ਭਾਵ (x) ਕਾਰਕ ਹੈ ਤੇ (y) ਉਸ ਦਾ ਨਤੀਜਾ। ਉਦਾਹਰਣ ਵਜੋਂ ਜੇ ਕਿਸੇ ਨੂੰ ਬੁਖ਼ਾਰ ਹੋ ਗਿਆ ਤਾਂ ਕਲੀਨੀਕਲ ਲੈਬਾਰਟਰੀ ਜਾ ਕੇ ਖ਼ੂਨ ਟੈਸਟ ਕਰਕੇ ਅਸੀਂ ਇਹ ਪਤਾ ਲਾਉਣਾ ਚਾਹਾਂਗੇ ਕਿ Infection ਕਿਹੜੀ ਬੀਮਾਰੀ ਦੀ ਹੈ। ਮਲੇਰੀਆ ਟਾਈਫੈਡ ਜਾਂ ਕੋਈ ਹੋਰ। ਜੇ ਮਲੇਰਿਅਨ ਪੈਰਾਸਾਈਟਜ਼ ਸਾਹਮਣੇ ਆਏ ਤਾਂ ਕਲੋਰੋਕੁਈਨ ਦਿੱਤੀ ਜਾਵੇਗੀ ਜੋ ਪੈਰਾਸਾਈਟਜ਼ ਨੂੰ ਮਾਰ ਮੁਕਾਏਗੀ ਅਤੇ ਬੁਖਾਰ ਉਤਰ ਜਾਵੇਗਾ। ਅਜਿਹੀ ਵਿਸਲੇਸ਼ਣਾਤਮਕ (analytical) ਵਿਧੀ ਵਿਚ ਅਸੀਂ ਮਰੀਜ਼ ਦੀ Subjective feeling ਤੇ ਭਰੋਸਾ ਨਹੀਂ ਕਰਦੇ ਕਿ ਬੁਖਾਰ ਹੌਲੀ ਚੜ੍ਹਿਆ ਸੀ ਜਾਂ ਤੇਜ਼ੀ ਨਾਲ, ਕਾਂਬੇ ਨਾਲ ਚੜ੍ਹਿਆ ਸੀ ਜਾਂ ਬਿਨਾਂ ਕਾਂਬੇ ਤੋਂ, ਪਰ ਅਸੀਂ ਮਰੀਜ਼ ਦੇ ਖ਼ੂਨ ਦਾ ਕਲੀਨੀਕਲ ਟੈਸਟ ਕਰਕੇ ਇਹ ਸਾਬਤ (confirm) ਕਰਨਾ ਚਾਹੁੰਦੇ ਹਾਂ ਕਿ ਬੁਖਾਰ ਦਾ ਕਾਰਣ ਕੀ ਹੈ ?

ਹੁਣ ਵਾਰੀ ਹੈ ਸਮਾਜ ਦੇ ਸੰਕਲਪ ਦੀ। ਇਸ ਵਿਚ ਕਿਸੇ ਨੂੰ ਵੀ ਕੋਈ ਸ਼ੱਕ ਜਾਂ ਇਤਰਾਜ ਨਹੀਂ ਕਿ ਮਨੁੱਖਾਂ ਦੇ ਇਕੱਠੇ ਰਹਿਣ ਨੂੰ ਜਿਸ ਵਿਚ ਇਕ ਖ਼ਾਸ ਕਿਸਮ ਦੀਆਂ ਕਦਰਾਂ ਕੀਮਤਾਂ ਅਤੇ ਰਿਸ਼ਤੇ ਨਾਤੇ ਹੁੰਦੇ ਹਨ ਜਿਹੜੇ ਲੋਕਾਂ ਨੂੰ ਆਪਸ ਵਿਚ ਸਥਾਈ ਰੂਪ ਵਿਚ ਬੰਨ੍ਹ ਕੇ ਰੱਖਦੇ ਹਨ, ਉਸ ਨੂੰ ਅਸੀਂ ਸਮਾਜ ਦਾ ਨਾਂ ਦਿੰਦੇ ਹਾਂ। ਭਾਵ ਇਹ ਕਿ ਸਮਾਜ ਇਕ ਅਜਿਹੀ ਇਕਾਈ ਹੈ ਜਿਸ ਵਿਚ ਮਨੁੱਖਾਂ ਦੇ ਇਕੱਠੇ ਰਹਿਣਾ, ਆਪਸ ਵਿਚ ਲੈਣ-ਦੇਣ ਦੇ ਸੰਬੰਧਾਂ ਦਾ ਹੋਣਾ, ਰਹਿਣ-ਸਹਿਣ ਹੋਣਾ ਲਾਜ਼ਮੀ ਹਨ। ਇਹ ਸਮਾਜ ਆਧੁਨਿਕ (modern) ਜਾਂ ਪੁਰਾਤਨ (traditional/primitive) ਛੋਟੇ ਜਾਂ ਵੱਡੇ, ਸਥਾਈ (settled) ਜਾਂ ਅਸਥਾਈ (nomadic), ਸ਼ਹਿਰੀ (urban) ਜਾਂ ਪੇਂਡੂ (rural) ਹੋ ਸਕਦੇ ਹਨ ਪਰ ਇਨ੍ਹਾਂ ਸਾਰਿਆਂ ਵਿਚ ਉਪਰ ਲਿਖੇ ਲੱਛਣ ਜ਼ਰੂਰ ਸਾਂਝੇ ਹੁੰਦੇ ਹਨ।

ਅਜੋਕੇ ਵਿਗਿਆਨਕ ਦੌਰ ਵਿਚ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਮਨੁੱਖੀ ਸਮਾਜ ਦਾ ਵਿਗਿਆਨਕ ਅਧਿਐਨ ਕਰੀਏ। ਇਹ ਹੋਂਦ ਵਿਚ ਕਿਵੇਂ ਆਇਆ ? ਇਸ ਦੀ ਸਰੰਚਨਾ ਕਿਵੇਂ ਦੀ ਹੈ ? ਇਸ ਦੀਆਂ ਸੰਸਥਾਵਾਂ ਕਿਹੋ ਜਿਹੀਆਂ ਹਨ ? ਇਸ ਦਾ ਕਾਰ-ਗੁਜਾਰ ਕਿਵੇਂ ਚਲਦਾ ਹੈ ? ਇਸ ਵਿਚ ਤਬਦੀਲੀ ਕਿਵੇਂ ਅਤੇ ਕਿਉਂ ਆਉਂਦੀ ਹੈ ? ਇਹ ਸਾਰੇ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਜਾਣਨਾ ਸਾਡੇ ਵਾਸਤੇ ਬਹੁਤ ਜ਼ਰੂਰੀ ਹੋ ਗਿਆ ਹੈ। ਅਸੀਂ ਆਪਣੇ ਸਮਾਜ ਨੂੰ ਹੋਰ ਵਧੀਆ ਤਾਂ ਹੀ ਬਣਾ ਸਕਾਂਗੇ ਜੇ ਅਸੀਂ ਪਹਿਲਾਂ ਇਸ ਦੀ ਬਣਤਰ, ਇਸ ਦੀ ਸਰੰਚਨਾ ਨੂੰ ਚੰਗੇ ਤਰੀਕੇ ਨਾਲ ਸਮਝਾਂਗੇ, ਇਸ ਦੀਆਂ ਤਰੁੱਟੀਆਂ ਤਾਂ ਹੀ ਦੂਰ ਕਰ ਸਕਾਂਗੇ ਜੇ ਅਸੀਂ ਪਹਿਲਾਂ ਇਹ ਸਮਝਾਂਗੇ ਕਿ ਕਿਸ ਕਿਸਮ ਦੀਆਂ ਤਰੁੱਟੀਆਂ ਕਿੱਥੇ ਹਨ।

ਵੈਸੇ ਤਾਂ ਇਨਸਾਨ ਸ਼ੁਰੂ ਤੋਂ ਹੀ ਸਮਾਜ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਆਇਆ ਹੈ ਅਤੇ ਸਾਰੇ ਪੀਰ ਪੈਗੰਬਰ, ਰਿਸ਼ੀ-ਮੁਨੀ, ਸੰਤ-ਮਹਾਤਮਾ, ਸਕਾਲਰ-ਫ਼ਿਲਾਸਫ਼ਰ ਵੇਲੇ ਕੁਵੇਲੇ ਨਸੀਹਤਾਂ ਦਿੰਦੇ ਆਏ ਹਨ ਕਿ ਮਨੁੱਖੀ ਸਮਾਜ

ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਇਸ ਵਿਚ ਵਿਚਰਦੇ ਇਨਸਾਨਾਂ ਨੂੰ ਕੀ-ਕੀ ਕਰਨਾ ਚਾਹੀਦਾ ਹੈ ? ਪਰ ਅੱਜਕਲ੍ਹ ਦੇ ਦੌਰ ਵਿਚ ਜਦੋਂ ਸਮਾਜਾਂ ਦਾ ਫੈਲਾਅ ਇੰਨਾਂ ਜ਼ਿਆਦਾ ਅਤੇ ਇੰਨਾਂ ਕਰੀਬੀ ਹੋ ਗਿਆ ਹੈ (ਆਵਾਜਾਈ ਅਤੇ ਦੂਰ ਸੰਚਾਰ ਦੇ ਸਾਧਨਾਂ ਦੀ ਬੇ-ਪਨਾਹ ਤਰੱਕੀ ਇਸ ਲਈ ਜ਼ਿੰਮੇਵਾਰ ਹੈ), ਲੋਕ ਆਪਣੇ ਜੱਦੀ ਸਮਾਜ ਛੱਡ ਕੇ ਦੂਰ ਦਰਾਡੇ ਓਪਰੇ ਸਮਾਜਾਂ ਵਿਚ ਜਾ ਕੇ ਰਹਿਣ ਲੱਗ ਪੈਣ ਤਾਂ ਮਨੁੱਖੀ ਸਮਾਜ ਵਿਚ ਟਕਰਾਅ ਦੇ ਅਸਾਰ ਵੀ ਵੱਧ ਜਾਂਦੇ ਹਨ। ਇਹੋ ਕਾਰਣ ਹਨ ਕਿ ਸਮਾਜ ਦੀ ਵਿਗਿਆਨਕ ਵਿਧੀ ਨਾਲ ਸਮਝ ਨੂੰ ਵਧਾਇਆ ਜਾਵੇ ਤਾਂ ਜੋ ਟਕਰਾਵਾਂ ਤੋਂ ਬੱਚਕੇ ਸੁਖਾਵਾਂ ਮਾਹੌਲ ਪੈਦਾ ਕਰ ਸਕੀਏ। ਇਹ ਵੇਖਣ ਵਿਚ ਆਇਆ ਹੈ ਕਿ ਅਜਿਹੀ ਵਿਗਿਆਨਕ ਵਿਧੀ ਨਾਲ ਸਮਾਜ ਦੇ ਅਧਿਐਨ ਨੇ ਜ਼ੋਰ ਦੂਸਰੇ ਵਿਸ਼ਵ ਯੁੱਧ ਦੇ ਬਾਅਦ ਫੜਿਆ ਜਿਸ ਵਿਚ ਅਥਾਹ ਜ਼ੁਲਮ ਹੋਇਆ ਅਤੇ ਕਰੋੜਾਂ ਜਾਨਾਂ ਗਈਆਂ।

### 1.1.3 ਸਮਾਜ ਵਿਗਿਆਨ ਅਤੇ ਇਸ ਦੇ ਮੋਢੀ

ਸਾਇੰਸ ਅਤੇ ਤਕਨੋਲੋਜੀ ਦੇ ਅਵਿਸ਼ਕਾਰਾਂ ਨੇ ਜੋ ਉੱਥਲ-ਪੁੱਥਲ ਮਨੁੱਖੀ ਸਮਾਜ ਵਿਚ ਪੈਦਾ ਕੀਤੀ ਉਸ ਨੂੰ ਸਮਾਜ ਸ਼ਾਸ਼ਤਰੀਆਂ ਨੇ ਉਨ੍ਹੀਵੀਂ ਸਦੀ ਦੇ ਅਰੰਭ ਤੋਂ ਹੀ ਸਮਝਣਾ ਸ਼ੁਰੂ ਕਰ ਦਿੱਤਾ ਸੀ। ਇਹੋ ਸਮਾਂ ਸੀ ਜਦੋਂ ਸਮਾਜ ਵਿਗਿਆਨ ਦੀ ਉਤਪਤੀ ਵੀ ਹੋਈ। **ਅਗਸਤ ਕਾਮਤੈ ਫਰਾਂਸ** ਦੇ ਰਹਿਣ ਵਾਲਾ ਪਹਿਲਾ ਵਿਅਕਤੀ ਸੀ ਜਿਸ ਨੇ ਇਸ ਵਿਸ਼ੇ ਦਾ ਨਾਂ ਦਿੱਤਾ। ਪਹਿਲਾਂ ਉਸ ਨੇ ਸੋਸ਼ਲ ਫਜ਼ਿਕਸ (Social physics) ਦਾ ਨਾਂ ਦਿੱਤਾ ਪਰ ਬਾਅਦ ਵਿਚ ਬਦਲ ਕੇ Sociology ਯਾਨੀ ਸਮਾਜ ਵਿਗਿਆਨ ਰੱਖਿਆ। ਉਸ ਨੇ ਇਸ ਸ਼ਬਦ ਦੀ ਵਰਤੋਂ ਆਪਣੀ ਕਿਤਾਬ 'ਪੋਜ਼ੇਟਿਵ ਫ਼ਿਲਾਸਫ਼ੀ' (Positive Philosophy) ਜੋ 1839 ਈ. ਵਿਚ ਛਪੀ, ਵਿੱਚ ਕੀਤੀ। **ਅਗਸਤ ਕਾਮਤੈ** ਮੁਤਾਬਿਕ ਇਹ ਵਿਸ਼ਾ ਸਮਾਜ ਦਾ ਵਿਗਿਆਨਕ ਵਿਧੀ ਨਾਲ ਅਧਿਐਨ ਕਰੇਗਾ। ਜਿਸ ਵਿਚ ਉਹ ਸਾਰੇ ਲੱਛਣ ਮੌਜੂਦ ਹਨ ਜੋ ਇਕ ਆਧੁਨਿਕ ਵਿਗਿਆਨਕ ਵਿਸ਼ੇ ਵਿਚ ਹੁੰਦੇ ਹਨ। ਇਹ ਵਿਸ਼ਾ ਕੇਵਲ ਉਨ੍ਹਾਂ ਸਮਾਜਕ ਤੱਥਾਂ ਦਾ ਅਧਿਐਨ ਕਰੇਗਾ ਜਿਨ੍ਹਾਂ ਨੂੰ ਵਾਚਿਆ ਅਤੇ ਜਾਂਚਿਆ ਜਾ ਸਕੇ । ਉਨ੍ਹਾਂ ਵਿਚਲੇ ਸੰਬੰਧਾਂ ਨੂੰ ਕਾਰਕ-ਨਤੀਜੇ (cause-effect) ਵਜੋਂ ਦਰਸਾਇਆ ਜਾ ਸਕੇ ਅਤੇ ਜਿਨ੍ਹਾਂ ਨੂੰ ਉਪਲਬੱਧ ਮਾਪਦੰਡਾਂ ਦੇ ਨਾਲ ਨਾਪਿਆ-ਤੋਲਿਆ ਜਾ ਸਕੇ। ਜਿਨ੍ਹਾਂ ਨੂੰ ਅਸੀਂ ਭਰੋਸੇਮੰਦ ਅਤੇ ਪ੍ਰਮਾਣਕਤਾ (reliability and validity) ਦਾ ਮਸਲਾ ਵੀ ਆਖਦੇ ਹਾਂ। ਇਕ ਤਕਰੀਰ (statement) ਕਿੰਨੀ ਕੁ ਵਿਗਿਆਨਕ ਹੈ ਉਸ ਦਾ ਅੰਦਾਜ਼ਾ ਉਸ ਦੀ ਭਰੋਸੇਬੰਦੀ (reliability) ਅਤੇ ਪ੍ਰਮਾਣਕਤਾ (Validity) ਦੇ ਆਧਾਰ ਤੇ ਕਰ ਸਕਦੇ ਹਾਂ। ਜਿਸ ਤਰ੍ਹਾਂ ਆਧੁਨਿਕ ਵਿਗਿਆਨਕ ਵਿਧੀ ਵਿਚ ਪ੍ਰਯੋਗਆਤਮਕਤਾ (experiment) ਦਾ ਬਹੁਤ ਮਹੱਤਵ ਹੈ, ਖ਼ਾਸ ਤੌਰ ਤੇ ਭੌਤਿਕ (physical) ਵਿਗਿਆਨਾਂ ਵਿਚ, **ਕੌਂਤ** ਨੇ ਵੀ ਉਸ ਦਾ ਬਦਲ (alternative) ਤੁਲਨਾਤਮਕ ਵਿਧੀ (comparative method) ਵਿਚ ਲੱਭਿਆ ਕਿਉਂਕਿ ਸਮਾਜਕ ਵਿਸ਼ਿਆਂ ਵਿਚ ਉਸ ਕਿਸਮ ਦੇ ਤਜ਼ਰਬੇ (experiment) ਮੁਮਕਿਨ ਨਹੀਂ ਹੁੰਦੇ । **ਕੌਂਤ** ਦੀਆਂ ਇਨ੍ਹਾਂ ਦੇਣਾਂ ਕਰਕੇ ਹੀ ਅਸੀਂ ਉਸ ਨੂੰ ਸਮਾਜ ਵਿਗਿਆਨ ਦਾ ਪਿਤਾ (founding father) ਮੰਨਦੇ ਹਾਂ।

ਉਨ੍ਹੀਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਯੂਰਪ ਵਿਚ ਅਤੇ ਖ਼ਾਸ ਤੌਰ ਤੇ ਜਰਮਨੀ ਵਿਚ ਇਹ ਬਹਿਸ ਕਾਫ਼ੀ ਜ਼ੋਰਾਂ ਤੇ ਸੀ ਕਿ ਮਨੁੱਖੀ ਸਮਾਜ ਨਾਲ ਜੁੜੇ ਵਿਸ਼ਿਆਂ (disciplines) ਨੂੰ ਅਸੀਂ ਵਿਗਿਆਨਕ ਕਹਿ ਸਕਦੇ ਹਾਂ ਜਾਂ ਨਹੀਂ। ਬਹੁਤੇ ਫ਼ਿਲਾਸਫ਼ਰ ਅਤੇ ਵਿਗਿਆਨੀ ਇਸ ਮੱਤ ਦੇ ਸਨ ਕਿ ਇਨ੍ਹਾਂ ਵਿਸ਼ਿਆਂ ਨੂੰ ਵਿਗਿਆਨਕ ਹੋਣ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਆਧੁਨਿਕ ਵਿਗਿਆਨਕ ਵਿਧੀ ਦੀ ਕਸੌਟੀ ਤੇ ਸਹੀ ਨਹੀਂ ਉਤਰਦੇ। ਇਨ੍ਹਾਂ ਵਿਸ਼ਿਆਂ ਵਿਚ ਓਨੀ ਬਾਰੀਕੀ (precision) ਨਹੀਂ ਆ ਸਕਦੀ ਜਿੰਨੀ ਕਿ ਭੌਤਿਕ ਵਿਗਿਆਨਾਂ (physical sciences) ਵਿਚ ਹੁੰਦੀ ਹੈ। ਇਸ ਕਰਕੇ ਸਮਾਜਕ ਵਿਸ਼ਿਆਂ ਨੂੰ arts ਜਾਂ humanities ਕਹਿਣਾ ਚਾਹੀਦਾ ਹੈ। ਇਹੋ ਬਹਿਸਾਂ ਸਨ ਜਿਨ੍ਹਾਂ ਨੇ ਸਮਾਜ ਵਿਗਿਆਨ ਦੇ ਮੋਢੀਆਂ ਨੂੰ ਪ੍ਰੇ

ਰਿਤ ਅਤੇ ਇਕ ਪੱਖੋਂ ਮਜ਼ਬੂਰ ਕੀਤਾ ਕਿ ਉਹ ਅਜਿਹੀਆਂ ਵਿਧੀਆਂ ਅਪਣਾਉਣ ਤਾਂ ਜੋ ਆਪਣੇ ਵਿਸ਼ੇ ਨੂੰ ਵੀ ਵਿਗਿਆਨ ਦਾ ਦਰਜਾ ਦਵਾ ਸਕਣ।

**ਏਮਾਈਲ ਦੁਰਖੀਮ** ਵੀ ਅਜਿਹਾ ਫ਼ਰਾਂਸੀਸੀ ਸੀ ਜਿਸ ਨੇ **ਕਾਮਤੈ** ਦੇ ਲਾਏ ਬੂਟੇ ਦੀ ਸੇਵਾ ਕੀਤੀ ਅਤੇ ਇਸ ਨੂੰ ਵੱਡਾ ਕਰਨ ਦਾ ਯਤਨ ਕੀਤਾ। ਉਸ ਨੇ ਪਹਿਲਾ ਕੰਮ ਇਹ ਕੀਤਾ ਕਿ ਸਮਾਜ ਵਿਗਿਆਨ ਦੇ ਵਿਸ਼ੇ ਵਸਤੂ (subject matter) ਨੂੰ ਪਰਿਭਾਸ਼ਤ ਕੀਤਾ। ਉਹ ਕਿਹੜੇ ਤੱਥ ਹਨ ਜਿਹੜੇ ਸਮਾਜ ਵਿਗਿਆਨ ਦੇ ਅਧਿਐਨ ਖੇਤਰ ਵਿਚ ਆਉਂਦੇ ਹਨ ? ਉਨ੍ਹਾਂ ਦੇ ਕੀ ਲੱਛਣ ਹਨ ? ਉਨ੍ਹਾਂ ਦਾ ਸੁਭਾਅ ਕਿਹੋ ਜਿਹਾ ਹੈ ਅਤੇ ਅਸੀਂ ਉਨ੍ਹਾਂ ਦਾ ਵਿਗਿਆਨਕ ਅਧਿਐਨ ਕਿਵੇਂ ਕਰਨਾ ਹੈ ? ਉਸ ਦੀ ਪਹਿਲੀ ਕਿਤਾਬ The Rules of Sociological Method ਦਾ ਮੁੱਖ ਵਿਸ਼ਾ ਹੀ ਇਹੋ ਹੈ। ਇਸ ਤੋਂ ਬਾਅਦ ਉਸ ਨੇ ਤਿੰਨ ਹੋਰ ਮਹੱਤਵਪੂਰਣ ਕਿਤਾਬਾਂ ਸੋਸ਼ਲ ਡਿਵੀਜਨ ਆਫ਼ ਲੇਬਰ, ਸੁਈਸਾਈਡ ਅਤੇ ਐਲੀਮੈਂਟਰੀ ਫਾਰਮ ਆਫ ਰਲੀਜੀਅਸ ਲਾਈਫ਼ ਰਚੀਆਂ ਜਿਨ੍ਹਾਂ ਦਾ ਵਿਸ਼ਾ ਸਮਾਜਕ ਪਰਿਸਥਿਤੀਆਂ ਜਾਂ ਸਮਾਜਕ ਸਮੱਸਿਆਵਾਂ (problems) ਨਾਲ ਜੁੜਿਆ ਹੋਇਆ ਹੈ। ਉਸ ਨੇ 'ਆਤਮ ਹੱਤਿਆ' ਦਾ ਅਧਿਐਨ ਕਰਕੇ ਇਹ ਵਿਆਖਿਆ ਕੀਤੀ ਕਿ ਇਹ ਵਿਸ਼ਾ ਮਨੋਵਿਗਿਆਨਕ ਨਹੀਂ ਬਲਕਿ ਸਮਾਜ ਵਿਗਿਆਨਕ ਹੈ। ਉਸ ਦੀਆਂ ਇੰਨਾਂ ਦੇਣਾਂ ਸਦਕੇ ਹੀ ਇਹ ਸੰਭਵ ਹੋ ਸਕਿਆ ਕਿ ਉਨੀਵੀਂ ਸਦੀ ਦੇ ਆਖਰੀ ਦਹਾਕੇ ਵਿਚ ਫਰਾਂਸ ਦੀ ਨਾਮੀ ਯੂਨੀਵਰਸਿਟੀ ਵਿਚ ਸਮਾਜ ਵਿਗਿਆਨ ਦੇ ਵਿਸ਼ੇ ਦੀ ਸਥਾਪਨਾ ਹੋਈ। ਉਸ ਦਿਨ ਤੋਂ ਲੈ ਕੇ ਅੱਜ ਤੱਕ ਦੇ ਕਰੀਬ ਪੌਣੇ ਦੋ ਸੌ ਸਾਲਾਂ ਦੌਰਾਨ ਇਸ ਵਿਸ਼ੇ ਨੇ ਇੰਨੀ ਤਰੱਕੀ ਕੀਤੀ ਕਿ ਮਨੁੱਖੀ ਸਮਾਜ ਦਾ ਸ਼ਾਇਦ ਹੀ ਕੋਈ ਅਜਿਹਾ ਪਹਿਲੂ ਹੋਵੇ ਜਿਸ ਦੀ ਘੋਖ ਸਮਾਜ ਵਿਗਿਆਨ ਨਾ ਕਰਦਾ ਹੋਵੇ।

ਸਮਾਜ ਵਿਗਿਆਨ ਦੀ ਉਤਪਤੀ ਵਿਚ ਜਰਮਨੀ ਵੀ ਫ਼ਰਾਂਸ ਤੋਂ ਪਿੱਛੇ ਨਹੀਂ ਰਿਹਾ। ਜੇ **ਕਾਮਤੈ** ਨੂੰ ਸਮਾਜ ਵਿਗਿਆਨ ਦਾ ਪਿਤਾ ਕਿਹਾ ਜਾਂਦਾ ਹੈ ਤਾਂ ਜਰਮਨ ਦੇ **ਮੈਕਸ ਵੇਬਰ** ਨੂੰ ਆਧੁਨਿਕ ਸਮਾਜ ਵਿਗਿਆਨ ਦਾ ਪਿਤਾ ਕਿਹਾ ਜਾਂਦਾ ਹੈ। **ਵੇਬਰ** ਨੇ ਸਮਾਜ ਵਿਗਿਆਨ ਨੂੰ ਨਵੀਂ ਪਰਿਭਾਸ਼ਾ ਦਿੱਤੀ ਜਿਸ ਦਾ ਆਧਾਰ ਸਮੂੰਹ ਤੇ ਆਧਾਰਿਤ ਅਧਿਐਨ ਵਿਸ਼ੇ ਦੇ ਬਜਾਏ ਇਕ ਵਿਅਕਤੀ ਦਾ ਸਮਾਜਕ ਕਾਰਜ (Individual's Social Action) ਸੀ। ਭਾਵ ਇਹ ਕਿ ਦੁਰਖੀਮ ਦਾ ਸਮਾਜ ਵਿਗਿਆਨ ਕੇਵਲ ਸਮੂੰਹਾਂ ਦਾ ਅਧਿਐਨ ਕਰਦਾ ਸੀ ਅਤੇ ਵੇਬਰ ਦਾ ਸਮਾਜ ਵਿਗਿਆਨ ਵਿਅਕਤੀ ਦੇ ਸਮਾਜਕ ਕਾਰਜ (action) ਦਾ। ਸਮਾਜ ਵਿਗਿਆਨ ਦੇ ਅਧਿਐਨ ਵਿਸ਼ੇ ਦੇ ਖੇਤਰ ਵਿਚ ਇਹ ਇਕ ਵੱਡੀ ਤਬਦੀਲੀ ਸੀ ਜਿਸ ਨੇ ਇਸ ਵਿਗਿਆਨ ਦੀਆਂ ਕਈ ਸਾਰੀਆਂ ਨਵੀਆਂ ਬਰਾਂਚਾਂ ਨੂੰ ਜਨਮ ਦਿੱਤਾ।

**ਵੇਬਰ** ਨੇ ਕੇਵਲ ਨਵੀਂ ਪਰਿਭਾਸ਼ਾ ਹੀ ਨਹੀਂ ਦਿੱਤੀ ਸਗੋਂ ਨਵੀਆਂ ਵਿਧੀਆਂ ਵੀ ਦੱਸੀਆਂ ਜਿਹੜੀਆਂ ਸਮਾਜਕ ਵਿਗਿਆਨ ਦੇ ਵਿਸ਼ੇ ਵਸਤੂ (subject matter) ਨੂੰ ਵਿਗਿਆਨਕ ਤਰੀਕੇ ਨਾਲ ਘੋਖ ਸਕਦੀਆਂ ਹਨ। ਇਨ੍ਹਾਂ ਵਿਧੀਆਂ ਵਿਚ ਪ੍ਰਮੁੱਖ ਆਮਦਨ ਨਮੂਨੇ (Ideal type) ਹੈ ਜਿਹੜੀ ਸਮਾਜਿਕ ਵਿਸ਼ਿਆਂ ਨੂੰ ਸਮੁੱਚੇ ਰੂਪ ਵਿਚ (holistically) ਅਧਿਐਨ ਕਰਦੀ ਹੈ। ਇਸ ਤੋਂ ਇਲਾਵਾ ਸਮਾਜ ਵਿਗਿਆਨ ਦੇ ਹੋਰ ਕੀ-ਕੀ ਲੱਛਣ ਹੋਣੇ ਚਾਹੀਦੇ ਹਨ ਇਨ੍ਹਾਂ ਦੀ ਵਿਆਖਿਆ ਵੀ **ਵੇਬਰ** ਨੇ ਕੀਤੀ ਜਿਹੜੀ ਕਾਰਗਰ ਸਾਬਤ ਹੋਈ।

ਇਨ੍ਹਾਂ ਤੋਂ ਇਲਾਵਾ ਇਕ ਹੋਰ ਉੱਘਾ ਜਰਮਨ ਸਮਾਜ ਸ਼ਾਸਤਰੀ **ਕਾਰਲ ਮਾਰਕਸ** ਵੀ ਹੈ ਜਿਸ ਨੇ ਸਮਾਜਕ ਪਰੰਪਰਾਂ ਨੂੰ ਸਮਝਣ ਦੀ ਇਕ ਨਵੀਂ ਸੇਧ ਦਿੱਤੀ। ਸਮਾਜ ਵਿਗਿਆਨੀ ਤਾਂ ਉਸ ਤੋਂ ਪਰਹੇਜ਼ ਹੀ ਕਰਦੇ ਰਹੇ ਹਨ ਪਰ ਉਸ ਦੀਆਂ ਲੱਭਤਾਂ ਦੀ ਅਹਿਮੀਅਤ ਹੀ ਇੰਨੀ ਪ੍ਰਭਾਵਸ਼ਾਲੀ ਸੀ ਕਿ ਆਖਰਕਾਰ ਸਮਾਜ ਵਿਗਿਆਨੀਆਂ ਨੂੰ **ਮਾਰਕਸ** ਨੂੰ ਅਪਨਾਉਣਾ ਹੀ ਪਿਆ। ਉਸ ਨੇ ਮੁੱਖ ਰੂਪ ਵਿਚ ਇਹ ਦੱਸਿਆ ਕਿ ਸਮਾਜ ਵਿਚ ਜੋ ਵਰਤਾਰੇ ਪ੍ਰਤੱਖ ਰੂਪ ਵਿਚ ਦਿਸਦੇ ਹਨ ਉਹ ਅਸਲ ਵਿਚ ਉਹੋ ਜਿਹੇ ਨਹੀਂ। ਸਮਾਜਕ ਰਿਸ਼ਤਿਆਂ ਦਾ ਸੱਚ ਤਾਂ ਇਨ੍ਹਾਂ ਹੇਠਾਂ ਡੂੰਘਾ ਛੁਪਿਆ ਪਿਆ ਹੈ। ਜਿਸ ਨੂੰ ਉਪਰਲੇ ਸਮਾਜਕ ਵਰਤਾਰੇ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਕਰਕੇ, **ਮਾਰਕਸ**

ਅਨੁਸਾਰ, ਸਮਾਜ ਵਿਗਿਆਨ ਦਾ ਅਸਲ ਕਾਰਜ ਹੀ ਇਨ੍ਹਾਂ ਹੇਠਾਂ ਛੁੱਪੇ ਰਿਸ਼ਤਿਆਂ ਨੂੰ ਬੇ-ਨਕਾਬ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਰਿਸ਼ਤੇ ਆਰਥਕ ਹੁੰਦੇ ਹਨ ਕਿਉਂਕਿ ਇਹ ਰੋਟੀ, ਕੱਪੜਾ ਅਤੇ ਮਕਾਨ ਨਾਲ ਜੁੜੇ ਹੁੰਦੇ ਹਨ ਜੋ ਇਨਸਾਨ ਦੇ ਜਿਉਂਦੇ ਰਹਿਣ ਵਾਸਤੇ ਲਾਜ਼ਮੀ ਹਨ। ਭਾਵ ਇਹ ਕਿ ਸਮਾਜਕ ਰਿਸ਼ਤੇ ਜਾਂ ਵਰਤਾਰੇ (social relation) ਅਸਲ ਵਿਚ ਆਰਥਕ ਰਿਸ਼ਤੇ ਹੀ ਹੁੰਦੇ ਹਨ। **ਮਾਰਕਸ** ਦਾ ਮੰਨਣਾ ਹੈ ਕਿ ਮਨੁੱਖੀ ਸਮਾਜ ਵਿਚ ਦੋ ਜਮਾਤਾਂ ਮਹੱਤਵਪੂਰਣ ਹਨ। ਇਕ ਉਹ ਜੋ ਅਰਥਚਾਰੇ ਦੇ ਮਾਲਕ ਹਨ ਅਤੇ ਦੂਜੇ ਉਹ ਜਿਨ੍ਹਾਂ ਕੋਲ ਕੇਵਲ ਅਤੇ ਕੇਵਲ ਆਪਣੀ ਮਿਹਨਤ (labour) ਹੁੰਦੀ ਹੈ। ਜਿਸ ਨੂੰ ਵੇਚ ਕੇ ਉਹ ਆਪਣਾ ਪੇਟ ਪਾਲਦੇ ਹਨ। ਕਿਸੇ ਸਮਾਜ ਦਾ ਸਰੂਪ ਕਿਹੋ ਜਿਹਾ ਹੈ ਉਹ ਨਿਰਭਰ ਕਰਦਾ ਹੈ ਇਨ੍ਹਾਂ ਦੋਨੋਂ ਪ੍ਰਮੁੱਖ (dominant) ਜਮਾਤਾਂ ਦੇ ਆਪਸੀ ਸੰਬੰਧਾਂ ਤੇ।

### 1.1.4 ਸਮਾਜ ਵਿਗਿਆਨ ਦਾ ਅਧਿਐਨ ਖੇਤਰ (Scope)

ਸਕੋਪ ਸ਼ਬਦ ਤੋਂ ਭਾਵ ਹੈ ਕਿ ਸਮਾਜ ਵਿਗਿਆਨ ਦਾ ਘੇਰਾ ਕਿੰਨਾ ਕੁ ਵੱਡਾ ਹੈ ਅਤੇ ਇਸ ਦਾ ਫੈਲਾਅ ਖੇਤਰ ਕਿਹੋ ਜਿਹਾ ਹੈ ? ਇਸ ਦੇ ਨਾਲ ਇਹ ਵੀ ਸਮਝਣਾ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਵਿਸ਼ੇ ਦਾ ਭਵਿੱਖ ਕਿਹੋ ਜਿਹਾ ਹੈ ? ਮਨੁੱਖੀ ਸਮਾਜ ਲਈ ਇਹ ਕਿੰਨਾ ਕੁ ਅਤੇ ਕਿਸ ਤਰ੍ਹਾਂ ਉਪਯੋਗੀ ਹੈ ਕਿਉਂਕਿ ਕਿਸੇ ਵੀ ਵਿਸ਼ੇ ਦਾ ਭਵਿੱਖ ਉੱਨਾ ਹੀ ਉਜਵਲ ਹੋਵੇਗਾ ਜਿੰਨੀ ਜ਼ਰੂਰਤ ਉਸ ਦੀ ਮਨੁੱਖੀ ਸਮਾਜ ਨੂੰ ਮਹਿਸੂਸ ਹੋਵੇਗੀ।

ਅਸੀਂ ਪਹਿਲੇ ਹੀ ਦੱਸ ਆਏ ਹਾਂ ਕਿ ਸਮਾਜ ਵਿਗਿਆਨ ਦਾ ਨਾਂ ਤਾਂ ਬੇਸ਼ਕ **ਅਗਸਤ ਕਾਮਤੈ** ਨੇ 19ਵੀਂ ਸਦੀ ਦੇ ਅੱਧ ਵਿਚ ਦਿੱਤਾ ਪਰ 20ਵੀਂ ਸਦੀ ਦੇ ਸ਼ੁਰੂ ਤਕ ਇਹ ਕਿਸੇ ਵੀ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਵਿਸ਼ਾ ਨਹੀਂ ਬਣ ਸਕਿਆ। ਪਰ ਸਮਾਜ-ਵਿਗਿਆਨ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਬਾ-ਖੂਬੀ ਲਗਾਇਆ ਜਾ ਸਕਦਾ ਹੈ ਕਿ ਅੱਜ 20ਵੀਂ ਸਦੀ ਦੇ ਅਖੀਰ ਤਕ ਇਸ ਵਿਸ਼ੇ ਦੀਆਂ ਲਗਭਗ 46 ਕਿਸਮਾਂ ਹਨ ਜੋ ਮਨੁੱਖੀ ਸਮਾਜ ਦੇ ਕਰੀਬ ਕਰੀਬ ਸਾਰਿਆਂ ਹੀ ਪੱਖਾਂ (aspects) ਦਾ ਵਿਗਿਆਨਕ ਵਿਧੀ ਨਾਲ ਅਧਿਐਨ ਕਰਦੀਆਂ ਹਨ। ਇਸ ਦਾ ਮਤਲਬ ਇਹ ਹੋਇਆ ਕਿ ਇਸ ਵਿਗਿਆਨ ਦੀਆਂ ਲੱਭਤਾਂ ਨੇ ਮਨੁੱਖੀ ਸਮਾਜ ਦੀ ਸਮਝ ਨੂੰ ਮਜ਼ਬੂਤ ਕੀਤਾ ਅਤੇ ਇਸ ਦੀ ਖੁਸ਼ਹਾਲੀ ਵਿਚ ਆਪਣਾ ਹਿੱਸਾ ਪਾਇਆ। ਇਸ ਕਰਕੇ ਹੌਲੀ ਹੌਲੀ ਇਸ ਵਿਸ਼ੇ ਦਾ ਅਧਿਐਨ ਖੇਤਰ ਵਧਦਾ ਗਿਆ।

ਸਮਾਜ ਵਿਗਿਆਨ ਦੀਆਂ ਲੱਭਤਾਂ ਦਾ ਫਾਇਦਾ ਜੇ ਰਾਜਨੀਤੀ ਨੂੰ ਸਮਝਣ ਵਾਸਤੇ ਹੋਇਆ ਤਾਂ 'ਰਾਜਨੀਤਕ ਸਮਾਜ ਵਿਗਿਆਨ' ਨੇ ਜਨਮ ਲਿਆ। ਜੇ ਇਸ ਦਾ ਫਾਇਦਾ ਡਾਕਟਰ, ਮਰੀਜ਼ਾਂ, ਨਰਸਾਂ ਅਤੇ ਸਮਾਜਕ ਰਿਸ਼ਤਿਆਂ ਨੂੰ ਸਮਝਣ ਵਾਸਤੇ ਹੋਇਆ ਤਾਂ 'ਮੈਡੀਕਲ ਸ਼ੋਸ਼ਿਆਲੋਜੀ' ਹੋਂਦ ਵਿਚ ਆਈ। ਜੇਕਰ ਧਰਮ ਦੇ ਅਸਰ ਨੂੰ ਸਮਝਣ ਲਈ ਹੋਇਆ ਤੇ ਧਰਮ ਦਾ ਸਮਾਜ ਵਿਗਿਆਨ (Sociology of Religion) ਸਾਹਮਣੇ ਆਇਆ । ਇਸੇ ਤਰ੍ਹਾਂ ਫੈਕਟਰੀ ਦੇ ਸਮਾਜਕ ਢਾਂਚੇ ਨੂੰ ਸਮਝਣ ਲਈ 'ਇੰਡਸਟ੍ਰੀਅਲ ਸ਼ੋਸ਼ਿਆਲੋਜੀ' ਹੋਂਦ ਵਿਚ ਆਈ। ਉਦਾਹਰਣ ਵਜੋਂ 1920 ਵਿਚ ਅਮਰੀਕਾ ਦੀ ਇਕ ਉੱਘੀ ਟੈਲੀਫੂਨ ਫੈਕਟਰੀ ਵਿਚ ਇਕ ਅਨੋਖੀ ਉਲਝਣ ਸਾਹਮਣੇ ਆਈ। ਉਹ ਇਹ ਕਿ ਉਸ ਫੈਕਟਰੀ ਦਾ ਉਤਪਾਦਨ ਦਿਨੋਂ ਦਿਨ ਗਿਰਨਾ ਸ਼ੁਰੂ ਹੋਇਆ। ਮਾਲਕਾਂ ਨੇ ਅਮਰੀਕਾ ਦੀ ਹੀ ਇਕ ਪ੍ਰਸਿੱਧ ਹਾਰਵਰਡ ਯੂਨੀਵਰਸਿਟੀ ਦੇ ਵਿਗਿਆਨੀਆਂ ਨੂੰ ਇਸ ਸਮੱਸਿਆ ਬਾਰੇ ਦੱਸਿਆ ਅਤੇ ਸੱਦਾ ਦਿੱਤਾ ਕਿ ਉਹ ਇਸ ਦਾ ਕੋਈ ਹੱਲ ਲੱਭਣ ਕਿਉਂ ਉਤਪਾਦਨ ਨਿੱਘਰਦਾ ਜਾ ਰਿਹਾ ਹੈ। ਵਿਗਿਆਨੀਆਂ ਨੇ ਸਾਰੀਆਂ ਕੋਸ਼ਿਸ਼ਾਂ ਕਰ ਕੇ ਵੇਖੀਆਂ ਯਾਨੀ ਕਿ ਤਨਖਾਹ ਵਧਾਈ, ਕੰਮ ਕਰਨ ਦਾ ਘੰਟੇ ਘੱਟ ਕੀਤੇ, ਰੋਜ਼ਮਰ੍ਹਾਂ ਦੀਆਂ ਸਾਰੀਆਂ ਜ਼ਰੂਰਤਾਂ ਮੁੱਹਈਆ ਕਰਵਾਈਆਂ ਆਦਿ ਪਰ ਉਤਪਾਦਨ ਤੇ ਕੋਈ ਖ਼ਾਸ ਫਰਕ ਨਹੀਂ ਪਿਆ। ਦੋ ਸਾਲ ਬਾਅਦ ਇਹੋ ਵਿਗਿਆਨੀ ਫੇਰ ਉੱਥੇ ਆਏ। ਇਸ ਵਾਰੀ ਉਹ ਦੇਖਣਾ ਚਾਹੁੰਦੇ ਸਨ ਕਿ ਜਦੋਂ ਕਾਮੇ ਫੈਕਟਰੀ ਵਿਚ ਕੰਮ ਕਰ ਰਹੇ ਹੁੰਦੇ ਹਨ ਉਸ ਵੇਲੇ ਉਨ੍ਹਾਂ ਦੇ ਆਪਸੀ ਸੰਬੰਧ ਕਿਹੋ ਜਿਹੇ ਹੁੰਦੇ ਹਨ ? ਉਹ ਕੀ ਗੱਲਾਂ ਕਰਦੇ ਹਨ ? ਕਿਸ ਤਰ੍ਹਾਂ ਇਕ ਦੂਜੇ ਨਾਲ ਬੋਲਦੇ-ਚਾਲਦੇ ਹਨ ਆਦਿ ?

ਇਸ ਅਧਿਐਨ ਤੋਂ ਬਾਅਦ ਉਨ੍ਹਾਂ ਨੇ ਇਹ ਤੱਤ ਕੱਢ ਕੇ ਸਾਹਮਣੇ ਰੱਖਿਆ ਕਿ ਕੰਮ ਦੇ ਦੌਰਾਨ ਸਾਰੇ ਕਾਮੇ ਕੁਝ ਗੁੱਟਾਂ ਵਿਚ ਵੰਡ ਜਾਂਦੇ ਹਨ। ਜਿਨ੍ਹਾਂ ਦਾ ਇਕ ਲੀਡਰ ਵੀ ਹੁੰਦਾ ਹੈ। ਇਨ੍ਹਾਂ ਨੂੰ ਵਿਗਿਆਨੀਆਂ ਨੇ ਗੈਰ-ਰਸਮੀ ਸਮੂਹ (informal groups) ਕਿਹਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗੁੱਟਾਂ ਵਿਚ ਕਾਮਿਆਂ ਦੀਆਂ ਕਦਰਾਂ-ਕੀਮਤਾਂ ਤੇ ਹੀ ਉਤਪਾਦਨ ਨਿਰਭਰ ਕਰਦਾ ਹੈ। ਭਾਵ ਜੇ ਇਹ ਕਦਰਾਂ-ਕੀਮਤਾਂ ਉਤਪਾਦਨ ਵੱਧ ਕਰਨ ਵਾਲੀਆਂ ਹੋਣ ਤਾਂ ਕੰਮ ਜ਼ਿਆਦਾ ਹੋਵੇਗਾ ਪਰ ਜੇ ਇਸ ਦੇ ਉਲਟ ਹੋਣ ਤਾਂ ਕੰਮ ਘੱਟ ਹੀ ਨਹੀਂ ਹੋਵੇਗਾ ਸਗੋਂ ਜੇ ਕੋਈ ਕਾਮਾ ਵੱਧ ਕੰਮ ਕਰੇਗਾ ਉਹ ਉਸ ਤੇ ਵੀ ਰੋਕ ਲਾਉਂਦੇ ਹਨ। ਇਸ ਤਰ੍ਹਾਂ ਕਰਨ ਲਈ ਉਹ ਕਾਮੇ ਦੇ ਹੱਥ ਨਹੀਂ ਫੜਦੇ ਬਲਕਿ ਉਹਦੀ ਛੇੜ ਪਾ ਦਿੰਦੇ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਕੋਈ ਵੀ ਗਰੁੱਪ ਦਾ ਮੈਂਬਰ ਜੇ ਉਸ ਸਮੂਹ ਦੀਆਂ ਕਦਰਾਂ-ਕੀਮਤਾਂ ਤੋਂ ਵੱਖਰਾ ਹੋ ਕੇ ਚਲੇਗਾ ਤਾਂ ਉਸ ਖਿਲਾਫ਼ ਸਮਾਜਕ ਕਾਰਵਾਈ ਕੀਤੀ ਜਾ ਸਕਦੀ ਹੈ ਭਾਵ ਉਸ ਦਾ ਸੋਸ਼ਲ ਬਾਈਕਾਟ ਕਰ ਦਿੱਤਾ ਜਾਵੇਗਾ ਅਤੇ ਗਰੁੱਪ ਵਿਚੋਂ ਛੇਕ ਦਿੱਤਾ ਜਾਵੇਗਾ। ਸਮਾਜਕ ਪ੍ਰਾਣੀ ਇਕੱਲਾ ਨਹੀਂ ਰਹਿ ਸਕਦਾ। ਉਸ ਨੂੰ ਕਿਸੇ ਨਾ ਕਿਸੇ ਗਰੁੱਪ ਦਾ ਮੈਂਬਰ ਤਾਂ ਬਣਨਾ ਹੀ ਪਵੇਗਾ ਭਾਵੇਂ ਚੰਗਾ ਹੋਵੇ ਜਾ ਮਾੜਾ। ਤੁਸੀਂ ਆਪ ਵੀ ਇਹ ਗੱਲ ਆਪਣੇ ਤੇ ਲਾਗੂ ਕਰ ਕੇ ਵੇਖ ਸਕਦੇ ਹੋ। ਸਕੂਲ ਵਿਚ ਆਪਣੀ ਕਲਾਸ ਦੇ ਕੁਝ ਕੁ ਵਿਦਿਆਰਥੀਆਂ ਦੀਆਂ ਅਜਿਹੀਆਂ ਛੇੜਾਂ ਪਾਈਆਂ ਜਾਂਦੀਆਂ ਹਨ ਮਸਲਨ ਇਹ ਚਮਚਾ ਹੈ, ਇਹ ਕੜਛੀ ਹੈ ਆਦਿ। ਇਹ ਵਿਦਿਆਰਥੀ ਕੌਣ ਹੁੰਦੇ ਹਨ ? ਉਹ ਜਿਹੜੇ ਟੀਚਰ ਦੇ ਜਾਂ ਹੈਡਮਾਸਟਰ ਦੇ ਨੇੜੇ ਹੋਣ, ਜਾਂ ਮਨੀਟਰ ਹੋਣ। ਸਾਧਾਰਣ ਵਿਦਿਆਰਥੀ ਇਹ ਨਹੀਂ ਚਾਹੁੰਦਾ ਕਿ ਕਲਾਸ ਦੀ ਗੱਲ ਬਾਹਰ ਜਾਵੇ ਅਤੇ ਇਕ ਦੋ ਵਿਦਿਆਰਥੀਆਂ ਦੀ ਪੁੱਛ-ਗਿੱਛ ਜ਼ਿਆਦਾ ਹੋਵੇ ।

ਉੱਪਰ ਚਰਚਾ ਕੀਤੀ ਗਈ ਉਦਾਹਰਣ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਮਾਜ ਦੇ ਵੱਖ-ਵੱਖ ਅਦਾਰਿਆਂ ਵਿਚ ਕੰਮ ਕਰਨ ਵਾਲੇ ਵਿਅਕਤੀ ਆਪਣੇ ਨਾਲ ਆਪਣੀ ਜਾਤ-ਬਰਾਦਰੀ ਜਾਂ ਸਮੂੰਹ ਦੀਆਂ ਕਦਰਾਂ-ਕੀਮਤਾਂ ਨਾਲ ਲੈ ਕੇ ਜਾਂਦੇ ਹਨ ਅਤੇ ਕੰਮ-ਕਰਨ ਵਾਲੀ ਥਾਂ ਉੱਤੇ ਹੋਰਾਂ ਵਿਅਕਤੀਆਂ ਨਾਲ ਸੰਪਰਕ ਵਿਚ ਆਉਂਦੇ ਹਨ। ਇਨ੍ਹਾਂ ਕਦਰਾਂ-ਕੀਮਤਾਂ ਦਾ ਟਾਕਰਾ ਹੁੰਦਾ ਹੈ ਜਾਂ ਸੁਮੇਲ ਇਸ ਉੱਤੇ ਨਿਰਭਰ ਕਰੇਗਾ ਕਿ ਉੱਥੇ ਸਮਾਜਕ ਮਾਹੌਲ ਕਿਹੋ ਜਿਹਾ ਹੋਵੇਗਾ ਜਿਸ ਦਾ ਅਸਰ ਅੱਗੇ ਕੰਮ ਤੇ ਪਵੇਗਾ। ਇਹ ਖੇਤਰ ਚਾਹੇ ਹਸਪਤਾਲ ਦਾ ਹੋਵੇ ਜਾਂ ਫੈਕਟਰੀ ਦਾ, ਰਾਜਨੀਤੀ ਦਾ ਹੋਵੇ ਜਾਂ ਸ਼ਹਿਰ ਦੇ ਕਿਸੇ ਮੁਹੱਲੇ ਦਾ, ਜਿੱਥੇ ਜਿੱਥੇ ਵੀ ਮਨੁੱਖ ਹੋਣਗੇ ਉੱਥੇ ਉੱਥੇ ਹੀ ਸਮਾਜਕ ਰਿਸ਼ਤੇ ਬਣਨਗੇ ਜਿਨ੍ਹਾਂ ਦਾ ਅਸਰ ਉੱਥੋਂ ਦੇ ਸਮਾਜਕ ਮਾਹੌਲ ਤੇ ਪਵੇਗਾ ਜਿਹੜੇ ਉਸ ਖੇਤਰ ਦੀ ਆਰਥਿਕ, ਉਤਪਾਦਕ, ਰਾਜਨੀਤਕ ਜਾਂ ਪ੍ਰਬੰਧਕ- ਕਾਰਵਾਈ ਤੇ ਅਸਰ ਪਾਉਣਗੀਆਂ। ਆਖ਼ੀਰ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਜਿਹੜੇ ਜਿਹੜੇ ਅਦਾਰਿਆਂ ਵਿਚ ਮਨੁੱਖਾਂ ਦੀ ਸਮੂਲਿਅਤ ਹੋਵੇਗੀ ਉੱਥੇ ਉਨ੍ਹਾਂ ਵਿਚ ਬਣਦੇ ਸਮਾਜਕ ਰਿਸ਼ਤਿਆਂ ਦਾ ਅਸਰ ਉਸ ਅਦਾਰੇ ਦੇ ਕੰਮਾਂ ਤੇ ਕਾਰਾਂ-ਵਿਹਾਰਾਂ ਤੇ ਵੀ ਪਵੇਗਾ। ਲਿਹਾਜ਼ਾ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਇਨ੍ਹਾਂ ਸਮਾਜਕ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਦਾ ਸਮਾਜ ਵਿਗਿਆਨਕ ਅਧਿਐਨ ਕਰੀਏ ਅਤੇ ਉਸ ਅਦਾਰੇ ਦੇ ਉਦੇਸ਼ਾਂ ਦੀ ਪੂਰਤੀ ਲਈ ਬਣਦਾ ਹਿੱਸਾ ਪਾਈਏ। ਉੱਥੇ ਕਿਹੋ ਜਿਹੀਆਂ ਸਮਾਜਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਇਨ੍ਹਾਂ ਨੂੰ ਪਹਿਲੋਂ ਹੀ ਵਾਚ ਲਈਏ ਅਤੇ ਜੇ ਇਹ ਪੈਦਾ ਹੋ ਜਾਣ ਤਾਂ ਇਨ੍ਹਾਂ ਦੇ ਸੁਲਝਾਉਣ ਵਾਸਤੇ ਕੀ ਉਪਾਅ ਕਰਨੇ ਚਾਹੀਦੇ ਹਨ ਇਹ ਦੱਸ ਸਕੀਏ। ਇਹੋ ਰਾਹ ਹੈ ਮਨੁੱਖੀ ਤੇ ਸਮਾਜਕ ਖੁਸ਼ਹਾਲੀ ਦਾ।

ਸਕੋਪ ਤੋਂ ਭਾਵ ਵਿਸ਼ਾ ਖੇਤਰ ਦਾ ਵੀ ਹੈ। ਸਮਾਜ ਵਿਗਿਆਨ ਦਾ ਵਿਸ਼ਾ ਖੇਤਰ ਕਿਹੜਾ ਹੈ ? ਸਮਾਜ ਵਿਗਿਆਨ ਸਮਾਜ ਦੀਆਂ ਕਿਹੜੀਆਂ ਗੁੰਝਲਾਂ ਨੂੰ ਸੁਲਝਾਉਂਦਾ, ਹੈ ਅਤੇ ਇਸ ਦੇ ਕਿਹੜੇ ਅਦਾਰਿਆਂ ਦਾ ਅਧਿਐਨ ਕਰਨਾ ਆਪਣਾ ਹੱਕ ਸਮਝਦਾ ਹੈ ਕਿਉਂਕਿ ਸਮਾਜ ਸ਼ਾਸਤਰ ਦੇ ਬਾਕੀ ਵਿਸ਼ੇ ਵੀ ਤਾਂ ਸਮਾਜ ਦੇ ਅੱਡ-ਅੱਡ ਅਦਾਰਿਆਂ ਦਾ ਅਧਿਐਨ ਕਰਦੇ ਹਨ। ਜੇ ਇਸ ਮਸਲੇ ਨੂੰ ਸਰਲ ਕਰਕੇ ਦੱਸਣਾ ਹੋਵੇ ਤਾਂ ਇਹ

ਕਿਹਾ ਜਾ ਸਕਦਾ ਹੈ ਕਿ ਮਨੁੱਖੀ ਸਮਾਜ ਦੇ ਚਾਰ ਅਦਾਰੇ ਅਜਿਹੇ ਹਨ ਜਿਨ੍ਹਾਂ ਦਾ ਅਧਿਐਨ ਕੇਵਲ ਸਮਾਜ ਵਿਗਿਆਨ ਹੀ ਕਰਦਾ ਹੈ। ਇਹ ਹਨ ਸਮਾਜਕ ਵਿਵਸਥਾ (social order), ਸਮਾਜਕ ਦਵੰਦ (social conflict), ਸਮਾਜਕ ਭਿੰਨਤਾ (social variety) ਅਤੇ ਸਮਾਜਕ ਤਬਦੀਲੀ (social change)।

ਇਨ੍ਹਾਂ ਮੁੱਦਿਆਂ ਤੇ ਵਿਸਥਾਰ ਨਾਲ ਗੱਲ ਕਰਨ ਦੀ ਲੋੜ ਇੱਥੇ ਤਾਂ ਨਹੀਂ ਹੈ ਕਿਉਂਕਿ ਅੱਗੇ ਚਲ ਕੇ ਅਸੀਂ ਇਨ੍ਹਾਂ ਸਾਰਿਆਂ ਵਿਸ਼ਿਆਂ ਦਾ ਅਧਿਐਨ ਕਰਾਂਗੇ ਪਰ ਸੰਖੇਪ ਵਿਚ ਜਾਣਕਾਰੀ ਦੇਣਾ ਲਾਭਦਾਇਕ ਹੋਵੇਗਾ। ਸਮਾਜਕ ਵਿਵਸਥਾ ਤੋਂ ਭਾਵ ਹੈ ਕਿ ਮਨੁੱਖੀ ਸਮਾਜ ਇਕ ਅਜਿਹੀ ਇਕਾਈ ਹੈ ਜਿਸ ਵਿਚ ਉੱਥਲ-ਪੁੱਥਲ ਨੂੰ ਨਹੀਂ ਬਲਕਿ ਸਥਾਈ ਹੋਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਲੋਕਾਂ ਦੇ ਇਕੱਠੇ ਮਿਲ-ਜੁਲ ਕੇ ਰਹਿਣਾ, ਆਪਸੀ ਪ੍ਰੇਮ ਅਤੇ ਮਿਲਵਰਤਣ ਹੋਣਾ ਚੰਗੇ ਸਮਝਦੇ ਜਾਂਦੇ ਹਨ। ਇਹ ਸਭ ਤਾਹੀਓ ਹੋ ਸਕਦੀਆਂ ਹਨ ਜੇ ਸਮਾਜਕ ਵਿਵਸਥਾ ਸਹੀ ਹੋਵੇ। ਇਹ ਸਹੀ ਕਿਵੇਂ ਰਹਿ ਸਕਦੀ ਹੈ ? ਕਿਹੜੀਆਂ ਤਾਕਤਾਂ ਇਸ ਨੂੰ ਅਸਥਿਰ ਕਰਦੀਆਂ ਹਨ ? ਉਨ੍ਹਾਂ ਦੇ ਕੀ ਕਾਰਣ ਹਨ ? ਇਨ੍ਹਾਂ ਸਾਰਿਆਂ ਵਿਸ਼ਿਆਂ ਦਾ ਅਧਿਐਨ ਸਮਾਜ ਵਿਗਿਆਨ ਹੀ ਕਰਦਾ ਹੈ। ਇਸੇ ਕਰਕੇ ਮੁੱਢਲੇ ਸਮਾਜ ਵਿਗਿਆਨੀਆਂ ਸਾਹਮਣੇ ਇਹੋ ਵੱਡੀ ਚੁਨੌਤੀ ਸੀ ਜਿਸ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਇਸ ਵਿਸ਼ੇ ਦਾ ਅਧਿਐਨ ਖੇਤਰ ਨਿਸ਼ਚਤ ਕੀਤਾ।

ਬਾਅਦ ਵਿਚ ਸਮਾਜ ਵਿਗਿਆਨੀਆਂ ਨੇ ਇਹ ਵੀ ਜ਼ਰੂਰੀ ਸਮਝਿਆ ਕਿ ਸਮਾਜ ਵਿਚ ਜਿੱਥੇ ਇਕੱਠੇ ਰਹਿਣਾ ਜ਼ਰੂਰੀ ਹੈ ਉੱਥੇ ਦਵੰਦ ਵੀ ਹੁੰਦਾ ਹੈ। ਜਿੱਥੇ ਦੋ ਭਾਂਡੇ ਹੁੰਦੇ ਹਨ ਉਹ ਖੜਕਦੇ ਵੀ ਹਨ। ਇਸ ਲਈ ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਸਮਾਜ ਵਿਗਿਆਨ ਸਮਾਜਕ ਦਵੰਦ ਦੀ ਚਰਚਾ ਕਰੇ। ਇਸ ਦੇ ਸੁਭਾਅ, ਕਾਰਣ ਅਤੇ ਉਸ ਦੇ ਅਸਰ ਦਾ ਵਿਗਿਆਨਕ ਅਧਿਐਨ ਕਰੇ। ਹੁਣ ਲਗਭਗ ਸਾਰੇ ਸਮਾਜ ਵਿਗਿਆਨੀ ਇਹ ਮੰਨਦੇ ਹਨ ਕਿ ਦਵੰਦ ਹਰ ਮਨੁੱਖੀ ਸਮਾਜ ਦਾ ਇਕ ਅਟੁੱਟ ਅੰਗ ਹੈ। ਇਸ ਨੂੰ ਖ਼ਤਮ ਕਰਨਾ ਅਸੰਭਵ ਹੈ। ਇਸੇ ਕਰਕੇ ਲੋੜ ਹੈ ਕਿ ਇਸ ਦਾ ਅਧਿਐਨ ਕਰਕੇ ਇਸ ਨੂੰ ਕਾਬੂ ਵਿਚ ਰੱਖਿਆ ਜਾ ਸਕੇ ਅਤੇ ਜਿੰਨਾ ਕੁ ਹੋ ਸਕੇ ਉੱਨਾ ਇਸ ਦੀ ਤੀਖਣਤਾ ਨੂੰ ਘੱਟ ਕੀਤਾ ਜਾ ਸਕੇ।

ਤੀਸਰਾ ਅਦਾਰਾ ਸਮਾਜਕ ਭਿੰਨਤਾ ਦਾ ਹੈ।ਇਸ ਤੋਂ ਭਾਵ ਹੈ ਕਿ ਸਮਾਜ ਵਿਗਿਆਨ ਇਸ ਗੱਲ ਵਿਚ ਰੁਚੀ ਰੱਖਦਾ ਹੈ ਕਿ ਸਮਾਜਕ ਸੰਸਥਾਵਾਂ ਦੇ ਅਨੇਕ ਰੂਪ ਜੋ ਵੱਖੋ ਵੱਖਰੇ ਸਮਾਜਾਂ ਵਿਚ ਅੱਡ-ਅੱਡ ਕਿਸਮ ਦੇ ਹੋਣਗੇ ਉਨ੍ਹਾਂ ਵਿਚਲੀ ਸਮਾਨਤਾ ਦੇ ਵੱਖਰੇਵੇਂ ਨੂੰ ਦਰਸਾਵੇ। ਇਨ੍ਹਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਦੱਸ ਸਕੇ ਕਿ ਇਸ ਦੇ ਕੀ ਕਾਰਣ ਹਨ। ਅਰਥਾਤ ਵਿਆਹ ਭਾਰਤ ਵਿਚ ਕਿਵੇਂ, ਚੀਨ ਵਿਚ ਕਿਵੇਂ ਅਤੇ ਅਮਰੀਕਾ-ਅਫ੍ਰੀਕਾ ਵਿਚ ਕਿਸ ਤਰ੍ਹਾਂ ਰਚਾਏ ਜਾਂਦੇ ਹਨ।

ਅਖੀਰਲਾ ਅਦਾਰਾ ਸਮਾਜਕ ਤਬਦੀਲੀ ਦਾ ਹੈ। ਕੋਈ ਮਨੁੱਖੀ ਸਮਾਜ ਕਦੇ ਵੀ ਇਕੋ ਜਿਹਾ ਨਹੀਂ ਰਿਹਾ। ਬਦਲਾਓ ਹਰ ਜੀਵਤ ਵਸਤੂ ਦਾ ਸੁਭਾਅ ਹੈ। ਖਲੋਤ ਦਾ ਹੋਣਾ ਲਗਭਗ ਮਰਨ ਦੇ ਬਰਾਬਰ ਹੀ ਸਮਝਿਆ ਜਾਂਦਾ ਹੈ। ਜੇ ਤਬਦੀਲੀ ਇੰਨੀ ਪ੍ਰਬਲ ਹੈ ਤਾਂ ਇਸ ਦਾ ਅਧਿਐਨ ਕਰਨਾ ਵੀ ਅਤਿਅੰਤ ਜ਼ਰੂਰੀ ਹੋ ਜਾਂਦਾ ਹੈ। ਇਸ ਦੇ ਕਾਰਣ ਕੀ ਹਨ ? ਅੰਦਰੂਨੀ ਜਾਂ ਬਾਹਰੀ ? ਕਿਸ ਸਮਾਜ ਵਿਚ, ਕਿਹੜੇ ਸਮੇਂ ਕਿਹੜੇ ਕਾਰਣ ਤਬਦੀਲੀ ਲਿਆਉਣ ਵਿਚ ਸਫ਼ਲ ਹੋ ਜਾਂਦੇ ਹਨ ਆਦਿ ਅਜਿਹੇ ਵਿਸ਼ੇ ਹਨ ਜੋ ਸਮਾਜ ਵਿਗਿਆਨਕ ਅਧਿਐਨ ਦੀ ਮੰਗ ਕਰਦੇ ਹਨ।

ਉਪਰ ਕੀਤੀ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਮਾਜ ਵਿਗਿਆਨ ਦੇ ਸਕੋਪ ਬਾਰੇ ਵਿਗਿਆਨੀਆਂ ਵਿਚ ਮੱਤ ਭੇਦ ਪਾਏ ਜਾਂਦੇ ਹਨ ਜਿਨ੍ਹਾਂ ਨੂੰ ਦੋ ਸੰਪਰਦਾਵਾਂ ਦੇ ਰੂਪ ਵਿਚ ਅਧਿਐਨ ਕੀਤਾ ਜਾ ਸਕਦਾ ਹੈ। ਡਾ. ਸਵਿੰਦਰਜੀਤ ਕੌਰ ਨੇ ਆਪਣੀ ਕਿਤਾਬ ਸਮਾਜ ਵਿਗਿਆਨ ਨਾਲ ਜਾਣ-ਪਛਾਣ ਵਿਚ ਇਨ੍ਹਾਂ ਦੋਵਾਂ ਸੰਪਰਦਾਵਾਂ ਦੇ ਵਿਚਾਰਾਂ ਨੂੰ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਦੋਵੇਂ ਸੰਪਰਦਾਵਾਂ ਹਨ।

**1.1.4.1 ਸਰੂਪਾਤਮਕ ਸੰਪਰਦਾਇ** (Formalistic School)

**1.1.4.2 ਸੰਸ਼ਲੇਸ਼ਣਾਤਮਕ ਸੰਪਰਦਾਇ** (Synthetic School)

**1.1.4.1 ਸਰੂਪਾਤਮਕ ਸੰਪਰਦਾਇ** : ਇਸ ਸੰਪਰਦਾਇ ਦੇ ਹਾਮੀਆਂ ਦਾ ਕਹਿਣਾ ਹੈ ਕਿ ਸਮਾਜਕ ਵਿਗਿਆਨ ਇਕ ਵਿਸ਼ੇਸ਼ ਵਿਗਿਆਨ ਹੈ ਕਿਉਂਕਿ ਇਨ੍ਹਾਂ ਅਨੁਸਾਰ ਸਮਾਜ ਵਿਗਿਆਨ ਕੇਵਲ ਸਮਾਜਕ ਸੰਬੰਧਾਂ, ਸਮਾਜੀਕਰਣ ਦੇ ਕੇਵਲ ਰੂਪਾਂ ਦਾ ਹੀ ਅਧਿਐਨ ਕਰਦਾ ਹੈ। ਇਨ੍ਹਾਂ ਲੇਖਕਾਂ ਦਾ ਕਹਿਣਾ ਹੈ ਕਿ ਅਸੀਂ ਅੰਤਰ-ਵਸਤੂ (Content) ਦੇ ਅਧਿਐਨ ਨੂੰ ਆਧਾਰ ਮੰਨ ਕੇ ਸਮਾਜ ਵਿਗਿਆਨ ਦੀ ਚਰਚਾ ਆਰੰਭ ਨਹੀਂ ਕਰ ਸਕਦੇ , ਕਿਉਂਕਿ ਸਮਾਜਕ ਘਟਨਾਵਾਂ ਦੇ ਵਿਭਿੰਨ ਖੇਤਰਾਂ ਵਿਚ ਜਿਵੇਂ ਆਰਥਿਕ, ਧਾਰਮਿਕ, ਰਾਜਨੀਤਿਕ ਆਦਿ ਦੇ ਅੰਤਰ ਵਸਤੂ ਦਾ ਅਧਿਐਨ ਵਿਭਿੰਨ ਸਮਾਜ ਵਿਗਿਆਨ ਕਰ ਲੈਂਦੇ ਹਨ। ਇਸ ਤਰ੍ਹਾਂ ਸਮਾਜ-ਵਿਗਿਆਨ ਦੁਆਰਾ ਘਟਨਾਵਾਂ ਦੇ ਅੰਤਰ-ਵਸਤੂ ਦਾ ਦੁਬਾਰਾ ਅਧਿਐਨ ਕਰਨ ਦਾ ਕੋਈ ਲਾਭ ਨਹੀਂ। ਸਮਾਜ ਵਿਗਿਆਨ ਨੂੰ ਇਕ ਵੱਖਰੇ, ਸੁਤੰਤਰ ਤੇ ਵਿਸ਼ੇਸ਼ ਵਿਗਿਆਨ ਦੇ ਤੌਰ ਦੇ ਹੋਂਦ ਵਿਚ ਆਉਣ ਲਈ ਇਕ ਅਜਿਹੇ ਅਧਿਐਨ ਵਸਤੂ ਦੀ ਲੋੜ ਹੈ ਜਿਸ ਦਾ ਅਧਿਐਨ ਹੋਰ ਕੋਈ ਵੀ ਸਮਾਜਕ ਵਿਗਿਆਨ ਨਾ ਕਰਦਾ ਹੋਵੇ। ਇਸ ਪ੍ਰਕਾਰ ਦੇ ਅਧਿਐਨ ਦਾ ਅੰਤਰ-ਵਸਤੂ 'ਮਨੁੱਖੀ ਸੰਬੰਧਾਂ ਦੇ ਸਰੂਪ' ਜਾਂ 'ਸਮਾਜੀਕਰਣ ਦੇ ਸਰੂਪ' ਹਨ। ਇਨ੍ਹਾਂ ਸਰੂਪਾਂ ਦਾ ਅਧਿਐਨ ਸਮਾਜ ਵਿਗਿਆਨ ਦਾ ਵਿਸ਼ੇਸ਼ ਅਧਿਐਨ ਖੇਤਰ ਹੈ ਕਿਉਂਕਿ ਇਹ ਸੰਪਰਦਾਇ ਸਮਾਜਕ ਘਟਨਾਵਾਂ ਦੇ ਅੰਤਰ-ਵਸਤੂ ਤੇ ਨਹੀਂ ਬਲਕਿ ਸਰੂਪਾਂ ਦੇ ਅਧਿਐਨ ਉੱਤੇ ਵਧੇਰੇ ਜ਼ੋਰ ਦਿੰਦੀ ਹੈ, ਇਸ ਕਰਕੇ ਇਹ ਸੰਪਰਦਾਇ ਸਰੂਪਾਤਮਕ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਇਸ ਵਿਚਾਰਧਾਰਾ ਦੇ ਪ੍ਰਮੁੱਖ ਸਮਰਥਕ **ਸਿਮਲ, ਮੈਕਸਵੈਬਰ, ਵੋਨ ਵਾਈਜ਼** ਅਤੇ **ਵੀਰਕਾਂਤ** ਹਨ। ਇਨ੍ਹਾਂ ਦੇ ਵਿਚਾਰਾਂ ਦੀ ਹੇਠ ਚਰਚਾ ਕੀਤੀ ਜਾਂਦੀ ਹੈ।

**1.1.4.1.1 ਸਿਮਲ (Simmel)** : ਸਿਮਲ ਨੇ ਸਮਾਜਕ ਅੰਤਰ-ਕ੍ਰਿਆ ਦੇ ਸਰੂਪ (Form) ਅਤੇ ਅੰਤਰ ਵਸਤੂ (Content) ਵਿਚ ਭੇਦ ਕੀਤਾ ਹੈ। ਸਿਮਲ ਦਾ ਕਹਿਣਾ ਹੈ ਕਿ ਸਮਾਜਕ ਅੰਤਰ ਕ੍ਰਿਆ ਦੇ ਦੋ ਰੂਪ ਹੁੰਦੇ ਹਨ - ਇਹ ਹਨ ਸੂਖਮ ਰੂਪ (Abstract) ਅਤੇ ਸਥੂਲ ਰੂਪ (Concrete form) ਸੰਘਰਸ਼, ਸਹਿਯੋਗ, ਪ੍ਰਤਿਯੋਗਤਾ ਅਤੇ ਕਿਰਤਵੰਡ ਆਦਿ ਸਮਾਜਕ ਸੰਬੰਧਾਂ ਦੇ ਸੂਖਮ ਰੂਪ ਹਨ, ਪਰੰਤੂ ਜਦੋਂ ਇਨ੍ਹਾਂ ਦਾ ਵਾਸਤਵਿਕ ਪ੍ਰਗਟਾਵਾ ਬਾਹਰੀ ਵਿਵਹਾਰ ਵਿਚ ਹੁੰਦਾ ਹੈ ਤਾਂ ਉਹ ਸਥੂਲ ਰੂਪ ਵਿਚ ਸਾਹਮਣੇ ਆਉਂਦੇ ਹਨ। ਸਿਮਲ ਦਾ ਕਹਿਣਾ ਹੈ ਕਿ ਮਨੁੱਖੀ ਵਿਵਹਾਰ ਦੇ ਮਨੁੱਖੀ ਰੂਪਾਂ ਨੂੰ ਵੱਖਰਾ ਕਰਕੇ ਉਨ੍ਹਾਂ ਦਾ ਅਧਿਐਨ ਕਰਨਾ ਸਮਾਜ ਵਿਗਿਆਨ ਦਾ ਕੰਮ ਹੈ। ਮਨੁੱਖੀ ਵਿਵਹਾਰ ਦੇ ਇਨ੍ਹਾਂ ਸੂਖਮ ਰੂਪਾਂ ਦਾ ਅਧਿਐਨ ਹਰ ਸਮਾਜਕ ਵਿਗਿਆਨ ਨਹੀਂ ਕਰਦਾ। ਇਹ ਇਕ ਅਜਿਹਾ ਵਿਸ਼ੇਸ਼ ਖੇਤਰ ਹੈ, ਜਿਸ ਦਾ ਵਿਗਿਆਨਕ ਅਧਿਐਨ ਕੇਵਲ ਸਮਾਜ-ਵਿਗਿਆਨ ਹੀ ਕਰਦਾ ਹੈ। ਇਸ ਲਈ ਸਮਾਜ ਵਿਗਿਆਨ ਇਕ ਵਿਸ਼ੇਸ਼ ਵਿਗਿਆਨ ਹੈ। ਸਿਮਲ ਦਾ ਕਹਿਣਾ ਹੈ ਕਿ ਸਮਾਜ ਵਿਗਿਆਨ ਦਾ ਸਮਾਜਕ ਵਿਗਿਆਨਾਂ ਨਾਲ ਉਹੀ ਸੰਬੰਧ ਹੈ ਜੋ ਰੇਖਾ ਗਣਿਤ ਦਾ (Geometry) ਦਾ ਪ੍ਰਾਕ੍ਰਿਤਕ ਵਿਗਿਆਨ ਨਾਲ ਹੈ। ਰੇਖਾ ਗਣਿਤ ਭੌਤਿਕ ਵਸਤਾਂ ਦੇ ਸਥਾਨ ਸੰਬੰਧਕੀ (Spatial) ਸਰੂਪਾਂ ਦਾ ਅਧਿਐਨ ਹੈ ਜਦੋਂ ਕਿ ਪ੍ਰਾਕ੍ਰਿਤਕ ਵਿਗਿਆਨ ਉਨ੍ਹਾਂ ਹੀ ਵਸਤਾਂ ਦੇ ਅੰਤਰ-ਵਸਤੂ ਦਾ ਅਧਿਐਨ ਕਰਦੇ ਹਨ। ਇਸ ਤਰ੍ਹਾਂ ਸਮਾਜ ਵਿਗਿਆਨ ਸਮਾਜਕ ਸੰਬੰਧਾਂ ਦੇ ਅੰਤਰ-ਵਸਤੂ ਦਾ ਅਧਿਐਨ ਕਰਦੇ ਹਨ, ਇਸ ਕਰਕੇ ਸਿਮਲ ਸਮਾਜ ਵਿਗਿਆਨ ਨੂੰ ਸਮਾਜਕ 'ਰੇਖਾ ਗਣਿਤ' (Social Geometry) ਕਹਿੰਦਾ ਹੈ।

**1.1.4.1.2. ਵੋਨ ਵਾਈਜ ਦੇ ਵਿਚਾਰ (Views of Von Viese)** : ਇਸ ਲੇਖਕ ਨੇ ਵੀ ਸਮਾਜ ਵਿਗਿਆਨ ਨੂੰ ਵਿਸ਼ੇਸ਼ ਵਿਗਿਆਨ ਮੰਨਿਆ ਹੈ। ਇਸ ਨੇ ਸਮਾਜ ਵਿਗਿਆਨ ਸਾਹਿਤ ਵਿਚ ਅਜਿਹੇ ਸੰਕਲਪ ਜਿਵੇਂ ਕਿ 'ਸਮਾਜਕ ਦੂਰੀ' (Social distance) 'ਪੱਧਤੀ' (Approach) ਅਤੇ 'ਵਾਪਸੀ' ਆਦਿ

ਨੂੰ ਸ਼ਾਮਲ ਕਰਨ ਦਾ ਯਤਨ ਕੀਤਾ ਹੈ। ਇਸ ਨੇ ਸਮਾਜਕ ਸੰਬੰਧਾਂ ਨੂੰ 650 ਕਿਸਮ ਵਿਚ ਵੰਡਿਆ ਅਤੇ ਸਮਾਜਕ ਸੰਬੰਧ ਦੇ ਇਨ੍ਹਾਂ ਰੂਪਾਂ ਨੂੰ ਵਿਭਿੰਨ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਹੈ।

1.1.4.1.3. **ਵੀਰਕਾਂਤ ਦੇ ਵਿਚਾਰ (Views of Vierkant)** : ਵੀਰਕਾਂਤ ਅਨੁਸਾਰ ਸਮਾਜ ਵਿਗਿਆਨ ਤਾਂ ਹੀ ਵਿਸ਼ੇਸ਼ ਵਿਗਿਆਨ ਬਣ ਸਕਦਾ ਹੈ ਜੇਕਰ ਇਹ ਵਿਸ਼ੇਸ਼ ਸਮਾਜਾਂ ਦਾ ਇਤਿਹਾਸਕ ਵਿਸ਼ਲੇਸ਼ਣ ਨਹੀਂ ਕਰੇਗਾ (ਸਮਾਜ ਵਿਗਿਆਨ ਨੂੰ ਤਾਂ ਉਨ੍ਹਾਂ ਮਾਨਸਿਕ ਸੰਬੰਧਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਜੋ ਕਿ ਮਨੁੱਖ ਨੂੰ ਦੂਸਰੇ ਮਨੁੱਖ ਨਾਲ ਬੰਨਦੇ ਹਨ) ਵਿਸ਼ੇਸ਼ ਸਮਾਜਾਂ ਦੀ ਉਤਪਤੀ, ਵਿਕਾਸ ਅਤੇ ਵਿਸ਼ੇਸ਼ਤਾਈਆਂ ਦਾ ਅਧਿਐਨ ਤਾਂ ਮਾਨਵ ਵਿਗਿਆਨ ਦਾ ਵਿਸ਼ਾ ਹੈ। ਇਸ ਲੇਖਕ ਅਨੁਸਾਰ ਸਮਾਜ ਵਿਗਿਆਨ ਸਮਾਜ ਦੇ ਮੂਲ ਤੱਤਾਂ (irreducible categories) ਦਾ ਅਧਿਐਨ ਕਰਦਾ ਹੈ। ਇਹ ਮੂਲ ਤੱਤ ਪ੍ਰੇਮ, ਸਹਿਕਾਰਤਾ, ਪ੍ਰਤਿਯੋਗਤਾ, ਇੱਛਾ, ਸ਼ਰਮ ਆਦਿ ਹਨ। ਇਸ ਤਰ੍ਹਾਂ ਸਮਾਜ ਵਿਗਿਆਨ ਦਾ ਖੇਤਰ ਮਾਨਸਿਕ ਸਥਿਤੀਆਂ ਦੇ ਅੰਤਿਮ ਰੂਪਾਂ ਦੇ ਅਧਿਐਨ ਨਾਲ ਸੰਬੰਧਿਤ ਹੈ।

1.1.4.1.4. **ਮੈਕਸ ਵੇਬਰ ਦੇ ਵਿਚਾਰ (Views of Mex Weber)** : ਮੈਕਸ ਵੇਬਰ ਨੇ ਵੀ ਸਮਾਜ ਵਿਗਿਆਨ ਨੂੰ ਇਕ ਵਿਸ਼ੇਸ਼ ਵਿਗਿਆਨ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਇਸ ਲੇਖਕ ਅਨੁਸਾਰ ਸਮਾਜ ਵਿਗਿਆਨ ਦਾ ਮੰਤਵ ਸਮਾਜਕ ਵਿਵਹਾਰਾਂ ਦੀ ਵਿਆਖਿਆ ਕਰਨਾ ਅਤੇ ਉਨ੍ਹਾਂ ਨੂੰ ਸਮਝਣਾ ਹੈ। ਵੇਬਰ ਭਾਵੇਂ ਸਮਾਜਕ ਵਿਵਹਾਰਾਂ ਦਾ ਖੇਤਰ ਬਹੁਤ ਵਿਆਪਕ ਮੰਨਦਾ ਹੈ ਤਾਂ ਵੀ ਉਸ ਦਾ ਵਿਚਾਰ ਹੈ ਕਿ ਮਾਨਵੀ ਸੰਬੰਧਾਂ ਦੇ ਇਸ ਵਿਆਪਕ ਖੇਤਰ ਵਿਚ ਵਾਪਰਣ ਵਾਲੀਆਂ ਸਭ ਘਟਨਾਵਾਂ ਸਮਾਜਕ ਨਹੀਂ ਹੁੰਦੀਆਂ। ਸਮਾਜਕ ਵਿਵਹਾਰ ਕੇਵਲ ਉਹ ਕ੍ਰਿਆ ਹੈ ਜਿਸ ਨੂੰ ਕਰਨ ਵਿਚ ਕਰਤਾ ਦੂਜਿਆਂ ਦੇ ਵਿਵਹਾਰ ਤੋਂ ਪ੍ਰਭਾਵਿਤ ਹੁੰਦਾ ਹੈ ਅਤੇ ਇਹ ਦੂਜਿਆਂ ਦੇ ਵਿਵਹਾਰ ਦੁਆਰਾ ਨਿਸ਼ਚਿਤ ਹੁੰਦੀ ਹੈ। ਸਮਾਜ ਵਿਗਿਆਨ ਦਾ ਸੰਬੰਧ ਕੇਵਲ ਇਸ ਪ੍ਰਕਾਰ ਦੇ ਸਮਾਜਕ ਵਿਵਹਾਰ ਨਾਲ ਹੈ।

**ਆਲੋਚਨਾ** : ਉਪਰੋਕਤ ਵਿਚਾਰਧਾਰਾ ਦੀ ਆਲੋਚਨਾ ਕੀਤੀ ਜਾਂਦੀ ਹੈ ਜਿਸ ਦਾ ਸਾਰ ਹੇਠ ਲਿਖੇ ਅਨੁਸਾਰ ਹੈ :

1. ਇਸ ਸੰਪਰਦਾਇ ਦੇ ਹਾਮੀਆਂ ਦਾ ਇਹ ਦਾਅਵਾ ਹੈ ਕਿ ਸਮਾਜਕ ਸੰਬੰਧਾਂ ਦੇ ਸਰੂਪਾਂ ਦਾ ਅਧਿਐਨ ਕੇਵਲ ਸਮਾਜ ਵਿਗਿਆਨ ਹੀ ਕਰਦਾ ਹੈ ਅਤੇ ਹੋਰ ਸਮਾਜਕ ਵਿਗਿਆਨ ਨਹੀਂ ਕਰਦੇ, ਗ਼ਲਤ ਹੈ। ਸਮਾਜਕ ਸੰਬੰਧਾਂ ਦੇ ਸਰੂਪਾਂ ਦਾ ਅਧਿਐਨ ਸਮਾਜ ਵਿਗਿਆਨ ਦੇ ਇਲਾਵਾ ਹੋਰ ਸਮਾਜਕ ਵਿਗਿਆਨ ਵੀ ਕਰਦੇ ਹਨ। ਉਦਾਹਰਣ ਲਈ ਅੰਤਰ-ਰਾਸ਼ਟਰੀ ਕਾਨੂੰਨ ਵਿਚ ਸੰਘਰਸ਼, ਯੁੱਧ, ਵਿਰੋਧ ਅਤੇ ਸੰਪਰਕ ਆਦਿ ਸਮਾਜਕ ਸੰਬੰਧਾਂ ਦੇ ਸਰੂਪਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਅਰਥ-ਵਿਗਿਆਨ ਵੀ ਪ੍ਰਤੀਯੋਗਤਾ ਅਤੇ ਸਹਿਕਾਰਤਾ ਦਾ ਅਧਿਐਨ ਕਰਦਾ ਹੈ।

2. ਸਿਮਲ ਅਨੁਸਾਰ ਰੇਖਾ ਗਣਿਤ ਦਾ ਜੋ ਸੰਬੰਧ ਹੋਰਨਾਂ ਵਿਗਿਆਨਾਂ ਨਾਲ ਹੈ ਉਹੀ ਤੁਲਨਾ ਸਮਾਜ-ਵਿਗਿਆਨ ਦੇ ਹੋਰਨਾਂ ਸਮਾਜਕ ਵਿਗਿਆਨਾਂ ਨਾਲ ਸੰਬੰਧਾਂ ਬਾਰੇ ਕੀਤੀ ਜਾ ਸਕਦੀ ਹੈ ਪਰੰਤੂ ਇਹ ਗ਼ਲਤ ਹੈ। ਅਸੀਂ ਸਮਾਜ ਵਿਗਿਆਨ ਦਾ ਰੇਖਾ ਗਣਿਤ ਨਾਲ ਮੁਕਾਬਲਾ ਨਹੀਂ ਕਰ ਸਕਦੇ। ਰੇਖਾ ਗਣਿਤ ਸਰੂਪਾਂ ਦਾ ਤਾਂ ਨਿਸ਼ਚਿਤ ਸਥਿਤਕ (Spatial) ਆਕਾਰ ਹੁੰਦਾ ਹੈ। ਪਰ ਸਮਾਜਕ ਸੰਬੰਧਾਂ ਦਾ ਰੇਖਾ ਗਣਿਤ ਦੇ ਸਰੂਪਾਂ ਵਾਂਗ ਸਥਿਤਕ ਰੂਪ ਵਿਚ ਕੋਈ ਆਕਾਰ-ਪ੍ਰਕਾਰ (form & figure) ਨਹੀਂ ਹੁੰਦਾ।

3. ਸਮਾਜਕ ਸਰੂਪ ਅੰਤਰ-ਵਸਤੂ ਤੋਂ ਵੱਖਰੇ ਨਹੀਂ ਕੀਤੇ ਜਾ ਸਕਦੇ ਕਿਉਂਕਿ ਅੰਤਰ-ਵਸਤੂ ਦੇ ਨਾਲ ਨਾਲ ਸਮਾਜਕ ਸੰਬੰਧਾਂ ਦੇ ਸਰੂਪ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ ਅਤੇ ਇਹ ਅੰਤਰ-ਵਸਤੂ ਵੀ ਬਦਲਦੀ ਰਹਿੰਦੀ ਹੈ। ਸੋਰੋਕਿਨ ਨੇ ਠੀਕ ਕਿਹਾ ਹੈ, ''ਅਸੀਂ ਗਲਾਸ ਨੂੰ ਉਸ ਦੇ ਸਰੂਪ ਨੂੰ ਬਦਲੇ ਬਗ਼ੈਰ ਸ਼ਰਾਬ, ਪਾਣੀ ਜਾਂ ਸ਼ਕਰ ਨਾਲ ਭਰ ਸਕਦੇ ਹਾਂ, ਪਰ ਮੈਂ ਅਜਿਹੀ ਸੰਸਥਾ ਦੀ ਕਲਪਨਾ ਹੀ ਨਹੀਂ ਕਰ ਸਕਦਾ ਜਿਸ ਦਾ ਸਰੂਪ ਮੈਂਬਰਾਂ ਦੇ ਬਦਲਣ ਤੇ ਵੀ ਨਾ ਬਦਲੇ।''

4. ਇਸ ਸੰਪਰਦਾਇ ਦੀ ਆਲੋਚਨਾ ਇਸ ਲਈ ਵੀ ਕੀਤੀ ਜਾਂਦੀ ਹੈ ਕਿ ਕੇਵਲ ਸਮਾਜਕ ਸੰਬੰਧਾਂ ਦੇ ਸੂਖਮ ਰੂਪ ਦਾ ਅਧਿਐਨ ਕੀਤਾ ਜਾਵੇ ਅਤੇ ਅਸਲੀ ਵਿਵਹਾਰ ਵਿਚ ਸੰਬੰਧ ਆਪਣੇ ਆਪ ਨੂੰ ਪੂਰਨ ਪੂਰਨਤਾ ਅਤੇ ਮਾਪ ਪੂਰਨ ਪੇਚੀਦਗੀ ਵਿਚ ਪ੍ਰਗਟ ਕਰਦੇ ਹਾਂ, ਨਾ ਕਰੀਏ ਤਾਂ ਅਸੀਂ ਸਮਾਜ ਦੀ ਸਹੀ ਤਸਵੀਰ ਪ੍ਰਾਪਤ ਨਹੀਂ ਕਰ ਸਕਾਂਗੇ।''

5. ਇਸ ਸੰਪਰਦਾਇ ਦੀ ਆਲੋਚਨਾ ਇਸ ਲਈ ਵੀ ਕੀਤੀ ਜਾਂਦੀ ਹੈ ਕਿ ਅਸੀਂ ਸਮਾਜ ਦੀ ਸਹੀ ਤਸਵੀਰ ਨਹੀਂ ਪ੍ਰਾਪਤ ਕਰ ਸਕਦੇ ਜੇਕਰ ਸਮਾਜ ਵਿਗਿਆਨੀ ਕੇਵਲ ਸੂਖਮ ਸੰਬੰਧਾਂ ਦਾ ਅਧਿਐਨ ਕਰੇ ਉਸ ਮਨੁੱਖੀ ਵਿਵਹਾਰ ਨੂੰ ਅੱਖੋਂ ਪਰੋਖੇ ਕਰੇ ਜਿਸ ਵਿਚ ਇਹ ਪੂਰਨ ਪਚੀਦਗੀ ਅਤੇ ਪੂਰਣਤਾ ਨਾਲ ਪ੍ਰਗਟ ਹੁੰਦੇ ਹਨ।

6. ਅਸੀਂ ਸਮਾਜ ਵਿਗਿਆਨ ਨੂੰ ਪੂਰਨ ਤੌਰ ਤੇ ਦੂਜੇ ਵਿਗਿਆਨਾਂ ਨਾਲੋਂ ਵੱਖਰਾ ਨਹੀਂ, ਕਰ ਸਕਦੇ। ਭਾਵੇਂ ਇਹ ਸੱਚ ਹੈ ਕਿ ਹਰ ਵਿਗਿਆਨ ਦਾ ਵਿਸ਼ਾ ਵਸਤੂ ਵੱਖਰਾ ਹੁੰਦਾ ਹੈ, ਪਰ ਨਾਲ ਹੀ ਹਰ ਵਿਗਿਆਨ ਦੂਜੇ ਵਿਗਿਆਨਾਂ ਨਾਲ ਅੰਤਰ-ਸੰਬੰਧਿਤ ਹੁੰਦਾ ਹੈ। ਉਦਾਹਰਣ ਵਜੋਂ ਜੀਵ-ਵਿਗਿਆਨ ਰਸਾਇਣ ਵਿਗਿਆਨ ਦੇ ਗਿਆਨ ਦੀ ਵਰਤੋਂ ਕਰ ਸਕਦਾ ਹੈ ਅਤੇ ਭੌਤਿਕ ਵਿਗਿਆਨ ਗਣਿਤ ਵਿਗਿਆਨ ਦੇ ਪ੍ਰਯੋਗ ਦੀ ਜ਼ਰੂਰਤ ਅਨੁਭਵ ਕਰਦਾ ਹੈ। ਇਸੇ ਤਰ੍ਹਾਂ ਇਹ ਸਿਆਣਪ ਨਹੀਂ ਕਿ ਅਸੀਂ ਸਮਾਜ-ਵਿਗਿਆਨ ਨੂੰ ਦੂਸਰੇ ਸਮਾਜਕ ਵਿਗਿਆਨਾਂ ਦੇ ਗਿਆਨ ਤੋਂ ਵੱਖਰਾ ਕਰਕੇ ਉਸ ਦਾ ਅਧਿਐਨ ਕਰੀਏ। ਇਸ ਕਰਕੇ ਸ਼ੁੱਧ ਸਮਾਜ-ਵਿਗਿਆਨ ਦੀ ਕਲਪਣਾ ਅਮਲੀ ਨਹੀਂ।

ਕੁਝ ਸਮਾਜ ਵਿਗਿਆਨੀ ਉਪਰੋਕਤ ਤਰ੍ਹਾਂ ਦੇ ਆਧਾਰ ਤੇ ਸਮਾਜ ਵਿਗਿਆਨ ਦੇ ਵਿਸ਼ੇ-ਖੇਤਰ ਵਿਚ ਕੇਵਲ ਸਮਾਜਕ ਸੰਬੰਧਾਂ ਦੇ ਸਰੂਪਾਂ ਦੇ ਅਧਿਐਨ ਨੂੰ ਸਵੀਕਾਰ ਨਹੀਂ ਕਰਦੇ ਅਤੇ ਸਮਾਜ ਵਿਗਿਆਨ ਨੂੰ ਵਿਸ਼ੇਸ਼ ਰੂਪ ਵਿਚ ਨਾ ਮੰਨ ਕੇ ਸਮਾਨਯ ਰੂਪ ਵਿਚ ਮੰਨਦੇ ਹਨ।

1.1.4.2 **ਸੰਸ਼ਲੇਸ਼ਣਾਤਮਕ ਸੰਪਰਦਾਇ (Synthetic School)** : ਸੰਸ਼ਲੇਸ਼ਣਾਤਮਕ ਦਾ ਅਰਥ ਹੈ ਸਮੁੱਚਤਾ ਬਣਾਉਣ ਲਈ ਵਿਭਿੰਨ ਭਾਗਾਂ ਜਾਂ ਤੱਤਾਂ ਨੂੰ ਇਕੱਠਾ ਕਰਨਾ। ਇਸ ਤਰ੍ਹਾਂ ਸੰਪਰਦਾਇ ਦੇ ਹਾਮੀ ਇਸ ਗੱਲ ਦਾ ਸਮਰਥਨ ਕਰਦੇ ਹਨ ਕਿ ਵਿਭਿੰਨ ਸਮਾਜਕ ਵਿਗਿਆਨਾਂ ਦੇ ਢੁੱਕਵੇਂ ਖੇਤਰਾਂ ਨੂੰ ਵਧੇਰੇ ਸਮਾਨਯ ਵਿਗਿਆਨ - ਸਮਾਜ ਵਿਗਿਆਨ ਦੇ ਅੰਤਰਗਤ ਇਕੱਠਾ ਕੀਤਾ ਜਾਵੇ। ਇਹ ਵਿਚਾਰਧਾਰਾ ਸਰੂਪਾਤਮਕ ਵਿਚਾਰਧਾਰਾ ਤੋਂ ਬਿਲਕੁਲ ਵਿਪਰੀਤ ਹੈ ਕਿਉਂਕਿ ਇਹ ਸਥੂਲ ਅਤੇ ਵਾਸਤਵਿਕ ਸੰਬੰਧ ਜਿਵੇਂ ਉਹ ਜੀਵਨ ਵਿਚ ਪਾਏ ਜਾਂਦੇ ਹਨ ਤੇ ਜ਼ੋਰ ਦਿੰਦੀ ਹੈ। ਇਨ੍ਹਾਂ ਲੇਖਕਾਂ ਦਾ ਕਹਿਣਾ ਹੈ ਕਿ ਵਾਸਤਵਿਕ ਸਮਾਜਕ ਸੰਬੰਧਾਂ ਨੂੰ ਦੂਜੇ ਸਮਾਜਕ ਵਿਗਿਆਨਾਂ ਦੀ ਸਹਾਇਤਾ ਤੋਂ ਬਿਨਾ ਮੰਨਣਾ ਅਸੰਭਵ ਹੈ। ਉਦਾਹਰਣ ਵਜੋਂ ਕਿਸੇ ਵਿਸ਼ੇਸ਼ ਸਥਿਤੀ ਵਿਚ ਆਰਥਿਕ ਕਾਰਣ ਤੇ ਧਾਰਮਿਕ ਵਿਸ਼ਵਾਸ ਇਸ ਤਰ੍ਹਾਂ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ ਕਿ ਇਕ ਦੂਜੇ ਨੂੰ ਬਿਲਕੁਲ ਇਕ ਦੂਜੇ ਤੋਂ ਵੱਖਰਾ ਕਰਕੇ ਸਮਝਣਾ ਇਕ ਅਸਫਲ ਯਤਨ ਹੋਵੇਗਾ। ਸਮਾਜ ਵਿਗਿਆਨੀਆਂ ਨੂੰ ਵਿਸ਼ੇਸ਼ ਵਿਗਿਆਨ ਨਹੀਂ ਸਮਝਣਾ ਚਾਹੀਦਾ ਬਲਕਿ ਇਹ ਸਮਾਨਯ ਵਿਗਿਆਨ ਹੈ ਜਿਸਦੇ ਮੁੱਖ ਹਾਮੀ **ਦੁਰਖਾਈਮ, ਹਾਬਹਾਊਸ** ਅਤੇ **ਸੋਰੋਕਿਨ** ਹਨ।

1.1.4.2.1. **ਇਮਾਈਲ ਦੁਰਖਾਈਮ ਦੇ ਵਿਚਾਰ (Views of Emile Dukheim)** : ਇਸ ਲੇਖਕ ਦੇ ਵਿਚਾਰ ਵਿਚ ਸਮਾਜ ਵਿਗਿਆਨ ਦਾ ਅਧਿਐਨ ਖੇਤਰ ਦੂਜੇ ਸਮਾਜਕ ਵਿਗਿਆਨਾਂ ਤੋਂ ਬਿਲਕੁਲ ਪ੍ਰਿਥਕ ਨਹੀਂ ਹੈ। ਉਸ ਨੇ ਸਮਾਜ ਵਿਗਿਆਨਕ ਵਿਧੀ ਦੇ ਫੈਲਾਅ ਦਾ ਚਿਤਰਨ ਕੀਤਾ ਤੇ ਕਿਹਾ ਕਿ ਸਮਾਜ ਵਿਗਿਆਨ ਇਕ ਸਮਾਨਯ ਵਿਗਿਆਨ ਹੈ। ਪਰੰਤੂ ਉਸ ਦਾ ਇਹ ਕਹਿਣਾ ਵੀ ਨਹੀਂ ਕਿ ਸਮਾਜ ਵਿਗਿਆਨ ਇਕ ਵੱਖਰੀ ਵਿਦਿਆ ਸ਼ਾਖਾ ਨਹੀਂ। ਉਸ ਨੇ ਤਾਂ ਸਿਰਫ਼ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਸਮਾਜ ਵਿਗਿਆਨ

ਦੇ ਸਮਾਨਯ ਨਿਯਮ ਹੋਰਨਾਂ ਸਮਾਜਕ ਵਿਗਿਆਨਾਂ ਦੇ ਵਿਸ਼ੇਸ਼ ਅਧਿਐਨ ਖੇਤਰਾਂ ਵਿਚ ਸੂਤਰਬੱਧ ਹੋਏ ਨਿਯਮਾਂ (laws) ਉੱਤੇ ਆਧਾਰਿਤ ਹਨ। ਦੁਰਖਾਈਮ ਸਮਾਜ ਵਿਗਿਆਨ ਪੱਧਤੀ ਦੀ ਵਰਤੋਂ ਸਮਾਜਕ ਵਿਗਿਆਨਾਂ ਵਿਚ ਕਰਨ ਵਿਚ ਸਫਲ ਹੋਇਆ।

1.1.4.2.2. **ਹੌਬਹਾਊਸ (Hobhouse)** : ਇਸ ਲੇਖਕ ਨੇ ਕਿਹਾ ਕਿ ਸਮਾਜ ਵਿਗਿਆਨ ਉਹ ਵਿਗਿਆਨ ਹੈ ਜਿਸ ਦਾ ਅਧਿਐਨ ਖੇਤਰ ਮਨੁੱਖ ਦਾ ਸੰਪੂਰਣ ਸਮਾਜਕ ਜੀਵਨ ਹੈ। ਇਸ ਲਈ ਇਸ ਨੇ ਕਿਹਾ ਕਿ ਸਮਾਜ ਵਿਗਿਆਨ ਦਾ ਇਕ ਵਿਸ਼ੇਸ਼ ਕਾਰਜ ਇਹ ਹੈ ਕਿ ਇਹ ਹੋਰਨਾਂ ਸਮਾਜਕ ਵਿਗਿਆਨਾਂ ਦੇ ਪਰਿਣਾਮ ਨੂੰ ਅੰਤਰ ਸੰਬੰਧਿਤ ਕਰੇ। ਇਸ ਦਾ ਮਤਲਬ ਕੇਵਲ ਇਹ ਹੀ ਨਹੀਂ ਕਿ ਸਮਾਜ ਵਿਗਿਆਨ ਦੂਜੇ ਸਮਾਜਕ ਵਿਗਿਆਨਾਂ ਦੇ ਪਰਿਣਾਮਾਂ ਵਿਚ ਕੇਵਲ ਤਾਲ-ਮੇਲ ਹੀ ਕਰੇ ਬਲਕਿ ਇਨ੍ਹਾਂ ਪਰਿਣਾਮਾਂ ਦਾ ਇਸ ਤਰ੍ਹਾਂ ਸੰਸਲੇਸ਼ਣ ਕਰਨ ਦਾ ਯਤਨ ਕਰੇ ਕਿ ਸਮਾਨਯ ਸਮਾਜ ਵਿਗਿਆਨਕ ਸਿਧਾਂਤ ਦਾ ਸੂਤਰੀਕਰਣ ਕੀਤਾ ਜਾ ਸਕੇ। ਉਸ ਦੇ ਆਪਣੇ ਸ਼ਬਦਾਂ ਵਿਚ, ਉਚਿਤ ਢੰਗ ਨਾਲ ਵਿਵੇਚਨ ਕਰਨ ਤੇ ਇਹ ਪਤਾ ਲਗੇਗਾ ਕਿ ਸਮਾਨਯ ਸਮਾਜ ਵਿਗਿਆਨ ਨਾ ਤਾਂ ਵਿਸ਼ੇਸ਼ਵਾਦ (Specialism) ਆਰੰਭ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਵਿਚ ਪੂਰਨ ਇਕ ਪ੍ਰਿਥਕ ਵਿਗਿਆਨ ਹੈ ਅਤੇ ਨਾ ਹੀ ਹੋਰਨਾਂ ਸਮਾਜਕ ਵਿਗਿਆਨਾਂ ਦੇ ਪਰਿਣਾਮਾਂ ਦੇ ਯਾਂਤਰਿਕ ਸਮਿਲਨ ਦੇ ਫਲਸਰੂਪ ਉਤਪੰਨ ਉਨ੍ਹਾਂ ਦਾ ਹੋਰਨਾਂ ਸਮਾਜਕ ਵਿਗਿਆਨਾਂ ਦਾ ਇਕ ਸਮਾਨਵੇਂ ਮਾਤਰ ਹੈ। ਇਹ ਤਾਂ ਅਸਲ ਵਿਚ ਸ਼ਕਤੀ ਪ੍ਰਦਾਨ ਕਰਨ ਵਾਲਾ ਸਿਧਾਂਤ ਹੈ, ਜੋ ਜਾਰੀ ਸਮਾਜ ਖੋਜ ਵਿਚ ਪਰਿਵਿਆਪਤ ਹੈ ਜੋ ਉਸ ਦੀ ਪੋਸ਼ਣਾ ਕਰਦਾ ਹੈ ਅਤੇ ਬਦਲੇ ਵਿਚ ਪੋਸ਼ਿਤ ਹੁੰਦਾ ਹੈ, ਜੋ ਖੋਜ ਨੂੰ ਪ੍ਰੋਤਸਾਹਿਤ ਕਰਦਾ ਹੈ, ਜੋ ਪਰਿਣਾਮਾਂ ਨੂੰ ਸੋਧਦਾ ਹੈ, ਜੋ ਖੰਡਾਂ ਵਿਚ ਇਕ ਸਮਗਰ ਸਮਾਜ ਦੇ ਜੀਵਨ ਨੂੰ ਦਰਸਾਉਂਦਾ ਹੈ ਅਤੇ ਉਨ੍ਹਾਂ ਖੰਡਾਂ ਦਾ ਅਧਿਐਨ ਕਰਦੇ ਹੋਏ ਪਰਤ ਕੇ ਸਮਗਰ ਹੋਣ ਦੇ ਬਾਰੇ ਪੂਰਨ ਬੋਧ ਕਰਵਾਉਂਦਾ ਹੈ।

1.1.4.2.3 **ਸੋਰੋਕਿਨ (Sorokin) ਦੇ ਵਿਚਾਰ** : ਇਸ ਲੇਖਕ ਨੂੰ ਵਿਵਸਥਿਤ ਸਮਾਜ ਵਿਗਿਆਨ ਦਾ ਮੁੱਖ ਸਮਰਥਕ ਸਮਝਿਆ ਜਾ ਸਕਦਾ ਹੈ ਇਸ ਲੇਖਕ ਅਨੁਸਾਰ, ''ਸਮਾਜ ਵਿਗਿਆਨ ਸਮਾਜਕ ਪਰਪੰਚ ਦੀਆਂ ਸਭ ਸ਼੍ਰੇਣੀਆਂ ਦੀਆਂ ਸਮਾਨਯ ਵਿਸ਼ੇਸਤਾਈਆਂ ਸਮਾਜਕ ਅਤੇ ਗੈਰ-ਸਮਾਜਕ (non-social) ਪਰਪੰਚ ਵਿਚਕਾਰ ਸੰਬੰਧਾਂ ਦਾ ਅਧਿਐਨ ਹੈ।'' ਸੋਰੋਕਿਨ ਦੇ ਵਿਚਾਰ ਵਿਚ ਸਮਾਜ ਵਿਗਿਆਨ ਨੂੰ ਸਮਾਜਕ ਪ੍ਰਣਾਲੀ (Social system) ਦੀ ਸਰੰਚਨਾ ਅਤੇ ਗਤੀਸ਼ੀਲਤਾ, ਸੰਸਕ੍ਰਿਤਕ ਪ੍ਰਣਾਲੀ ਦੇ ਵਿਅਕਤਿਤਵ ਦਾ ਅਧਿਐਨ ਕਰਨਾ ਚਾਹੀਦਾ ਹੈ। ਜਿਸ ਕਰਕੇ ਉਸ ਦੀ ਪੱਧਤੀ ਨੂੰ ਏਕੀਕਰਣ ਦੀ ਪੱਧਤੀ (intergralist approach) ਕਿਹਾ ਹੈ।

**ਸੋਰੋਕਿਨ** ਨੇ ਸਮਾਜ ਵਿਗਿਆਨ ਦੇ ਅਧਿਐਨ ਖੇਤਰ ਦੀ ਰੂਪ ਰੇਖਾ ਪੌਲਿਸ਼ ਸਕੌਲਰ ਲਿਉ ਪੇਟਰਾਦਜਟਸਕੀ (Leo Petrazhisky) ਦੇ ਕਥਨ ਦੇ ਆਧਾਰ ਤੇ ਪੇਸ਼ ਕੀਤੀ। ਉਸ ਦੇ ਅਨੁਸਾਰ ਜੇਕਰ ਕਿਸੇ ਵਿਸ਼ੇਸ਼ ਪਰਪੰਚ ਐੱਨ **(N)** ਦੀਆਂ ਉਪ-ਸ਼੍ਰੇਣੀਆ ਹਨ ਤਾਂ ਇਸ ਲਈ ਇਕ ਅਜਿਹੀ ਵਿਦਿਆ ਸ਼ਾਖਾ ਦੀ ਲੋੜ ਹੈ। ਜੋ ਐੱਨ 1.1.1 ਪਰਪੰਚ ਦਾ ਅਧਿਆਨ ਕਰੇ, ਹਰੇਕ ਸ਼ਾਖਾ ਉਪ ਸ਼੍ਰੇਣੀਆਂ ਦਾ ਅਧਿਐਨ ਕਰੇਗੀ ਅਤੇ ਇਕ ਹੋਰ ਦੀ ਲੋੜ ਹੈ ਜੋ ਇਨ੍ਹਾਂ ਉਪ-ਸ਼੍ਰੇਣੀਆਂ ਦੀਆਂ ਸਾਂਝੀਆਂ ਵਿਸ਼ੇਸ਼ਤਾਈਆਂ ਦਾ ਅਧਿਐਨ ਕਰੇਗੀ ਅਤੇ ਇਨ੍ਹਾਂ ਉਪ-ਸ਼੍ਰੇਣੀਆਂ ਵਿਚ ਤਾਲਮੇਲ ਪੈਦਾ ਕਰੇਗੀ।ਇਸ ਵਿਚਾਰ ਨੂੰ ਖੋਲ੍ਹ ਕੇ ਬਿਆਨ ਕਰਦੇ ਹੋਏ **ਸੋਰੋਕਿਨ** ਦਾ ਕਹਿਣਾ ਹੈ ਕਿ ਸਮਾਜਕ ਪਰਪੰਚ ਦੀਆਂ ਵਿਭਿੰਨ ਸ਼੍ਰੇਣੀਆਂ – ਆਰਥਿਕ, ਰਾਜਨੀਤਿਕ ਮਨੋਵਿਗਿਆਨ ਅਤੇ ਧਾਰਮਿਕ ਆਦਿ ਦਾ ਅਧਿਐਨ ਕਰਨ ਲਈ ਵੱਖ ਵੱਖ ਸਮਾਜਕ ਵਿਗਿਆਨਾ ਹਨ। ਪਰ ਇਸ ਦੇ ਨਾਲ ਹੀ ਇਕ ਅਜਿਹੇ ਵਿਗਿਆਨ ਦੀ ਲੋੜ ਹੈ ਜੋ ਇਨ੍ਹਾਂ ਸਾਰੇ ਪਰਪੰਚਾ ਦੀਆਂ ਸਾਂਝੀਆਂ ਵਿਸ਼ੇਸ਼ਤਾਈਆਂ ਦਾ ਅਧਿਐਨ ਕਰੇ ਅਤੇ ਇਨ੍ਹਾਂ ਸਭ ਉਪ-ਸ਼੍ਰੇਣੀਆਂ ਨੂੰ ਅੰਤਰ-ਸੰਬੰਧਿਤ ਕਰੇ।ਸਮਾਜ ਵਿਗਿਆਨ ਉਹ ਵਿਗਿਆਨ ਹੈ ਜੋ ਇਸੇ ਕਾਰਜ ਨੂੰ ਕਰਦਾ ਹੈ।

**ਆਲੋਚਨਾ** : ਇਸ ਸੰਪਰਦਾਇ ਦੇ ਖਿਲਾਫ ਮੁੱਖ ਆਲੋਚਨਾ ਇਹ ਹੈ ਕਿ ਸਮਾਜ ਵਿਗਿਆਨ ਪਰਾਸ੍ਰਿਤ ਹੈ ਜੋ ਦੂਜੇ ਵਿਗਿਆਨ ਦੀਆਂ ਖੋਜਾਂ ਤੇ ਪਲਦਾ ਹੈ। ਇਸ ਦਾ ਮੁੱਖ ਕਾਰਜ ਤਾਂ ਵਿਭਿੰਨ ਹੋਰਨਾਂ ਸਮਾਜਕ ਵਿਗਿਆਨਾਂ ਦੇ ਪਰਿਣਾਮਾਂ ਨੂੰ ਅੰਤਰ ਸੰਬੰਧਿਤ ਕਰਨਾ ਹੈ। ਇਹ ਦੂਸਰੇ ਵਿਗਿਆਨਾਂ ਤੋਂ ਵਿਸ਼ੇ-ਸਮੱਗਰੀ ਉਧਾਰ ਲੈਂਦਾ ਹੈ ਅਤੇ ਬਿਨਾਂ ਮਿਹਨਤ ਦੇ ਹਰ ਗੱਲ ਦਾ ਗਿਆਨ ਪ੍ਰਾਪਤ ਕਰਨ ਦਾ ਇਹ ਸਰਲ ਤਰੀਕਾ ਹੈ।

ਪਰੰਤੂ ਇਹ ਆਲੋਚਨਾ ਤੱਥਾਂ ਤੇ ਆਧਾਰਿਤ ਨਹੀ ਤੇ ਇਸ ਕਰਕੇ ਵੱਖ ਨਹੀਂ। ਸਮਾਜ ਵਿਗਿਆਨੀ ਨੂੰ ਮਨੁੱਖ ਦੇ ਸਮਾਜਕ ਜੀਵਨ ਦੇ ਸੰਪੂਰਣ ਚਿੱਤਰ ਪੇਸ਼ ਕਰਨ ਲਈ ਹੋਰਨਾਂ ਵਿਗਿਆਨਾਂ ਦੀਆਂ ਲੱਭਤਾਂ ਤੋ ਸਹਾਇਤਾ ਲੈਣੀ ਪੈਦੀ ਹੈ। ਇਸ ਵਿਚ ਕੋਈ ਸ਼ੱਕ ਨਹੀ ਸਮਾਜ ਵਿਗਿਆਨੀ ਆਪਣੀ ਵਿਸ਼ੇ-ਸਮੱਗਰੀ ਦੂਜੇ ਸਮਾਜਕ ਵਿਗਿਆਨਾਂ ਤੋ ਉਧਾਰ ਲੈਦਾ ਹੈ, ਪਰੰਤੂ ਇਹ ਵਿਭਿੰਨ ਸਮਾਜਕ ਵਿਗਿਆਨਾ ਦੀ ਵਿਸ਼ੇ-ਸਮੱਗਰੀ ਨੂੰ ਕੇਵਲ ਜਿਉਂ ਤਿਉਂ ਜੋੜਦਾ ਹੀ ਨਹੀ ਬਲਕਿ ਇਸ ਨੂੰ ਜੋੜਕੇ ਇਸ ਵਿਸ਼ੇ-ਸਮੱਗਰੀ ਨੂੰ ਪੂਰਣ ਤੌਰ ਤੇ ਨਵਾਂ ਆਕਾਰ ਪ੍ਰਦਾਨ ਕਰਦਾ ਹੈ।

**ਸਾਰ**

ਉਪਰੋਕਤ ਵਿਵੇਚਨ ਤੋਂ ਸਾਨੂੰ ਇਸ ਸਿੱਟੇ ਤੇ ਪੁੱਜਣ ਵਿਚ ਸਹਾਇਤਾ ਮਿਲਦੀ ਹੈ ਕਿ ਸਮਾਜ ਵਿਗਿਆਨ ਸਮਾਨਯ ਵਿਗਿਆਨ ਵੀ ਹੈ ਅਤੇ ਵਿਸ਼ੇਸ਼ ਵਿਗਿਆਨ ਵੀ ਹੈ। ਸਮਾਨਯ ਵਿਗਿਆਨ ਤਾਂ ਹੈ ਕਿਉਂਕਿ ਵਿਭਿੰਨ ਸਮਾਜਕ ਵਿਗਿਆਨਾਂ ਵਿਚ ਸੰਬੰਧ ਸਥਾਪਿਤ ਕਰਦਾ ਹੈ ਅਤੇ ਉਨ੍ਹਾਂ ਸਮਾਨ ਲੱਛਣਾਂ ਦਾ ਅਧਿਐਨ ਕਰਦਾ ਹੈ ਜੋ ਸਾਰੀਆਂ ਸਮਾਜਕ ਵਿਗਿਆਨਾਂ ਵਿਚ ਸਮਾਨਯ ਹਨ। ਪਰ ਨਾਲ ਹੀ ਸਮਾਜ ਵਿਗਿਆਨ ਇਕ ਵਿਸ਼ੇਸ਼ ਵਿਗਿਆਨ ਵੀ ਹੈ ਕਿਉਂਕਿ ਇਹ ਸਮੁੱਚੇ ਸਮਾਜ ਦਾ ਅਧਿਐਨ ਵਿਗਿਆਨਕ ਢੰਗ ਨਾਲ ਕਰਦਾ ਹੈ।

ਸਮਾਜ ਵਿਗਿਆਨ ਅਤੇ ਦੂਜੇ ਸਮਾਜਕ ਵਿਗਿਆਨਾਂ ਦੀ ਵਿਸ਼ੇ-ਸਮੱਗਰੀ ਇਕ ਹੀ ਹੈ, ਕੇਵਲ ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਫਰਕ ਹੈ। ਅਸਲ ਵਿਚ ਤਾਂ ਇਹ ਦ੍ਰਿਸ਼ਟੀਕੋਣ ਹੀ ਹੈ ਜੋ ਇਕ ਵਿਗਿਆਨ ਨੂੰ ਦੂਜੇ ਵਿਗਿਆਨ ਤੋਂ ਅਲੱਗ ਕਰਦਾ ਹੈ। ਸਮਾਜ ਸਾਰੇ ਸਮਾਜਕ ਵਿਗਿਆਨਾਂ ਦੀ ਵਿਸ਼ੇ-ਸਮੱਗਰੀ ਹੈ, ਪਰੰਤੂ ਉਹ ਸਭ ਇਸ ਦਾ ਅਧਿਐਨ ਵੱਖਰੇ ਵੱਖਰੇ ਦ੍ਰਿਸ਼ਟੀਕੋਣ ਤੋਂ ਕਰਦੇ ਹਨ ਉਦਾਹਰਣ ਲਈ ਅਰਥ ਵਿਗਿਆਨ ਮਨੁੱਖ ਦਾ ਧੰਨ ਪ੍ਰਾਪਤ ਕਰਤਾ ਅਤੇ ਧੰਨ ਭੁਗਤਾਨ ਕਰਤਾ ਦੇ ਰੂਪ ਵਿਚ ਅਧਿਐਨ ਕਰਦਾ ਹੈ ਅਤੇ ਧੰਨ (ਰੁਪਏ ਪੈਸੇ ਨਾਲ ਮਾਪਣਯੋਗ) ਤੇ ਕਲਿਆਣ ਦੇ ਸੰਬੰਧਾਂ ਦੀ ਜਾਂਚ ਕਰਦਾ ਹੈ। ਰਾਜਨੀਤੀ ਵਿਗਿਆਨ ਮਨੁੱਖ ਦੇ ਰਾਜਨੀਤਿਕ ਜੀਵਨ ਅਤੇ ਉਸ ਨਾਲ ਸੰਬੰਧਿਤ ਸਮੂਹਾਂ ਅਤੇ ਸੰਸਥਾਵਾਂ ਦਾ ਅਧਿਐਨ ਕਰਦਾ ਹੈ। ਇਸੇ ਤਰ੍ਹਾਂ ਸਮਾਜ ਵਿਗਿਆਨ ਸਮਾਜਕ ਸੰਬੰਧਾਂ ਬਾਰੇ, ਸਮਾਜਕ ਸੰਬੰਧਾਂ ਦੇ ਤਾਣੇ-ਬਾਣੇ, ਜਿਸ ਨੂੰ ਅਸੀਂ ਸਮਾਜ ਕਹਿੰਦੇ ਹਾਂ ਦਾ ਅਧਿਐਨ ਕਰਦਾ ਹੈ। ਭਾਵੇਂ ਸਮਾਜਕ ਸੰਬੰਧਾਂ ਦੇ ਅਧਿਐਨ ਕਰਨ ਦੇ ਕਾਰਣ ਸਮਾਜਕ ਵਿਗਿਆਨਾਂ ਦਾ ਵਿਸ਼ਾ ਖੇਤਰ ਹੋਰਨਾਂ ਸਮਾਜਕ ਵਿਗਿਆਨਾਂ ਤੋਂ ਵੱਖਰਾ ਹੈ, ਤਾਂ ਵੀ ਇਸ ਖੇਤਰ ਦੇ ਅਧਿਐਨ ਲਈ ਸਮਾਜ ਵਿਗਿਆਨ ਨੂੰ ਹੋਰਾਂ ਸਮਾਜਕ ਵਿਗਿਆਨਾਂ ਦੀ ਸਹਾਇਤਾ ਅਵੱਸ਼ ਲੈਣੀ ਪੈਂਦੀ ਹੈ, ਕਿਉਂਕਿ ਕਿਸੇ ਵੀ ਸਮਾਜਕ ਘਟਨਾ ਦਾ ਅਧਿਐਨ ਕਰਨ ਲਈ ਉਸ ਘਟਨਾ ਦੇ ਸਾਰੇ ਪੱਖਾਂ ਤੇ ਵਿਚਾਰ ਕਰਨਾ ਪੈਂਦਾ ਹੈ। **ਮੈਕਾਇਵਰ** ਨੇ ਠੀਕ ਕਿਹਾ ਹੈ ਕਿ ਸਮਾਜ-ਵਿਗਿਆਨ ਦੀ ਹੈਸੀਅਤ ਵਿਚ ਅਸੀਂ ਰਾਜਨੀਤਿਕ, ਧਾਰਮਿਕ, ਆਰਥਿਕ ਆਦਿ ਸੰਬੰਧਾਂ ਵਿਚ ਦਿਲਚਸਪੀ ਲੈਂਦੇ ਹਾਂ, ਇਸ ਕਰਕੇ ਨਹੀਂ ਕਿ ਉਹ ਸੰਬੰਧ ਆਰਥਿਕ ਜਾਂ ਰਾਜਨੀਤਿਕ ਹਨ, ਸਗੋਂ ਇਸ ਲਈ ਕਿ ਉਹ ਨਾਲ ਨਾਲ ਸਮਾਜਕ ਹਨ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਦ੍ਰਿਸ਼ਟੀਕੋਣ ਹੀ ਇਕ ਵਿਗਿਆਨ ਨੂੰ ਦੂਜੇ ਵਿਗਿਆਨ ਤੋਂ ਵੱਖਰਾ ਕਰਦਾ ਹੈ ਨਾ ਕਿ ਵਿਸ਼ੇ ਸਮੱਗਰੀ। **ਗਰੀਨ** ਨੇ ਇਸ ਵਿਚਾਰ ਦਾ ਸਮਰਥਨ ਕਰਦੇ ਹੋਏ ਲਿਖਿਆ ਹੈ, ''ਸਮਾਜਕ ਸੰਬੰਧਾਂ ਉੱਤੇ ਧਿਆਨ ਦਾ ਕੇਂਦਰਿਤ ਹੋਣਾ ਸਮਾਜ ਵਿਗਿਆਨ ਨੂੰ ਇਕ ਪ੍ਰਿਥਕ ਵਿਸ਼ਾ ਬਣਾ ਦਿੰਦਾ ਹੈ, ਭਾਵੇ ਂ ਉਹ ਦੂਜੇ ਸਮਾਜਕ ਵਿਗਿਆਨਾਂ ਨਾਲ ਕਿੰਨੇ ਵੀ ਸਪਸ਼ਟ ਰੂਪ ਵਿਚ ਸੰਬੰਧ ਕਿਉਂ ਨਾ ਜੋੜੇ'' ਇਸ ਤਰ੍ਹਾਂ

ਦ੍ਰਿਸ਼ਟੀਕੋਣ ਦੇ ਅੰਤਰ ਨਾਲ ਸਮਾਜ ਵਿਗਿਆਨ ਦਾ ਖੇਤਰ ਵੀ ਹੋਰਨਾਂ ਵਿਗਿਆਨਾਂ ਤੋਂ ਵੱਖਰਾ ਹੈ।

**ਆਪਣਾ ਗਿਆਨ ਪਰਖੋ**

1. ਸਮਾਜ ਵਿਗਿਆਨ ਦਾ ਜਨਮ ਦਾਤਾ ਕੌਣ ਹੈ ਅਤੇ ਇਹ ਕਿਸ ਸਦੀ ਦੀ ਦੇਣ ਹੈ?

..............................................................................................................................

..............................................................................................................................

..............................................................................................................................

2. ਕੀ ਸਮਾਜ ਵਿਗਿਆਨ ਵਾਪਰਦੀਆਂ ਅੰਤਰ ਕ੍ਰਿਆਵਾਂ ਦਾ ਅਧਿਐਨ ਹੈ? ਕਿਵੇਂ?

..............................................................................................................................

..............................................................................................................................

3. ਮਨੁੱਖੀ ਸਮਾਜ ਦੇ ਕਿਹੜੇ ਚਾਰ ਅਦਾਰੇ ਹਨ ਜਿਹਨਾਂ ਦਾ ਅਧਿਐਨ ਕੇਵਲ ਸਮਾਜ ਵਿਗਿਆਨ ਹੀ ਕਰਦਾ ਹੈ?

..............................................................................................................................

..............................................................................................................................

### 1.1.5 ਪ੍ਰਕ੍ਰਿਤੀ (Nature)

ਜਿਵੇਂ ਕਿ ਪਹਿਲਾ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਮਾਜ ਵਿਗਿਆਨ ਦੀ ਪ੍ਰਕ੍ਰਿਤੀ ਇਕ ਵਿਵਾਦ ਗ੍ਰਸਤ ਵਿਸ਼ਾ ਸੀ। ਉਨੀਵੀਂ ਸਦੀ ਤੋਂ ਪਹਿਲਾਂ ਇਸ ਨੂੰ ਸਮਾਜ ਸ਼ਾਸਤਰ ਦੇ ਤੌਰ ਤੇ ਲਿਆ ਜਾਂਦਾ ਸੀ। ਪਰ **ਅਗਸਤ ਕੌਤ** ਨੇ ਇਸ ਨੂੰ ਵਿਗਿਆਨ ਸਿੱਧ ਕੀਤਾ। ਕੀ ਸੱਚਮੁੱਚ ਹੀ ਸ਼ੋਸ਼ਿਆਲੋਜੀ ਇਕ ਵਿਗਿਆਨ ਹੈ ਇਸ ਨੂੰ ਸਮਝਣ ਲਈ ਸਾਨੂੰ ਸਭ ਤੋਂ ਪਹਿਲਾਂ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਵਿਗਿਆਨ ਕੀ ਹੈ ? ਵਿਗਿਆਨ ਗਿਆਨ ਨੂੰ ਇਕੱਠਾ ਕਰਨ ਦੀ ਇਕ ਵਿਧੀ ਹੈ ਜਿਸ ਦੀਆਂ ਕੁਝ ਮੁੱਖ ਵਿਸ਼ੇਸ਼ਤਾਈਆਂ ਹੁੰਦੀਆਂ ਹਨ ਜਿਵੇਂ :

(ੳ) ਪ੍ਰਯੋਗਾਤਮਕ (Experimentation) :ਪ੍ਰਯੋਗਸ਼ਾਲਾਵਾਂ ਵਿਚ ਨਿਯੰਤਰਿਤ ਸਥਿਤੀਆਂ ਵਿਚ ਪ੍ਰਯੋਗ ਕੀਤੇ ਜਾਂਦੇ ਹਨ।

(ਅ) ਬਾਹਰਮੁਖਤਾ (Objectivity) :ਅਧਿਐਨ ਪੂਰਣ ਰੂਪ ਵਿਚ ਵਸਤੂ-ਪੂਰਕ ਹੋਣ । ਜਿਸ ਵਿਚ ਖੋਜਾਰਥੀ ਦੀ ਆਪਣੀ ਸੋਚ (bias) ਨਾ ਹੋਵੇ।

(ੲ) ਸਧਾਰਣੀਕਰਨ (Generalization) :ਇਸ ਦੇ ਨਿਯਮ ਨਿਸ਼ਚਿਤ ਹੋਣੇ ਚਾਹੀਦੇ ਹਨ ਜੋ ਸਾਰੇ ਸਮਾਜਾਂ ਵਿਚ ਹਰ ਥਾਂ ਤੇ ਹਰ ਸਮੇਂ ਸੱਚ ਨਿਕਲਣ ਇਹ ਨਿਯਮ ਸਰਵ-ਵਿਆਪੀ ਹੋਣੇ ਚਾਹੀਦੇ ਹਨ।

(ਸ) ਭਵਿੱਖਬਾਣੀ (Perdiction) :ਪੂਰਣ-ਅਨੁਮਾਨ ਦੀ ਸੰਭਾਵਨਾ। ਸਹੀ ਭਵਿਖਬਾਣੀ ਕਰਨ ਦੀ ਸਮਰੱਥਾ।

ਵਿਗਿਆਨ ਦੀਆਂ ਵਿਸ਼ੇਸ਼ਤਾਈਆਂ ਜਾਣਨ ਤੋਂ ਬਾਅਦ ਆਓ ਇਸ ਗੱਲ ਤੇ ਝਾਤ ਮਾਰੀਏ ਕਿ ਕੀ ਸਮਾਜ ਵਿਗਿਆਨ-ਵਿਗਿਆਨ ਹੈ ਜਾਂ ਨਹੀਂ ? ਕੁਝ ਸਮਾਜ ਵਿਗਿਆਨੀਆਂ ਨੇ ਇਨ੍ਹਾਂ ਗੱਲਾਂ ਨੂੰ ਮੱਦੇ ਨਜ਼ਰ ਰੱਖਦੇ

ਹੋਏ ਸਮਾਜ ਵਿਗਿਆਨ ਨੂੰ ਵਿਗਿਆਨ ਮੰਨਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ

**1.1.5.1ਪ੍ਰਯੋਗਾਤਮਕ ਵਿਧੀ** : ਸਮਾਜ ਵਿਗਿਆਨ ਵਿਚ ਪ੍ਰਯੋਗਾਤਮਕ ਵਿਧੀ (Experimental method) ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਦਾ ਵਿਸ਼ਾ ਮਨੁੱਖੀ ਸਮਾਜ ਹੈ ਜਿਸ ਦੇ ਤਜ਼ਰਬੇ ਜਾਂ ਪ੍ਰਯੋਗ ਪ੍ਰਯੋਗਸ਼ਾਲਾਵਾਂ ਵਿਚ ਉਨ੍ਹਾਂ ਵਿਧੀਆਂ ਦੁਆਰਾ ਨਹੀਂ ਕੀਤੇ ਜਾ ਸਕਦੇ ਜਿਵੇਂ ਪ੍ਰਾਕ੍ਰਿਤਕ ਵਿਗਿਆਨਾਂ (Natural sciences) ਵਿਚ ਕੀਤੇ ਜਾਂਦੇ ਹਨ। ਸਮਾਜ ਵਿਗਿਆਨ ਮਨੁੱਖੀ ਵਿਵਹਾਰ ਅਤੇ ਸੰਬੰਧਾਂ ਦਾ ਅਧਿਐਨ ਕਰਦਾ ਹੈ। ਮਨੁੱਖੀ ਵਿਵਹਾਰ ਅਤੇ ਸੰਬੰਧਾਂ ਵਿਚ ਬਹੁਤ ਭਿੰਨਤਾ ਪਾਈ ਜਾਂਦੀ ਹੈ। ਇਨ੍ਹਾਂ ਦੀ ਅਨੁਰੂਪਤਾ ਨੂੰ ਨਿਰਖਿਆ ਨਹੀਂ ਜਾ ਸਕਦਾ। ਨਾ ਹੀ ਮਨੁੱਖੀ ਵਿਵਹਾਰ ਜਾਂ ਸੰਬੰਧਾਂ ਨੂੰ ਪ੍ਰਯੋਗਸ਼ਾਲਾਂ ਵਿਚ ਲਿਜਾਕੇ ਪ੍ਰਯੋਗ ਕੀਤਾ ਜਾ ਸਕਦਾ ਹੈ। ਇਸ ਲਈ ਅਸੀਂ ਸਮਾਜ ਵਿਗਿਆਨ ਨੂੰ ਵਿਗਿਆਨ ਨਹੀਂ ਕਹਿ ਸਕਦੇ।

**1.1.5.2 ਬਾਹਰਮੁੱਖਤਾ** : ਸਮਾਜ ਵਿਗਿਆਨ ਲਈ ਇਹ ਬਹੁਤ ਹੀ ਮੁਸ਼ਕਿਲ ਹੈ ਕਿ ਉਹ ਆਪਣੇ ਅਧਿਐਨ ਜਾਂ ਖੋਜ ਕਾਰਜਾਂ ਵਿਚ ਬਾਹਰਮੁੱਖਤਾ (objectivity) ਲਿਆ ਸਕੇ। ਖੋਜ ਕਰਤਾ ਕਿਸੇ ਨਾ ਕਿਸੇ ਸਮੂਹ, ਸਮੁਦਾਇ ਅਤੇ ਸਮਾਜ ਦਾ ਮੈਂਬਰ ਹੁੰਦਾ ਹੈ। ਉਹ ਉਸ ਸਮੂਹ ਜਾਂ ਸਮੁਦਾਇ ਦੀਆਂ ਕਦਰਾਂ ਕੀਮਤਾਂ, ਰੀਤੀ ਰਿਵਾਜਾਂ ਤੇ ਸਮਾਜਕ ਪ੍ਰਮਾਪਾਂ ਨਾਲ ਜੁੜਿਆ ਹੁੰਦਾ ਹੈ। ਜਿਨ੍ਹਾਂ ਨਾਲੋਂ ਉਸ ਦੀ ਸੋਚ ਨੂੰ ਵੱਖ ਕਰਨਾ ਅਤਿਅੰਤ ਮੁਸ਼ਕਿਲ ਹੁੰਦਾ ਹੈ। ਖੋਜ ਕਰਦੇ ਸਮੇਂ ਉਨ੍ਹਾਂ ਦੀਆਂ ਭਾਵਨਾਵਾਂ, ਰੁਚੀਆਂ ਤੇ ਅਨੁਭਵ ਦਾ ਅਧਿਐਨ ਤੇ ਜ਼ਰੂਰ ਅਸਰ ਪੈਂਦਾ ਹੈ। ਅਧਿਐਨ ਕਰਦੇ ਸਮੇਂ ਉਹ ਅਸਲੀਅਤ ਤੋਂ ਪਰ੍ਹੇ ਹੱਟ ਸਕਦੇ ਹਨ। ਖੋਜ ਕਰਤਾ ਦੇ ਨਿੱਜੀ ਵਿਚਾਰਾਂ ਦਾ ਅਸਰ ਅਧਿਐਨ ਤੇ ਜ਼ਰੂਰ ਪਵੇਗਾ ਜਿਸ ਨਾਲ ਅਧਿਐਨ ਸੰਪੂਰਣ, ਵਸਤੂ ਨਿਸ਼ਠਤਾ ਵਾਲਾ ਅਤੇ ਅਸਲੀ ਨਹੀਂ ਹੋ ਸਕਦਾ।

**1.1.5.3 ਸਧਾਰਣੀਕਰਣ** : ਇਕ ਹੋਰ ਇਤਰਾਜ ਜੋ ਸਮਾਜ ਵਿਗਿਆਨੀ ਉਠਾਉਂਦੇ ਹਨ ਉਹ ਇਹ ਹੈ ਕਿ ਸ਼ੋਸ਼ਿਆਲੋਜੀ ਨੂੰ ਵਿਗਿਆਨ ਨਹੀਂ ਮੰਨ ਸਕਦੇ ਕਿਉਂਕਿ ਇਸ ਦੁਆਰਾ ਕੀਤੇ ਅਧਿਐਨਾਂ ਵਿਚੋਂ ਸਧਾਰਣੀਕਰਨ ਨਹੀਂ ਕੱਢੇ ਜਾ ਸਕਦੇ। ਸਮਾਜ ਵਿਗਿਆਨ ਦੇ ਨਿਯਮ ਨਿਸ਼ਚਿਤ ਨਹੀਂ ਹੁੰਦੇ ਨਾ ਹੀ ਸਰਵ-ਵਿਆਪੀ (universal) ਹੁੰਦੇ ਹਨ ਜੋ ਹਰ ਥਾਂ ਅਤੇ ਹਰ ਸਮੇਂ, ਸਾਰੇ ਸਮਾਜਾਂ ਤੇ ਲਾਗੂ ਕੀਤੇ ਜਾ ਸਕਣ। ਕਿਉਂਕਿ ਸੰਸਾਰ ਦੇ ਵੱਖ ਵੱਖ ਸਮਾਜਾਂ ਵਿਚ ਭਿੰਨਤਾ ਪਾਈ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਸਮੇ ਸਮੇਂ ਸਿਰ ਇਨ੍ਹਾਂ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ ਇਸ ਲਈ ਅਸੀਂ ਕੋਈ ਸਮਾਨਯ ਜਾਂ ਆਮ ਨਿਯਮ (general laws) ਨਹੀਂ ਬਣਾ ਸਕਦੇ ਜੋ ਸਾਰੇ ਸਮਾਜਾਂ ਤੇ ਢੁੱਕਵੇਂ ਹੋਣ। ਅਗਰ ਕਿਸੇ ਵਿਦਿਆ ਸ਼ਾਖਾ ਦੇ ਸਮਾਨਯ ਨਿਯਮ ਨਹੀਂ ਹਨ ਤਾਂ ਉਸ ਨੂੰ ਵਿਗਿਆਨ ਨਹੀਂ ਕਿਹਾ ਜਾ ਸਕਦਾ।

**1.1.5.4 ਭਵਿੱਖਬਾਣੀ** : ਇਕ ਹੋਰ ਤਰਕ ਜੋ ਸਮਾਜ ਵਿਗਿਆਨੀ ਦਿੰਦੇ ਹਨ ਉਹ ਹੈ ਕਿ ਇਹ ਪ੍ਰਾਕ੍ਰਿਤਕ ਵਿਗਿਆਨਾਂ ਦੀ ਤਰ੍ਹਾਂ ਭਵਿੱਖਬਾਣੀ ਕਰਨ ਦੇ ਅਸਮਰੱਥ ਹੈ। ਸਮਾਜਕ ਘਟਨਾਵਾਂ ਦੀ ਜਟਿਲਤਾ ਅਤੇ ਪਰਿਵਰਤਨਸ਼ੀਲਤਾ ਹੋਣ ਕਾਰਨ ਇਨ੍ਹਾਂ ਦੀ ਸੱਚੀ ਭਵਿੱਖਬਾਣੀ ਕਰਨੀ ਮੁਸ਼ਕਿਲ ਹੈ। ਸਮਾਜ ਵਿਗਿਆਨ ਦੀ ਵਿਸ਼ੇ ਸਮੱਗਰੀ ਹੈ, ਸਮਾਜਕ ਸੰਬੰਧ, ਵਿਵਹਾਰ ਤੇ ਪ੍ਰਕ੍ਰਿਆਵਾਂ ਜੋ ਵੱਖ ਵੱਖ ਸਮਾਜਾਂ ਤੇ ਸਮੁਦਾਇ ਵਿਚ ਭਿੰਨ ਭਿੰਨ ਹਨ ਅਤੇ ਸਮੇਂ ਸਮੇਂ ਸਿਰ ਉਨ੍ਹਾਂ ਵਿਚ ਬਦਲਾਓ ਆਉਂਦਾ ਰਹਿੰਦਾ ਹੈ ਜਿਸ ਸਦਕਾ ਉਨ੍ਹਾਂ ਬਾਰੇ ਭਵਿੱਖਬਾਣੀ ਸੰਭਵ ਨਹੀਂ।

ਉਪਰ ਦਿੱਤੇ ਆਧਾਰ ਤੇ ਕੁਝ ਵਿਗਿਆਨੀ ਸਮਾਜ ਵਿਗਿਆਨ ਨੂੰ ਵਿਗਿਆਨ ਨਹੀਂ ਮੰਨਦੇ ਪਰ ਬਹੁਤ ਸਾਰੇ ਸਮਾਜ ਵਿਗਿਆਨੀਆਂ ਨੇ ਇਨ੍ਹਾਂ ਆਧਾਰਾਂ ਦਾ ਖੰਡਨ ਹੇਠ ਲਿਖੇ ਤਰੀਕੇ ਨਾਲ ਕੀਤਾ ਹੈ।

(ੳ) ਭਾਵੇਂ ਪ੍ਰਯੋਗ ਜਾਂ ਤਜ਼ਰਬੇ ਕਰਨਾ ਵਿਗਿਆਨ ਦਾ ਮੁੱਢਲਾ ਆਧਾਰ ਹੈ ਪਰ ਇਹ ਜ਼ਰੂਰੀ ਨਹੀਂ ਕਿ ਇਹ ਤਜ਼ਰਬੇ ਪ੍ਰਯੋਗਸ਼ਾਲਾ ਵਿਚ ਹੀ ਕੀਤੇ ਜਾਣ। ਜਿਵੇਂ ਅਸੀਂ ਵੇਖਦੇ ਹਾਂ ਕਿ ਤਾਰਾ ਵਿਗਿਆਨ (Astrology) ਵੀ ਆਪਣੇ ਤਜ਼ਰਬੇ ਪ੍ਰਯੋਗਸ਼ਾਲਾ ਵਿਚ ਨਹੀਂ ਕਰਦੀ ਕਿਉਂਕਿ ਆਕਾਸ਼ ਦੇ ਗ੍ਰਹਿਾਂ ਨੂੰ ਪ੍ਰਯੋਗਸ਼ਾਲਾ ਵਿਚ ਨਹੀਂ ਲਿਆਂਦਾ ਜਾ ਸਕਦਾ। ਪਰ ਅਸੀਂ ਤਾਰਾ ਵਿਗਿਆਨ ਨੂੰ ਫਿਰ ਵੀ ਵਿਗਿਆਨ ਮੰਨਦੇ

ਹਾਂ। ਦੂਜੇ ਸਮਾਜ ਵਿਗਿਆਨ ਲਈ ਸਮਾਜ ਹੀ ਪ੍ਰਯੋਗਸ਼ਾਲਾ ਦਾ ਕੰਮ ਕਰਦਾ ਹੈ ਜਿੱਥੇ ਸਮਾਜਕ ਸੰਬੰਧਾਂ ਤੇ ਪ੍ਰਕ੍ਰਿਆਵਾਂ ਨੂੰ ਪਰਖਿਆ ਜਾਂਦਾ ਹੈ। ਜੋ ਲੋਕ ਇਹ ਤਰਕ ਦਿੰਦੇ ਹਨ ਕਿ ਮਨੁੱਖੀ ਵਿਵਹਾਰ ਤੇ ਸੰਬੰਧ ਭਿੰਨ ਭਿੰਨ ਤਰ੍ਹਾਂ ਦੇ ਅਤੇ ਪਰਿਵਰਤਨਸ਼ੀਲ ਹੁੰਦੇ ਹਨ ਇਸ ਲਈ ਸਮਾਜ ਵਿਗਿਆਨ ਦੇ ਅਧਿਐਨ ਦੁਆਰਾ ਕੱਢੇ ਸਿੱਟੇ ਅਰਥਹੀਣ ਹੋਣਗੇ। ਇਹ ਗੱਲ ਠੀਕ ਨਹੀਂ। ਕਿਉਂਕਿ ਸਮਾਜ ਵਿਗਿਆਨ ਦਾ ਅਧਿਐਨ ਖੇਤਰ ਮਨੁੱਖੀ ਵਿਵਹਾਰ ਨਹੀਂ ਸਗੋਂ ਸਮੂਹਿਕ ਵਿਵਹਾਰ ਦੇ ਸਾਂਝੇ ਪ੍ਰਤਿਮਾਨਾਂ (common patterns) ਦੀ ਭਾਲ ਹੈ। ਸਮਾਜ ਵਿਗਿਆਨ ਵਿਚ ਵਰਤੀਆਂ ਜਾਂਦੀਆਂ ਤਕਨੀਕਾਂ ਪ੍ਰਯੋਗੀਕਰਣ ਦੀ ਵਿਧੀ ਦਾ ਭਾਗ ਹੀ ਹਨ। ਜਿਵੇ ਇੰਟਰਵੀਊ, ਪ੍ਰਸ਼ਨਾਵਲੀ ਅਤੇ ਨਿਰੀਖਣ ਅਧਿਐਨ ਪ੍ਰਣਾਲੀ ਦੀ ਵਰਤੋਂ ਕਰਨੀ ਸੂਚਨਾਵਾਂ ਇਕੱਠੀਆਂ ਕਰਨ ਲਈ ਕੈਮਰੇ ਅਤੇ ਟੇਪ ਰਿਕਾਰਡ ਦੀ ਵਰਤੋਂ ਕਰਨੀ ਤਾਂਕਿ ਘਟਨਾ ਦੀ ਅਸਲੀਅਤ ਨੂੰ ਜਾਣਿਆ ਜਾ ਸਕੇ।

(ਅ) ਦੂਸਰਾ ਸਵਾਲ ਇਸ ਨੂੰ ਵਿਗਿਆਨ ਨਾ ਮੰਨਣ ਲਈ ਬਾਹਰਮੁੱਖਤਾ (objectivity) ਦਾ ਪੈਦਾ ਹੁੰਦਾ ਹੈ। ਜੇਕਰ ਸਮਾਜ ਵਿਗਿਆਨੀ ਕਠੋਰਤਾ ਨਾਲ ਵਿਗਿਆਨਕ ਵਿਧੀ ਨੂੰ ਅਪਣਾਏ ਤਾਂ ਉਹ ਆਪਣੇ ਅਧਿਐਨ ਵਿਚ ਜ਼ਰੂਰ ਹੀ ਬਾਹਰਮੁੱਖਤਾ ਜਾਂ ਵਸਤੂ ਪਰਪਕਤਾ ਹਾਸਲ ਕਰ ਸਕਦਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਭਾਵਨਾਵਾਂ, ਰੁਚੀਆਂ ਅਤੇ ਅਨੁਭਵਾਂ ਆਦਿ ਦਾ ਪ੍ਰਭਾਵ ਆਪਣੇ ਅਧਿਐਨ ਤੇ ਨਾ ਪੈਣ ਦੇਵੇ। ਸਮਾਜ ਵਿਗਿਆਨੀ ਵਿਚ ਇੰਨੀ ਜਾਗਰੂਕਤਾ (awareness) ਹੋਣੀ ਲਾਜ਼ਮੀ ਹੈ ਕਿ ਉਹ ਮੁੱਲ ਅੰਕਣਾ (Value Judgement) ਅਤੇ ਕੀਮਤਾਂ (Values) ਵਿਚ ਭੇਦ ਕਰ ਸਕੇ ਅਤੇ ਇਹ ਯੋਗਤਾ ਹਾਸਲ ਕਰੇ ਕਿ ਉਹ ਕੀਮਤਾਂ ਦਾ ਤੱਥਾਂ ਦੇ ਰੂਪ ਵਿਚ ਅਧਿਐਨ ਕਰ ਸਕੇ।

(ੲ) ਵਿਗਿਆਨ ਵਿਚ ਨਿਯਮ ਅਤੇ ਸਿਧਾਂਤਾਂ ਦੀ ਸਰਵ-ਵਿਆਪਕਤਾ ਲਾਜ਼ਮੀ ਹੈ। ਇਸ ਲਈ ਸਮਾਜ ਵਿਗਿਆਨ ਵੀ ਇਹ ਯਤਨ ਕਰਦਾ ਹੈ ਕਿ ਉਹ ਅਜਿਹੇ ਨਿਯਮ ਅਤੇ ਸਿਧਾਂਤ ਘੜਨ ਦਾ ਯਤਨ ਕਰੇ ਜੋ ਸਰਵ-ਵਿਆਪਕ (universal) ਹੋਣ ਭਾਵ ਹਰ ਥਾਂ ਅਤੇ ਹਰ ਸਮੇਂ ਲਾਗੂ ਕੀਤੇ ਜਾ ਸਕਣ। ਸਮਾਨ ਪਰਿਸਥਿਤੀਆਂ ਵਿਚ ਕੁਝ ਅਜਿਹੇ ਨਿਯਮ ਅਤੇ ਸਿਧਾਂਤ ਸਮਾਜ ਵਿਗਿਆਨ ਵੀ ਲਾਗੂ ਕਰਦਾ ਹੈ ਜਿਵੇਂ ਵਸੋਂ ਦੇ ਵੱਧਣ ਨਾਲ ਗ਼ਰੀਬੀ ਅਤੇ ਪ੍ਰਤਿਯੋਗਤਾ ਵਧਦੀ ਹੈ।

(ਸ) ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਮਾਜ ਵਿਗਿਆਨ ਸਤ-ਪ੍ਰਤੀਸ਼ਤ ਦੋਸ਼ ਰਹਿਤ ਭਵਿੱਖਬਾਣੀ ਕਰਨ ਦੇ ਅਸਮਰੱਥ ਹੈ ਪਰ ਫਿਰ ਵੀ ਕਾਫ਼ੀ ਹੱਦ ਤਕ ਭਵਿੱਖਬਾਣੀ ਕਰਨ ਦਾ ਯਤਨ ਕਰਦਾ ਹੈ ਉਦਾਹਰਣ ਦੇ ਤੌਰ ਤੇ ਜਿਉਂ ਜਿਉਂ ਸਮਾਜ ਵਿਚ ਬੇਰੁਜ਼ਗਾਰੀ ਵਧੇਗੀ ਤਾਂ ਨਾਲ ਨਾਲ ਜ਼ੁਰਮ (crime) ਵੀ ਵਧੇਗਾ ਬੇਸ਼ਕ ਸਮਾਜਕ ਜੀਵਨ ਦੇ ਸਾਰੇ ਖੇਤਰਾਂ ਵਿਚ ਦੋਸ਼ ਰਹਿਤ ਭਵਿੱਖਬਾਣੀ ਕਰਨਾ ਸੰਭਵ ਨਹੀਂ ਪਰ ਅਜਿਹਾ ਤਾਂ ਪ੍ਰਕ੍ਰਿਤਕ ਵਿਗਿਆਨਾਂ ਲਈ ਵੀ ਜ਼ਰੂਰੀ ਨਹੀਂ ਕਿ ਉਹ ਦੋਸ਼ ਮੁਕਤ ਭਵਿੱਖਬਾਣੀ ਕਰ ਸਕਣ ਜਿਵੇਂ ਅਸੀਂ ਜੇ ਮੌਸਮ ਵਿਗਿਆਨ (Metrology) ਦੀ ਗੱਲ ਕਰੀਏ ਤਾਂ ਇਹ ਵੀ ਸਤ-ਪ੍ਰਤੀਸ਼ਤ ਠੀਕ ਭਵਿੱਖਬਾਣੀ ਨਹੀਂ ਕਰ ਸਕਦੀ। ਕਈ ਵਾਰ ਹੁੰਦਾ ਹੈ ਕਿ ਮੀਂਹ ਪਵੇਗਾ ਪਰ ਨਹੀਂ ਪੈਂਦਾ ਇਸ ਲਈ ਇਸ ਦੀ ਭਵਿੱਖਬਾਣੀ ਠੀਕ ਜਾਂ ਨਿਸ਼ਚਿਤ ਨਹੀਂ ਹੁੰਦੀ। ਲੇਕਿਨ ਅਸੀਂ ਇਹ ਤਾਂ ਨਹੀਂ ਕਹਿ ਸਕਦੇ ਕਿ Metrology ਵਿਗਿਆਨ ਨਹੀਂ ਹੈ।

### 1.1.6 ਸਾਰ

ਉਪਰੋਕਤ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਸਮਾਜ ਵਿਗਿਆਨ ਨੂੰ ਅਸੀਂ ਵਿਗਿਆਨਕ ਵਿਸ਼ਾ ਮੰਨ ਸਕਦੇ ਹਾਂ ਕਿਉਂਕਿ ਇਸ ਵਿਚ ਉਹ ਸਾਰੇ ਲੱਛਣ ਮੌਜੂਦ ਹਨ ਜੋ ਇਕ ਵਿਗਿਆਨਕ ਵਿਸ਼ੇ ਵਿਚ ਹੋਣੇ ਚਾਹੀਦੇ ਹਨ। ਮਸਲਨ :

1. ਇਹ ਵਾਸਤਵਿਕ ਜਾਂ ਪ੍ਰਯੋਗ ਸਿੱਧ (empirical) ਵਿਗਿਆਨ ਹੈ ਕਿਉਂਕਿ ਇਹ ਉਨ੍ਹਾਂ ਤੱਥਾਂ ਤੇ ਆਧਾਰਿਤ ਹੈ ਜਿਹੜੇ ਅਧਿਆਤਮਿਕ (metaphysical) ਨਹੀਂ ਬਲਕਿ ਵੇਖੇ, ਵਿਖਾਏ ਅਤੇ ਪੜਚੋਲੇ

ਜਾ ਸਕਦੇ ਹਨ। ਬੇਸ਼ਕ ਇਨ੍ਹਾਂ ਤੱਥਾਂ ਦੀ ਸਚਾਈ ਪ੍ਰਯੋਗਸ਼ਾਲਾ ਵਿਚ ਪਰਮਾਣਿਤ ਨਹੀਂ ਕੀਤੀ ਜਾ ਸਕਦੀ ਪਰ ਦੂਸਰੇ ਰਲਦੇ ਮਿਲਦੇ ਤੱਥਾਂ ਨਾਲ ਇਸ ਦੀ ਤੁਲਨਾ ਜ਼ਰੂਰ ਕੀਤੀ ਜਾ ਸਕਦੀ ਹੈ।

2. ਇਹ ਸਮਾਜ ਵਿਗਿਆਨਕ ਸਿਧਾਂਤ ਤੇ ਆਧਾਰਿਤ ਹੈ। ਸਮਾਜਕ ਪਰਪੰਚਾ ਨੂੰ ਅਸੀਂ ਅਮੂਰਤ (abstract) ਸੰਕਲਪਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਫੇਰ ਸਮਾਜਕ ਸਿਧਾਂਤ ਦੀ ਰਚਨਾ ਕਰਦੇ ਹਾਂ ਜਿਹੜਾ ਕਿਸੇ ਖ਼ਾਸ ਸਮਾਜ ਲਈ ਨਹੀਂ ਬਲਕਿ ਪੂਰਨ ਮਨੁੱਖੀ ਸਮਾਜ ਦੇ ਸਮਾਜਕ ਵਰਤਾਰਿਆਂ ਤੇ ਲਾਗੂ ਹੁੰਦਾ ਹੈ। ਇਹੀ ਕਾਰਣ ਹੈ ਕਿ ਜੋ ਸਮਾਜ ਵਿਗਿਆਨਕ ਖੋਜਾਂ ਯੂਰਪੀ ਅਤੇ ਅਮਰੀਕੀ ਸਮਾਜ ਵਿਗਿਆਨੀਆਂ ਨੇ ਕੀਤੀਆਂ ਉਹ ਸਾਡੇ ਸਮਾਜ ਨੂੰ ਸਮਝਣ ਵਿਚ ਹੀ ਕਾਰਗਰ ਜਾਂ ਸਹਾਈ ਸਾਬਤ ਹੁੰਦੀਆਂ ਹਨ।

3. ਇਹ ਵਿਗਿਆਨ ਸੰਕਲਪਾਂ ਅਤੇ ਪਰਿਕਲਪਨਾਵਾਂ (hypothesis) ਤੇ ਆਧਾਰਿਤ ਹੈ। ਇਸੇ ਕਰਕੇ ਇਕ ਸਮਾਜ ਦੀਆਂ ਖੋਜਾਂ, ਲੱਭਤਾਂ ਨੂੰ ਦੂਜੇ ਸਮਾਜ ਤੇ ਲਾਗੂ ਕਰ ਸਕਦੇ ਹਾਂ ਅਤੇ ਇਨ੍ਹਾਂ ਖੋਜਾਂ ਦੀ ਬਾਹਰਮੁੱਖਤਾ (objectivity) ਸਥਾਪਤ ਕਰ ਸਕਦੇ ਹਾਂ।

4. ਇਹ ਵਿਗਿਆਨ **ਮੈਕਸ ਵੇਬਰ** ਦੀਆਂ ਦਿੱਤੀਆਂ ਹਦਾਇਤਾਂ ਅਨੁਸਾਰ ਕਾਫ਼ੀ ਹੱਦ ਤਕ ਕੀਮਤ ਮੁਕਤ ਵਿਗਿਆਨ (value free science) ਵੀ ਹੈ ਕਿਉਂਕਿ ਸਮਾਜ ਵਿਗਿਆਨੀ ਆਪਣੀਆਂ ਕਦਰਾਂ-ਕੀਮਤਾਂ ਨੂੰ ਆਪਣੀ ਖੋਜ ਤੋਂ ਪਰੇ ਰੱਖਦੇ ਹਨ। ਉਹ ਇਸ ਕੋਸ਼ਿਸ਼ ਵਿਚ ਰਹਿੰਦੇ ਹਨ, ਕਿ ਆਪਣੀਆਂ ਭਾਵਨਾਵਾਂ ਤੇ ਰੁਚੀਆਂ ਨੂੰ ਖੋਜ ਤੇ ਭਾਰੂ ਨਾ ਹੋਣ ਦੇਣ।

5. ਇਹ ਵਿਗਿਆਨ ਮੁੱਲ ਅੰਕਣ (value judgement) ਵੀ ਨਹੀਂ ਕਰਦਾ। ਸਮਾਜ ਵਿਗਿਆਨਕ ਖੋਜ ਦਾ ਅਦਾਰਾ ਸਮਾਜਕ ਵਰਤਾਰਿਆਂ ਨੂੰ ਜਿਉਂ ਦਾ ਤਿਉਂ ਦਰਸਾਉਂਦਾ ਹੈ ਅਤੇ ਉਨ੍ਹਾਂ ਦਾ ਵਿਗਿਆਨਕ ਵਿਧੀ ਨਾਲ ਵਿਸ਼ਲੇਸ਼ਣ ਕਰਦਾ ਹੈ। ਸਮਾਜ ਵਿਗਿਆਨੀ ਕਦੇ ਇਹ ਨਹੀਂ ਕਹਿੰਦਾ ਕਿ ਇਹ ਵਰਤਾਰੇ ਠੀਕ ਹਨ ਜਾਂ ਗ਼ਲਤ, ਚੰਗੇ ਹਨ ਜਾਂ ਮਾੜੇ ਕਿਉਂਕਿ ਇਹ ਵਰਤਾਰੇ ਤਾਂ culture specific ਹਨ। ਇਕ ਰਸਮ (ੳ) ਸਭਿਆਚਾਰ ਅਨੁਸਾਰ ਚੰਗੀ ਸਮਝੀ ਜਾਂਦੀ ਹੈ ਪਰ (ਅ) ਸਭਿਆਚਾਰ ਅਨੁਸਾਰ ਗ਼ੈਰ-ਸਮਾਜਕ ਹੋ ਸਕਦੀ ਹੈ। ਇਸੇ ਕਰਕੇ ਸਮਾਜ ਵਿਗਿਆਨ ਅਜਿਹੇ ਸਪਸ਼ਟੀਕਰਨ (Judgement) ਤੋਂ ਪਰਹੇਜ ਕਰਦਾ ਹੈ।

### 1.1.7 <u>ਮੁੱਖ ਸ਼ਬਦ</u>

ਸਮਾਜਕ ਵਿਵਸਥਾ: ਸਮਾਜਿਕ ਸੰਸਥਾਵਾਂ ਦਾ ਤਾਲਮੇਲ

ਸਮਾਜਕ ਦਵੰਦ : ਵਿਅਕਤੀਆਂ, ਸੰਮੂਹਾਂ ਜਾਂ ਸੰਸਥਾਵਾਂ ਵਿਚ ਸੰਘਰਸ਼

ਸਮਾਜਕ ਭਿੰਨਤਾ : ਇਕ ਸਮਾਜ ਵਿਚ ਵੱਖ-ਵੱਖ ਕਿਸਮ ਦੇ ਸੁਮਦਾਇ

ਸਮਾਜਕ ਤਬਦੀਲੀ : ਸਮਾਜਿਕ ਸੰਸਥਾਵਾਂ ਵਿਚ ਹੋਣ ਵਾਲਾ ਬਦਲਾਓ

### 1.1.8 ਅਭਿਆਸ ਲਈ ਪ੍ਰਸ਼ਨ

1. ਸਮਾਜ ਵਿਗਿਆਨ ਕੀ ਹੈ ? ਇਸ ਦੇ ਵਿਸ਼ੇ ਖੇਤਰ ਬਾਰੇ ਚਰਚਾ ਕਰੋ।
2. ਸਮਾਜ ਵਿਗਿਆਨ ਤੋਂ ਕੀ ਭਾਵ ਹੈ ? ਕੀ ਸਮਾਜ ਵਿਗਿਆਨ, ਵਿਗਿਆਨ ਹੈ ਜਾਂ ਕਲਾ ਸਿੱਧ ਕਰੋ ?
3. ਸਮਾਜ ਵਿਗਿਆਨ ਕਿਸ ਨੂੰ ਆਖਦੇ ਹਨ ? ਵੱਖ ਵੱਖ ਸਮਾਜ ਵਿਗਿਆਨੀਆਂ ਦੇ ਇਸ ਬਾਰੇ

ਕੀ ਵਿਚਾਰ ਹਨ ?

### 1.1.9 ਸੰਖੇਪ ਸਵਾਲ

1. ਸਮਾਜ ਵਿਗਿਆਨ ਦਾ ਸ਼ਾਬਦਿਕ ਅਰਥ ਕੀ ਹੈ ਅਤੇ ਇਸਦੇ ਪਿਤਾਮਾ ਦਾ ਨਾਂ?
2. ਸਮਾਜ ਵਿਗਿਆਨ ਕਿਸਦਾ ਅਧਿਐਨ ਕਰਦਾ ਹੈ?
3. ਕੀ ਸਮਾਜਕ ਕ੍ਰਿਆ ਤੋਂ ਬਿਨਾਂ ਅੰਤਰ ਕ੍ਰਿਆ ਸੰਭਵ ਹੈ?
4. ਸਮਾਜ ਤੋ ਕੀ ਭਾਵ ਹੈ?
5. ਸਮੂਹ ਕਿਸਨੂੰ ਆਖਦੇ ਹਨ?
6. ਵਿਗਿਆਨ ਨੂੰ ਪਰਿਭਾਸ਼ਤ ਕਰੋ?
7. ਬਾਹਰਮੁੱਖਤਾ ਕੀ ਹੁੰਦੀ ਹੈ?
8. ਸਧਾਰਣੀਕਰਣ ਤੋ ਕੀ ਭਾਵ ਹੈ?

### 1.1.10 ਉਪਯੋਗੀ ਪੁਸਤਕਾਂ


| | | | |
|---|---|---|---|
| 1. | Koening Samuel, 1968<br>Science of Society, New York | :<br>: | Sociology : An introduction to the Barnes and Noble. Punjabi Translation by Baldev Singh Rehal, Punjabi University, Patiala, 1984. |
| 2. | Ogburn, William F and Nimkoff. Meyer. F. | : | A Hand Book of Sociology, New Delhi : S. Chand and Company Ltd. |
| 3. | Gisbert P.S.T. 1993 | : | Fundamentals of Sociology : Bombay : Orient Longman. |
| 4. | Harry M. Johnson | : | Sociology, A Systematic Introduction. |
| 5. | Savinderjit Kaur, 1972 | : | Samaj Vigyan Nal Jan Pachan, Punjabi University, Patiala. |
| 6. | Vidya Bhushan Sachdeva | : | An Introduction to Sociology, Kitab Mahal, Allahabad. |


---

1. There is nothing artificial, pre-natural or super-natural about social phenomena......social phenomena are as natural as the phenomena of magnetism, gravitation, electricity and a modern city is a natural as an ant-hill.

**Robert Birestedt, *The Social Order* p. 6.**

2. Social Science is a unity but it is not a factitious unity, it is a dynamic unity of operating parts, and each part is indispensable to each and all of the others.

**Simpson, George, *Man in Society,* p. 18.**

ਪਾਠ ਨੰ. 1.1.2 ਲੇਖਿਕਾ : ਡਾ. ਹਰਿੰਦਰ ਕੌਰ

Last updated: August, 2023

# ਸਮਾਜ ਵਿਗਿਆਨ ਦਾ ਹੋਰਨਾਂ ਸਮਾਜਿਕ ਵਿਗਿਆਨਾਂ ਨਾਲ ਸੰਬੰਧ

**ਰੂਪ ਰੇਖਾ**


1.2.0 ਉਦੇਸ਼

1.2.1 ਜਾਣ ਪਛਾਣ

1.2.2 ਸਮਾਜ ਵਿਗਿਆਨ ਦਾ ਦੂਜੀਆਂ ਵਿਗਿਆਨਾਂ ਨਾਲ ਸੰਬੰਧ

1.2.3 ਵੱਖ-ਵੱਖ ਵਿਗਿਆਨੀਆਂ ਦੇ ਵਿਚਾਰ

1.2.4 ਸਮਾਜ ਵਿਗਿਆਨ ਦਾ ਮਾਨਵ ਵਿਗਿਆਨ ਨਾਲ ਸੰਬੰਧ

1.2.5 ਸਮਾਜ ਵਿਗਿਆਨ ਦਾ ਮਨੋਵਿਗਿਆਨ ਨਾਲ ਸੰਬੰਧ

1.2.6 ਸਮਾਜ ਵਿਗਿਆਨ ਦਾ ਇਤਿਹਾਸ ਨਾਲ ਸੰਬੰਧ

1.2.7 ਸਮਾਜ ਵਿਗਿਆਨ ਦਾ ਅਰਥ ਸ਼ਾਸਤਰ ਨਾਲ ਸੰਬੰਧ

1.2.8 ਸਮਾਜ ਵਿਗਿਆਨ ਦਾ ਰਾਜਨੀਤੀ ਸ਼ਾਸਤਰ ਨਾਲ ਸੰਬੰਧ

1.2.9 ਸਾਰ

1.2.10 ਮੁੱਖ ਸ਼ਬਦ

1.2.11 ਅਭਿਆਸ ਲਈ ਪ੍ਰਸ਼ਨ

1.2.12 ਮਾਡਲ ਉੱਤਰ

1.2.13 ਉਪਯੋਗੀ ਪੁਸਤਕਾਂ


## 1.2.0 ਉਦੇਸ਼

ਇਸ ਇਕਾਈ ਨੂੰ ਪੜ੍ਹਨ ਉਪਰੰਤ ਤੁਸੀਂ ਸਮਝ ਸਕੋਗੇ ਕਿ :

- ਵਿਗਿਆਨ ਅਤੇ ਸਮਾਜਕ ਵਿਗਿਆਨ ਤੋਂ ਕੀ ਭਾਵ ਹੈ ?
- ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਦਾ ਕੀ ਸੰਬੰਧ ਹੈ ?
- ਸਮਾਜ ਵਿਗਿਆਨ ਅਤੇ ਮਨੋਵਿਗਿਆਨ ਦੋ ਵੱਖਰੇ ਵਿਗਿਆਨ ਹੁੰਦੇ ਹੋਏ ਵੀ ਇਕ ਦੂਸਰੇ ਨਾਲ ਕਿਵੇਂ ਜੁੜੇ ਹਨ ?
- ਸਮਾਜ ਵਿਗਿਆਨ ਤੇ ਇਤਿਹਾਸ ਆਪਸ ਵਿਚ ਕਿਵੇਂ ਜੁੜੇ ਹੋਏ ਹਨ?
- ਸਮਾਜ ਵਿਗਿਆਨ ਦਾ ਅਰਥ ਸ਼ਾਸਤਰ ਨਾਲ ਕੀ ਸੰਬੰਧ ਹੈ?
- ਸਮਾਜ ਵਿਗਿਆਨ ਤੇ ਰਾਜਨੀਤੀ ਸ਼ਾਸਤਰ ਦਾ ਆਪਸੀ ਸੰਬੰਧ।

## 1.2.1 ਜਾਣ-ਪਛਾਣ

ਜਿਵੇਂ ਕਿ ਪਿਛਲੇ ਪਾਠ ਵਿਚ ਵੀ ਇਹ ਦਰਸਾਇਆ ਗਿਆ ਹੈ ਕਿ ਵਿਗਿਆਨ ਦੋ ਕਿਸਮ ਦੇ ਹੁੰਦੇ ਹਨ ਪ੍ਰਾਕ੍ਰਿਤਕ

ਵਿਗਿਆਨ ਅਤੇ ਸਮਾਜਕ ਵਿਗਿਆਨ। ਪ੍ਰਾਕ੍ਰਿਤਕ ਵਿਗਿਆਨਾਂ ਉਹ ਹਨ ਜੋ ਕਿ ਭੌਤਿਕ ਪਰਪੰਚ ਦਾ ਅਧਿਐਨ ਕਰਦੀਆਂ ਹਨ ਜਿਵੇਂ ਭੌਤਿਕ ਵਿਗਿਆਨ, ਰਸਾਇਣਿਕ ਵਿਗਿਆਨ, ਤਾਰਾ ਵਿਗਿਆਨ ਆਦਿ ਅਤੇ ਦੂਸਰੇ ਪਾਸੇ ਸਮਾਜਕ ਵਿਗਿਆਨ ਉਹ ਹਨ ਜੋ ਸਮਾਜਕ ਪਰਪੰਚ ਦਾ ਅਧਿਐਨ ਕਰਦੀਆਂ ਹਨ ਜਿਵੇਂ ਰਾਜਨੀਤੀ ਵਿਗਿਆਨ, ਅਰਥ ਵਿਗਿਆਨ, ਮਨੋ-ਵਿਗਿਆਨ, ਇਤਿਹਾਸ ਅਤੇ ਸਮਾਜ ਵਿਗਿਆਨ ਆਦਿ। ਪਰ ਕੁਝ ਵਿਗਿਆਨ ਅਜਿਹੇ ਹਨ ਜੋ ਦੋਵਾਂ ਸ਼੍ਰੇਣੀਆਂ ਵਿਚ ਨਹੀਂ ਆਉਂਦੇ ਜਿਵੇਂ ਕਿ ਭੂਗੋਲਿਕ ਅਤੇ ਮਾਨਵ ਵਿਗਿਆਨ ਕਿਉਂਕਿ ਇਹ ਦੋਵੇਂ ਭੌਤਿਕ ਅਤੇ ਸਮਾਜਕ ਤੱਥਾਂ ਦਾ ਅਧਿਐਨ ਕਰਦੇ ਹਨ। ਇਹ ਭੌਤਿਕ ਦੇ ਨਾਲ ਨਾਲ ਸਭਿਆਚਾਰਕ ਵੀ ਹਨ। ਪਰ ਸਮਾਜ ਵਿਗਿਆਨ ਕੋਈ ਭੌਤਿਕ ਸਮਾਜ ਵਿਗਿਆਨ ਨਹੀਂ ਇਸ ਲਈ ਇਹ ਸਮਾਜਕ ਵਿਗਿਆਨਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ।

### 1.2.2 ਸਮਾਜ ਵਿਗਿਆਨ ਦਾ ਦੂਸਰੀਆਂ ਸਮਾਜਿਕ ਵਿਗਿਆਨਾਂ ਨਾਲ ਸੰਬੰਧ

ਜਿੰਨੀ ਆਸਾਨੀ ਨਾਲ ਸਮਾਜ ਵਿਗਿਆਨ ਨੂੰ ਵਿਸ਼ੇ-ਸਮੱਗਰੀ ਦੇ ਆਧਾਰ ਤੇ ਪ੍ਰਾਕ੍ਰਿਤਕ ਵਿਗਿਆਨਾਂ ਨਾਲੋਂ ਵੱਖ ਕਰ ਸਕਦੇ ਹਾਂ ਓਨੀ ਆਸਾਨੀ ਨਾਲ ਇਸ ਨੂੰ ਬਾਕੀ ਸਮਾਜਕ ਵਿਗਿਆਨਾਂ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸਮਾਜ ਵਿਗਿਆਨ ਮਨੁੱਖੀ ਵਿਵਹਾਰ ਦਾ ਸਮਾਜਕ ਦ੍ਰਿਸ਼ਟੀਕੋਣ ਨਾਲ ਅਧਿਐਨ ਕਰਦਾ ਹੈ। ਇਹ ਸਮਾਜਕ ਸੰਬੰਧਾਂ ਅਤੇ ਉਸ ਦੇ ਵਿਭਿੰਨ ਸਰੂਪਾਂ ਦਾ ਕ੍ਰਮਬੱਧ ਗਿਆਨ ਦਿੰਦਾ ਹੈ। ਪਰ ਇਥੇ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਸਮਾਜਕ ਘਟਨਾਵਾਂ, ਜਿਨ੍ਹਾਂ ਦਾ ਅਧਿਐਨ ਸਮਾਜ ਵਿਗਿਆਨ ਵਿੱਚ ਹੁੰਦਾ ਹੈ ਉੱਨੀਆਂ ਹੀ ਪ੍ਰਾਕ੍ਰਿਤਕ ਹੁੰਦੀਆਂ ਹਨ ਜਿੰਨੀਆਂ ਕਿ ਉਹ ਘਟਨਾਵਾਂ, ਜਿਨ੍ਹਾਂ ਦਾ ਅਧਿਐਨ ਭੌਤਿਕ ਵਿਗਿਆਨਾਂ ਵਿਚ ਹੁੰਦਾ ਹੈ। ਜਿਵੇਂ ਕਿ **ਰੌਬਰਟ ਬੀਅਰ ਸਟੈਂਡ** ਨੇ ਕਿਹਾ ਹੈ, "ਸਮਾਜਕ ਘਟਨਾਵਾਂ ਉੱਨੀਆਂ ਹੀ ਪ੍ਰਾਕ੍ਰਿਤਕ ਹਨ ਜਿੰਨੀਆਂ ਕਿ ਆਕਰਸ਼ਣ ਭਾਵ ਚੁੰਬਕੀ ਸ਼ਕਤੀ, ਗੁਰੂਤਾ ਖਿੱਚ, ਬਿਜਲੀ ਸ਼ਕਤੀ ਦੀਆਂ ਘਟਨਾਵਾਂ ਅਤੇ ਇਕ ਆਧੁਨਿਕ ਸ਼ਹਿਰ ਵੀ ਉੱਨੇ ਹੀ ਪ੍ਰਾਕ੍ਰਿਤਕ ਹਨ ਜਿੰਨਾ ਕਿ ਭੌਣ ਜਾਂ ਵਰਮੀ।"[1] ਇਸ ਦਾ ਅਰਥ ਹੈ ਕਿ ਸਮਾਜ ਵਿਗਿਆਨ ਇਕ ਬਨਾਵਟੀ ਜਾਂ ਪ੍ਰਕ੍ਰਿਤੀ-ਵਿਰੁੱਧ ਵਿਗਿਆਨ ਨਹੀਂ ਬਲਕਿ ਹੋਰਨਾਂ ਵਿਗਿਆਨਾਂ ਵਾਂਗ ਅਤੇ ਉਨ੍ਹਾਂ ਦੇ ਨਾਲ ਮਿਲ ਕੇ ਇਹ ਸਮਾਜਕ ਘਟਨਾਵਾਂ ਦਾ ਅਧਿਐਨ ਕਰਦੀ ਹੈ।

ਸਮਾਜ ਵਿਗਿਆਨ ਸਮਾਜਕ ਜੀਵਨ ਦਾ ਸਮੁੱਚੇ ਰੂਪ ਵਿਚ ਅਧਿਐਨ ਕਰਦੀ ਹੈ। ਪਰੰਤੂ ਸਮਾਜਕ ਜੀਵਨ ਬਹੁਤ ਜਟਿਲ ਜਾਂ ਗੁੰਝਲਦਾਰ (complex) ਹੈ ਇਸ ਲਈ ਇਸ ਦੇ ਵੱਖ ਵੱਖ ਪਹਿਲੂਆਂ ਨੂੰ ਇਕ ਦੂਸਰੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਮਨੁੱਖੀ ਜੀਵਨ ਬਹੁ ਪੱਖੀ ਪਰਪੰਚ ਹੈ ਜਿਵੇਂ ਕਿ ਇਸ ਦਾ ਆਰਥਿਕ, ਰਾਜਨੀਤਿਕ, ਧਾਰਮਿਕ, ਸੰਸਕ੍ਰਿਤਿਕ, ਕਾਨੂੰਨੀ ਪੱਖ ਆਦਿ। ਇਸ ਲਈ ਸਮਾਜ ਵਿਗਿਆਨ ਨੂੰ ਮਨੁੱਖੀ ਜੀਵਨ ਦੇ ਸਮੁੱਚੇ ਰੂਪ ਵਿਚ ਸਮਝਣ ਲਈ ਦੂਸਰੇ ਸਮਾਜਕ ਵਿਗਿਆਨਾਂ ਦੀ ਮਦਦ ਲੈਣੀ ਪੈਂਦੀ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਸਮਾਜ ਵਿਗਿਆਨ ਦੂਸਰੇ ਸਮਾਜਕ ਵਿਗਿਆਨਾਂ ਤੋਂ ਸਿਰਫ਼ ਮਦਦ ਲੈਂਦੀ ਹੈ ਉਨ੍ਹਾਂ ਨੂੰ ਕੁਝ ਦਿੰਦੀ ਨਹੀਂ।

ਕਿਸੇ ਵੀ ਸਮਾਜ ਨੂੰ ਸਮਝਣ ਲਈ ਉਸ ਦੇ ਵੱਖ ਵੱਖ ਪਹਿਲੂ ਜਾਂ ਪੱਖਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਦੂਸਰੀਆਂ ਸਮਾਜਕ ਵਿਗਿਆਨਾਂ ਮਨੁੱਖੀ ਜੀਵਨ ਦੇ ਕਿਸੇ ਇਕ ਪਹਿਲੂ ਦਾ ਹੀ ਵਿਸਥਾਰ ਪੂਰਵਕ ਅਧਿਐਨ ਕਰਦੀਆਂ ਹਨ ਜਿਵੇਂ ਕਿ ਅਰਥ ਸ਼ਾਸਤਰ ਸਿਰਫ਼ ਆਰਥਿਕਤਾ ਨਾਲ ਹੀ ਸੰਬੰਧਿਤ ਹੈ ਅਤੇ ਰਾਜਨੀਤੀ ਸ਼ਾਸਤਰ ਸਿਰਫ਼ ਰਾਜਨੀਤਿਕ ਜੀਵਨ ਦੇ ਵੱਖ ਵੱਖ ਪਹਿਲੂਆਂ ਤੇ ਰੋਸ਼ਨੀ ਪਾਉਂਦਾ ਹੈ। ਇਹ ਵਿਗਿਆਨ ਵੀ ਇਨ੍ਹਾਂ ਪਹਿਲੂਆ ਨੂੰ ਸਮਝਣ ਲਈ ਸਮਾਜ ਵਿਗਿਆਨ ਦਾ ਸਹਾਰਾ ਲੈਂਦੇ ਹਨ। ਸਮਾਜ ਵਿਗਿਆਨ ਹੀ ਇਕ ਅਜਿਹਾ ਵਿਗਿਆਨ ਹੈ ਜਿਹੜਾ ਕਿ ਮਨੁੱਖੀ ਜੀਵਨ ਨੂੰ ਸਮੁੱਚੇ ਤੌਰ ਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਸਾਰੇ ਸਮਾਜਕ

---

"But the two acedemic disciplines have grown up independently, and handle quite different types of problems, using markedly different research methods."

**-Keesing, Cultural Anthropology, p.8.**

ਵਿਗਿਆਨ ਆਪਣੀ ਸੁਤੰਤਰ ਹੋਂਦ ਰੱਖਣ ਦੇ ਬਾਵਜੂਦ ਇਕ ਦੂਸਰੇ ਉੱਤੇ ਨਿਰਭਰ ਹਨ। ਕਿਉਂਕਿ ਸਾਰੇ ਸਮਾਜਕ ਵਿਗਿਆਨਾਂ ਦਾ ਵਿਸ਼ਾ ਵਸਤੂ 'ਮਨੁੱਖੀ ਵਿਵਹਾਰ' ਹੈ, ਇਸ ਲਈ ਇਨ੍ਹਾਂ ਦਾ ਅੰਤਰ-ਸੰਬੰਧਿਤ ਹੋਣਾ ਲਾਜ਼ਮੀ ਵੀ ਹੈ ਤੇ ਸੁਭਾਵਿਕ ਵੀ। **ਜੌਰਜ ਸਿੰਪਸਨ** ਨੇ ਠੀਕ ਹੀ ਕਿਹਾ ਹੈ, "ਸਮਾਜਕ ਵਿਗਿਆਨ ਇਕ ਏਕਤਾ ਹੈ, ਪਰ ਇਹ ਕਾਲਪਨਿਕ ਏਕਤਾ ਨਹੀਂ ਹੈ। ਇਹ ਕਾਰਜਸ਼ੀਲ ਅੰਗਾਂ ਦੀ ਲਚੀਲੀ ਏਕਤਾ ਹੈ ਅਤੇ ਇਸੇ ਲਈ ਇਕ ਦੂਜੇ ਤੋਂ ਭਿੰਨ ਹੈ।[2]

ਆਧੁਨਿਕ ਯੁੱਗ ਕਿਰਤ ਵੰਡ ਅਤੇ ਵਿਸ਼ੇਸ਼ੀਕਰਣ ਦਾ ਯੁੱਗ ਹੈ। ਇਨ੍ਹਾਂ ਦੋਵਾਂ ਦਾ ਆਧਾਰ ਏਕਤਾ ਅਤੇ ਅੰਤਰ ਨਿਰਭਰਤਾ (unity and interdependence) ਹੈ। ਇਸੇ ਤਰ੍ਹਾਂ ਅਸੀਂ ਵਿਭਿੰਨ ਸਮਾਜਕ ਵਿਗਿਆਨਾਂ ਨੂੰ ਮਨੁੱਖੀ ਵਿਵਹਾਰ ਦੇ ਅਧਿਐਨ ਦੀ ਕਿਰਤ ਵੰਡ ਤੇ ਵਿਸ਼ੇਸ਼ੀਕਰਣ ਕਹਿ ਸਕਦੇ ਹਾਂ ਜਿਨ੍ਹਾਂ ਦਾ ਆਧਾਰ ਏ ਕਤਾ ਅਤੇ ਅੰਤਰ ਨਿਰਭਰਤਾ ਹੈ। ਸਮਾਜਕ ਵਿਗਿਆਨਾਂ ਵਿਚ ਆਪਸੀ ਲੈਣ ਦੇਣ ਹੁੰਦਾ ਰਹਿੰਦਾ ਹੈ ਇਸ ਲਈ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖਰਾ ਨਹੀਂ ਰੱਖਿਆ ਜਾ ਸਕਦਾ।

### 1.2.3 ਵੱਖੋਂ ਵੱਖ ਵਿਗਿਆਨੀਆਂ ਦੇ ਵਿਚਾਰ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਮਾਜ ਵਿਗਿਆਨ ਦਾ ਹੋਰਨਾਂ ਵਿਗਿਆਨਾਂ ਨਾਲ ਕੀ ਸੰਬੰਧ ਹੈ ? ਵੱਖੋ ਵੱਖ ਸਮਾਜ ਵਿਗਿਆਨੀਆਂ ਨੇ ਇਸ ਵਿਸ਼ੇ ਤੇ ਵੱਖ ਵੱਖ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਵਿਚੋਂ ਕੁਝ ਕੁ ਹੇਠ ਲਿਖੇ ਹਨ :

**ਅਗਸਤ ਕਾਮਤੈ (Auguste Comte)** : ਅਗਸਤ ਕੋਤ ਨੂੰ ਸਮਾਜ ਵਿਗਿਆਨ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ। ਉਸ ਅਨੁਸਾਰ ਇਹ ਵਿਗਿਆਨ ਸਭ ਤੋਂ ਆਧੁਨਿਕ ਅਤੇ ਗੁੰਝਲਦਾਰ ਹੈ ਕਿਉਂਕਿ ਇਹ ਮਨੁੱਖੀ ਵਿਵਹਾਰ ਦਾ ਸਮੂਹਿਕ ਅਧਿਐਨ ਕਰਦੀ ਹੈ। ਮਨੁੱਖੀ ਵਿਵਹਾਰ ਕਿਸੇ ਇਕ ਚਰ (variable) ਤੋਂ ਪ੍ਰਭਾਵਿਤ ਨਹੀਂ ਹੁੰਦਾ ਬਲਕਿ ਬਹੁਤ ਸਾਰੇ ਚਰਾਂ ਦੀ ਆਪਸੀ ਅੰਤਰਨਿਰਭਰਤਾ ਦਾ ਸਿੱਟਾ ਹੈ। ਮਨੁੱਖੀ ਸੰਬੰਧ ਬਹੁਤੇ ਸਰਲ ਨਹੀਂ ਹੁੰਦੇ ਬਲਕਿ ਬਹੁਤ ਸਾਰੇ ਕਾਰਕਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਨ੍ਹਾਂ ਸਾਰੇ ਪੱਖਾਂ ਨੂੰ ਅਧਿਐਨ ਕਰਨ ਲਈ ਸਮਾਜ ਵਿਗਿਆਨ ਦੂਸਰੇ ਵਿਗਿਆਨ ਦਾ ਆਸਰਾ ਲੈਂਦਾ ਹੈ।

**ਦੁਰਖੀਮ** (Durkheim) ਨੇ ਸਮਾਜ ਵਿਗਿਆਨ ਨੂੰ ਪ੍ਰਭਾਸ਼ਿਤ ਕਰਦੇ ਹੋਏ ਦਸਿਆ ਹੈ ਕਿ ਇਹ ਸਮਾਜਕ ਤੱਥਾਂ ਦਾ ਅਧਿਐਨ ਕਰਦੀ ਹੈ ਜਿਹੜੇ ਕਿ ਜੀਵ ਵਿਗਿਆਨਕ, ਮਾਨਸਿਕ ਅਤੇ ਭੂਗੋਲਿਕ ਤੱਥਾਂ ਨਾਲੋਂ ਵੱਖਰੇ ਹੁੰਦੇ ਹਨ। ਪਰ ਦੁਰਖੀਮ ਦਾ ਮੰਨਣਾ ਹੈ ਕਿ ਇਹ ਸਮਾਜਕ ਤੱਥ ਬਹੁਤ ਸਾਰੇ ਕਾਰਕਾਂ ਦੁਆਰਾ ਪ੍ਰਭਾਵਿਤ ਹੁੰਦੇ ਹਨ। ਜਿਵੇਂ ਉਸ ਨੇ ਆਤਮ ਹੱਤਿਆ ਨੂੰ ਬਿਆਨ ਕਰਦੇ ਸਮੇਂ ਕਿਹਾ ਹੈ ਕਿ ਆਤਮ ਹੱਤਿਆ ਦੇਖਣ ਨੂੰ ਇਕ ਮਾਨਸਿਕ ਤੱਥ ਨਜ਼ਰ ਆਉਂਦਾ ਹੈ ਪਰ ਇਹ ਹੈ ਸਮਾਜਕ। ਇਸ ਲਈ ਕਿਸੇ ਵੀ ਪਰਪੰਚ ਨੂੰ ਸਮਝਣ ਲਈ ਉਸ ਦੇ ਵੱਖੋ ਵੱਖਰੇ ਪੱਖਾਂ ਨੂੰ ਸਮਝਣਾ ਜ਼ਰੂਰੀ ਹੈ ਜਿਹੜਾ ਕਿਸੇ ਇਕ ਵਿਗਿਆਨ ਦੁਆਰਾ ਸਮਝਿਆ ਨਹੀਂ ਜਾ ਸਕਦਾ।

**ਮੈਕਸ ਵੇਬਰ** (Max Weber) ਨੂੰ ਮਾਡਰਨ ਸ਼ੋਸ਼ਿਆਲੋਜੀ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਸ ਅਨੁਸਾਰ ਸਮਾਜ ਵਿਗਿਆਨ ਉਹ ਵਿਗਿਆਨ ਹੈ ਜਿਹੜੀ ਕਿ ਸਮਾਜਕ ਕ੍ਰਿਆਵਾਂ ਦਾ ਅਧਿਐਨ ਕਰਦੀ ਹੈ। ਸਾਰੀਆਂ ਮਨੁੱਖੀ ਕ੍ਰਿਆਵਾਂ ਸਮਾਜਕ ਨਹੀਂ ਹੁੰਦੀਆਂ ਸਿਰਫ਼ ਉਨ੍ਹਾਂ ਨੂੰ ਹੀ ਸਮਾਜਕ ਕਿਹਾ ਜਾਂਦਾ ਹੈ ਜਿਹੜੀਆਂ ਕਿਸੇ ਦੂਸਰੇ ਵਿਅਕਤੀ ਨੂੰ ਪ੍ਰਭਾਵਿਤ ਕਰਦੀਆਂ ਹੋਣ ਜਾਂ ਫਿਰ ਕੋਈ ਦੂਸਰਾ ਵਿਅਕਤੀ ਉਸ ਕ੍ਰਿਆ ਨੂੰ ਕੋਈ ਅਰਥ ਦੇਵੇ। ਇਹ ਕ੍ਰਿਆਵਾਂ ਬਹੁਤ ਸਾਰੇ ਕਾਰਕਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ। ਇਸ ਲਈ ਸਮਾਜਕ ਕ੍ਰਿਆਵਾਂ ਦੇ ਅਧਿਐਨ ਲਈ ਉਸ ਦੇ ਜ਼ਿੰਮੇਵਾਰ ਕਾਰਕਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਨੂੰ ਵੱਖ ਵੱਖ ਵਿਗਿਆਨਾਂ

ਦੁਆਰਾ ਸਮਝਿਆ ਜਾ ਸਕਦਾ ਹੈ। ਇਸ ਲਈ ਸਮਾਜ ਵਿਗਿਆਨ ਦੂਸਰੇ ਵਿਗਿਆਨਾਂ ਦਾ ਆਸਰਾ ਲੈਂਦਾ ਹੈ।

**ਸਵੈ ਅਧਿਐਨ ਪ੍ਰਸ਼ਨ**

1) ਵਿਗਿਆਨ ਕਿੰਨੀ ਕਿਸਮ ਦਾ ਹੁੰਦਾ ਹੈ ਅਤੇ ਕਿਹੜਾ?

..............................................................................................................................

..............................................................................................................................

2) ਕੋਈ ਦੋ ਵਿਗਿਆਨਾਂ ਦੇ ਨਾਂ ਦੱਸੋ ਜਿਨ੍ਹਾਂ ਨੂੰ ਅਸੀਂ ਨਾ ਤਾਂ ਪ੍ਰਾਕ੍ਰਿਤਕ ਵਿਗਿਆਨਾਂ ਦੀ ਸ਼੍ਰੇਣੀ ਵਿਚ ਪਾ ਸਕਦੇ ਹਾਂ ਅਤੇ ਨਾ ਹੀ ਸਮਾਜਕ ਵਿਗਿਆਨਾਂ ਦੀ ਸ਼੍ਰੇਣੀ ਵਿਚ ਅਤੇ ਕਿਉਂ?

..............................................................................................................................

..............................................................................................................................

3) ਕਿਰਤ ਵੰਡ ਅਤੇ ਵਿਸ਼ੇਸ਼ੀਕਰਣ ਦਾ ਆਧਾਰ ਕੀ ਹੈ?

..............................................................................................................................

..............................................................................................................................

### 1.2.4 ਸਮਾਜ ਵਿਗਿਆਨ ਦਾ ਮਾਨਵ ਵਿਗਿਆਨ ਨਾਲ ਸੰਬੰਧ (Relationship of Sociology and Anthropology) :

ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਦੋਵਾਂ ਦਾ ਵਿਸ਼ੇ-ਵਸਤੂ ਇਕ ਹੋਣ ਕਰਕੇ ਬਹੁਤ ਵਿਗਿਆਨੀ ਇਸ ਨੂੰ ਇਕ ਹੀ ਮੰਨਦੇ ਹਨ। **ਹੋਇਬਲ** (Hoeble) ਨੂੰ ਇਨ੍ਹਾਂ ਦੋਵਾਂ ਵਿਚ ਸਮਾਨਤਾ ਨਜ਼ਰ ਆਉਂਦੀ ਹੈ। ਉਹ ਲਿਖਦੇ ਹਨ ਕਿ "ਵਿਸਤ੍ਰਿਤ ਅਰਥ ਵਿਚ ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਬਿਲਕੁਲ ਇਕ ਹਨ।" **ਕਰੋਬਰ** (Kroeber) ਨੇ ਇਨ੍ਹਾਂ ਦੋਵਾਂ ਨੂੰ ਜੌੜੀਆਂ ਭੈਣਾਂ (twin sisters) ਦਾ ਨਾਂ ਦਿੱਤਾ ਹੈ। ਬੇਸ਼ਕ ਇਨ੍ਹਾਂ ਵਿਚਾਰਾਂ ਨੂੰ ਠੀਕ ਨਹੀਂ ਮੰਨਿਆ ਜਾ ਸਕਦਾ ਪਰ ਇਹ ਗੱਲ ਯਕੀਨੀ ਹੈ ਕਿ ਇਹ ਦੋਵੇਂ ਵਿਗਿਆਨ ਆਪਸ ਵਿਚ ਗੂੜ੍ਹੇ ਰੂਪ ਵਿਚ ਸੰਬੰਧਿਤ ਹਨ।

ਆਉ ਇਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਜਾਣਕਾਰੀ ਹਾਸਲ ਕਰੀਏ। ਸਭ ਤੋਂ ਪਹਿਲਾਂ ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਨ੍ਹਾਂ ਦੋਵਾਂ ਵਿਗਿਆਨਾਂ ਦੇ ਵਿਸ਼ੇ ਖੇਤਰ ਤੇ ਨਜ਼ਰ ਮਾਰੀਏ।

ਮਾਨਵ ਵਿਗਿਆਨ ਜਿਵੇਂ ਕਿ ਨਾਂ ਤੋਂ ਹੀ ਪਤਾ ਚਲਦਾ ਹੈ ਇਹ ਯੂਨਾਨੀ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਜਿਸ ਵਿਚ Anthropos ਦਾ ਮਤਲਬ ਹੈ ਮਨੁੱਖ ਜਾਂ ਮਾਨਵ ਅਤੇ Logi ਦਾ ਅਰਥ ਹੈ ਕਿ ਵਿਗਿਆਨ ਜਾਂ ਗਿਆਨ। ਇਸ ਲਈ ਮਾਨਵ ਵਿਗਿਆਨ ਸਮੁੱਚੇ ਮਨੁੱਖ ਦਾ ਵਿਦਿਅਕ ਅਧਿਐਨ ਹੈ। ਇਹ ਮਨੁੱਖ ਦੀਆਂ ਸੰਪੂਰਣ ਕ੍ਰਿਆਵਾਂ ਦਾ ਅਧਿਐਨ ਕਰਦਾ ਹੈ। ਇਸ ਦਾ ਅਰਥ ਹੈ ਕਿ ਜੇਕਰ ਇਸ ਨੇ ਸਮੁੱਚੇ ਤੌਰ ਤੇ ਮਾਨਵ ਦਾ ਅਧਿਐਨ ਕਰਨਾ ਹੈ ਤਾਂ ਇਸ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ। ਇਸ ਲਈ ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ।

(ੳ) ਭੌਤਿਕ ਮਾਨਵ ਵਿਗਿਆਨ (Physical Anthropology)

(ਅ) ਸੰਸਕ੍ਰਿਤਕ ਮਾਨਵ ਵਿਗਿਆਨ (Cultural Anthropology)

(ੲ) ਸਮਾਜਕ ਮਾਨਵ ਵਿਗਿਆਨ (Social Anthropology)

**ਭੌਤਿਕ ਮਾਨਵ ਵਿਗਿਆਨ** : ਇਹ ਵਿਗਿਆਨ ਮਨੁੱਖ ਦੇ ਸਰੀਰਕ ਲੱਛਣਾਂ ਦਾ ਅਧਿਐਨ ਕਰਦੀ ਹੈ। ਸਰੀਰਕ ਲੱਛਣਾਂ ਦੇ ਆਧਾਰ ਤੇ ਮਨੁੱਖ ਜਾਤੀ ਨੂੰ ਵੱਖ ਵੱਖ ਪ੍ਰਜਾਤੀਆਂ ਜਾਂ ਨਸਲਾਂ ਵਿਚ ਵੰਡਿਆ ਗਿਆ

ਹੈ ਜਿਵੇਂ ਨੀਗਰੋ, ਜਪਾਨੀ, ਮੰਗੋਲ ਆਦਿ। ਮਨੁੱਖੀ ਨੈਣ ਨਕਸ਼, ਵਾਲਾਂ ਦਾ ਰੰਗ ਅਤੇ ਬਣਤਰ, ਅੱਖਾਂ ਦਾ ਰੰਗ ਆਦਿ ਚੀਜ਼ਾਂ ਦਾ ਅਧਿਐਨ ਕਰਦੇ ਹੋਏ ਅਸੀਂ ਇਸ ਵਿਗਿਆਨ ਦੁਆਰਾ ਮਨੁੱਖੀ ਨਸਲਾਂ ਬਾਰੇ ਗਿਆਨ ਪ੍ਰਾਪਤ ਕਰਦੇ ਹਾਂ।

**ਸੰਸਕ੍ਰਿਤਕ ਮਾਨਵ ਵਿਗਿਆਨ** : ਇਸ ਨੂੰ ਪੂਰਵ ਇਤਿਹਾਸਕ ਪਰਾਸਰੀ ਵਿਗਿਆਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਆਦਿਮ ਮਨੁੱਖ (primitive man) ਦੇ ਸਭਿਆਚਾਰਕ ਅਵਸ਼ੇਸ਼ਾਂ ਨਾਲ ਸੰਬੰਧਿਤ ਹੈ। ਇਹ ਸਮਾਜ ਦੇ ਭੌਤਿਕ ਅਤੇ ਅਭੌਤਿਕ ਪੱਖਾਂ ਦਾ ਵਰਣਨ ਕਰਦਾ ਹੈ। ਪੁਰਾਣੇ ਖੰਡਰਾਂ ਦੀ ਖੁਦਾਈ ਕਰਕੇ ਮਿਲੀਆਂ ਵਸਤਾਂ, ਮਨੁੱਖੀ ਪਿੰਜਰ, ਮਨੁੱਖ ਦੀ ਉਤਪਤੀ, ਉਸ ਦੀ ਸਰੀਰਕ ਬਣਤਰ, ਸੰਸਕ੍ਰਿਤੀ, ਸਮਾਜਕ ਸਥਿਤੀ ਤੇ ਚਾਨਣਾ ਪਾਇਆ ਜਾਂਦਾ ਹੈ। ਇਹ ਮਨੁੱਖੀ ਪੁਰਾਤਨ ਇਤਿਹਾਸ ਦੀ ਖੋਜ ਹੈ ਜਿਸ ਬਾਰੇ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਦੇ।

**ਸਮਾਜਕ ਮਾਨਵ ਵਿਗਿਆਨ** : ਮਾਨਵ ਵਿਗਿਆਨ ਦੀ ਇਹ ਸ਼ਾਖਾ ਆਦਿਮ ਮਨੁੱਖ ਦੀਆਂ ਸੰਸਥਾਵਾਂ, ਮਾਨਵੀ ਸੰਬੰਧਾਂ, ਪਰਿਵਾਰਿਕ ਵਿਵਸਥਾ, ਆਰਥਿਕ ਵਿਵਸਥਾ, ਸਮਾਜਕ ਸੰਗਠਨ ਆਦਿ ਦਾ ਅਧਿਐਨ ਕਰਦਾ ਹੈ। ਸਮਾਜਕ ਸੰਬੰਧਾਂ ਦੇ ਨਾਲ ਨਾਲ ਇਹ ਮਨੁੱਖ ਦੀਆਂ ਗਤੀਵਿਧੀਆਂ, ਕਲਾ ਕਿਰਤਾਂ, ਭਾਸ਼ਾ, ਸਿਹਤ, ਵਹਿਮਾਂ ਭਰਮਾਂ, ਮਿੱਥਾਂ, ਤਕਨੀਕ ਆਦਿ ਦਾ ਵੀ ਅਧਿਐਨ ਕਰਦਾ ਹੈ।

ਉਪਰੋਕਤ ਚਰਚਾ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਮਾਨਵ ਵਿਗਿਆਨ ਦਾ ਵਿਸ਼ਾ ਖੇਤਰ ਸਮਾਜ ਵਿਗਿਆਨ ਦੀ ਤਰ੍ਹਾਂ ਹੀ ਬਹੁਤ ਵਿਸ਼ਾਲ ਹੈ। ਇਹ ਪੁਰਾਤਨ ਮਨੁੱਖ (primitive man) ਦੇ ਜੀਵਨ ਦੇ ਸਾਰੇ ਪੱਖਾਂ ਦਾ ਅਧਿਐਨ ਕਰਦਾ ਹੈ। ਇਹ ਵਿਗਿਆਨ ਪ੍ਰਾਕ੍ਰਿਤਕ ਵਿਗਿਆਨ (ਜੀਵ ਵਿਗਿਆਨ) ਨਾਲ ਵੀ ਸੰਬੰਧਿਤ ਹੈ।

ਦੂਜੇ ਪਾਸੇ ਸਮਾਜ ਵਿਗਿਆਨ ਆਧੁਨਿਕ ਗੁੰਝਲਦਾਰ ਅਤੇ ਵੱਡੇ ਸਮਾਜਾਂ ਦੇ ਸਮਾਜਕ ਢਾਂਚੇ ਅਤੇ ਸੰਗਠਨ ਦਾ ਅਧਿਐਨ ਕਰਦਾ ਹੈ। ਵਰਤਮਾਨ ਮਨੁੱਖ ਦਾ ਸਮੂਹਿਕ ਵਿਵਹਾਰ ਜੋ ਨਿਸ਼ਚਿਤ ਰੂਪ ਵਿਚ ਸਮਾਜਕ ਹੋਵੇ ਸਮਾਜ ਵਿਗਿਆਨ ਦੇ ਅਧਿਐਨ ਖੇਤਰ ਵਿਚ ਆਉਂਦਾ ਹੈ। ਪੁਰਾਤਨ ਸਮਾਜਾਂ ਦੀਆਂ ਸੰਸਥਾਵਾਂ, ਸਮਾਜਕ ਵਿਵਸਥਾ ਅਤੇ ਸੰਗਠਨ ਬਹੁਤ ਹੀ ਸਾਦੇ, ਸਰਲ ਅਤੇ ਅਕਾਰ ਵਿਚ ਛੋਟੇ ਹੁੰਦੇ ਸਨ। ਇਨ੍ਹਾਂ ਦੇ ਅਧਿਐਨ ਤੋਂ ਪ੍ਰਾਪਤ ਗਿਆਨ ਦੇ ਆਧਾਰ ਤੇ ਹੀ ਸਮਾਜ ਵਿਗਿਆਨੀ ਆਧੁਨਿਕ ਜਟਿਲ ਜਾਂ ਗੁੰਝਲਦਾਰ ਸਮਾਜ ਨੂੰ ਸਮਝਣ ਅਤੇ ਇਸ ਦੀਆਂ ਸਮਾਜਕ ਪ੍ਰਣਾਲੀਆਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਮਾਜਕ ਵਿਗਿਆਨ ਆਪਣੀ ਵਿਸ਼ੇ ਸਮੱਗਰੀ ਨੂੰ ਸਮਝਣ ਲਈ ਮਾਨਵ ਵਿਗਿਆਨ ਦੇ ਗਿਆਨ ਉੱਤੇ ਨਿਰਭਰ ਕਰਦਾ ਹੈ।

ਇਸੇ ਤਰ੍ਹਾਂ ਮਾਨਵ ਵਿਗਿਆਨਾਂ ਨੇ ਆਧੁਨਿਕ ਸਮਾਜਾਂ ਦੇ ਗਿਆਨ ਦੇ ਆਧਾਰ ਤੇ ਅਨੇਕ ਪਰਿਕਲਪਨਾਵਾਂ ਦਾ ਨਿਰਮਾਣ ਕੀਤਾ ਜਿਨ੍ਹਾਂ ਦੇ ਆਧਾਰ ਤੇ ਪੁਰਾਤਨ ਸਮਾਜ ਦਾ ਅਧਿਐਨ ਕਰਨਾ ਸਰਲ ਹੋ ਗਿਆ। ਉਦਾਹਰਣ ਦੇ ਤੌਰ ਤੇ ਪ੍ਰਸਿੱਧ ਸਮਾਜ ਵਿਗਿਆਨੀ **ਲੁਈਸ ਹੈਨਰੀ ਮੋਰਗਨ** (Lewis Henry Morgan) ਨੇ ਵਰਤਮਾਨ ਸਮਾਜ ਵਿਚ ਨਿੱਜੀ ਸੰਪਤੀ (Private property) ਦੀ ਧਾਰਣਾ ਤੋਂ ਪੁਰਾਤਨ ਸਮਾਜਾਂ ਵਿਚ ਪੁਰਾਤਨ ਸਾਮਵਾਦ (Primitive Communism) ਦੀ ਹੋਂਦ ਦਾ ਨਿਰਣਾ ਕਢਿਆ। ਇਵੇਂ ਹੀ ਮਾਨਵ ਵਿਗਿਆਨ ਨੇ ਸਮਾਜ ਵਿਗਿਆਨ ਦੀ ਅਧਿਐਨ ਵਿਧੀ ਦਾ ਪ੍ਰਯੋਗ ਕੀਤਾ ਹੈ। ਸਮਾਜ ਵਿਗਿਆਨ ਅਨੁਸਾਰ ਸਮਾਜ ਇਕ ਲਗਾਤਾਰ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਸੰਸਥਾ ਹੈ। ਇਸ ਦਾ ਕਿਸੇ ਸਥਿਰ ਪ੍ਰਣਾਲੀ (static approach) ਦੁਆਰਾ ਅਧਿਐਨ ਸੰਭਵ ਨਹੀਂ। ਇਸੇ ਲਈ ਮਾਨਵ ਵਿਗਿਆਨੀਆਂ ਨੇ ਆਪਣੀ ਅਧਿਐਨ ਵਿਧੀ ਵਿਚ ਸੋਧ ਕਰਕੇ ਸਥਿਰ ਵਿਧੀ ਦੀ ਥਾਂ ਗਤੀਆਤਮਕ ਵਿਧੀ ਦਾ ਪ੍ਰਯੋਗ ਆਰੰਭ ਕਰ ਦਿੱਤਾ ਹੈ।

ਉਪਰੋਕਤ ਚਰਚਾ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਦੋਵੇਂ ਵਿਗਿਆਨ ਇਕ ਦੂਜੇ ਨਾਲ ਗੂੜ੍ਹੇ ਰੂਪ ਵਿਚ ਸੰਬੰਧਿਤ ਹਨ। ਦੋਹਾਂ ਵਿਗਿਆਨਾਂ ਵਿਚ ਵਿਸ਼ਾ-ਵਸਤੂ, ਅਧਿਐਨ ਪੱਧਤੀ ਅਤੇ ਸੰਕਲਪਾਂ (concepts) ਦਾ ਲੈਣ ਦੇਣ ਹੋਣ ਨਾਲ ਇਕ ਦੂਜੇ ਦਾ ਖੇਤਰ ਸਮ੍ਰਿਧ ਹੋਇਆ ਹੈ। ਦੋਹਾਂ ਵਿਗਿਆਨਾਂ ਦੇ

ਵਿਚ ਗੂੜ੍ਹਾ ਸੰਬੰਧ ਹੋਣ ਦੇ ਬਾਵਜੂਦ ਵੀ ਇਹ ਦੋਵੇਂ ਵੱਖੋ ਵੱਖ ਵਿਸ਼ੇ ਹਨ। **ਕੀਸਿੰਗ** ਨੇ ਕਲਚਰਲ ਐਂਥਰੋ ਪੋਲੋਜੀ ਵਿਚ ਲਿਖਿਆ ਹੈ ਕਿ ''ਇਹ ਦੋਵੇਂ ਵੱਖ ਵੱਖ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਅਧਿਐਨ ਕਰਦੇ ਹਨ ਅਤੇ ਦੋਵੇਂ ਭਿੰਨ ਭਿੰਨ ਪ੍ਰਕਾਰ ਦੀਆਂ ਖੋਜ ਪ੍ਰਣਾਲੀਆਂ ਦਾ ਪ੍ਰਯੋਗ ਕਰਦੇ ਹਨ''। ਇਨ੍ਹਾਂ ਵਿਚ ਪ੍ਰਮੁੱਖ ਭੇਦ ਹੇਠ ਲਿਖੇ ਅਨੁਸਾਰ ਹਨ :

1. ਸਮਾਜਕ ਮਾਨਵ ਵਿਗਿਆਨ ਪੁਰਾਤਨ ਸਰਲ ਸਮਾਜਾਂ ਦਾ ਅਧਿਐਨ ਕਰਦਾ ਹੈ ਜਦੋਂ ਕਿ ਸਮਾਜ ਵਿਗਿਆਨ ਆਧੁਨਿਕ ਗੁੰਝਲਦਾਰ (complex) ਸਮਾਜਾਂ ਦਾ ਅਧਿਐਨ ਕਰਦਾ ਹੈ।
2. ਇਨ੍ਹਾਂ ਦੋਵਾਂ ਵਿਗਿਆਨਾਂ ਦੀ ਖੋਜ ਵਿਧੀ ਵਿਚ ਵੀ ਅੰਤਰ ਹੈ। ਸਮਾਜਕ ਮਾਨਵ ਵਿਗਿਆਨੀ ਜਿਸ ਪੁਰਾਤਨ ਸਮੁਦਾਇ ਦਾ ਅਧਿਐਨ ਕਰਨਾ ਹੁੰਦਾ ਹੈ ਉਸ ਦਾ ਮੈਂਬਰ ਬਣਕੇ ਯਾਨੀ ਕਿ ਨਿਰੀਖਣ ਵਿਧੀ (participant observation) ਦੁਆਰਾ ਕਰਦੇ ਹਨ ਜਦੋਂ ਕਿ ਸਮਾਜ ਵਿਗਿਆਨੀ ਅਧਿਐਨ ਲਈ ਸਮੱਗਰੀ ਇਕੱਠੀ ਕਰਨ ਵਾਸਤੇ ਕਈ ਕਿਸਮ ਦੇ ਪ੍ਰਲੇਖਾਂ, ਪ੍ਰਸ਼ਨਾਵਲੀ, ਅਨੁਸੂਚੀ ਆਦਿ ਦਾ ਸਹਾਰਾ ਲੈਂਦੇ ਹਨ।
3. **ਕਲਕੋਹਨ** (Kluckhohn) ਅਨੁਸਾਰ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਵਿਵਹਾਰਿਕ ਅਰਥਾਤ ਵਰਤਮਾਨ ਨਾਲ ਸੰਬੰਧਿਤ ਹੈ, ਜਦੋਂ ਕਿ ਸਮਾਜਕ ਮਾਨਵ ਵਿਗਿਆਨ ਦ੍ਰਿਸ਼ਟੀਕੋਣ ਸ਼ੁੱਧ ਗਿਆਨ ਅਤੇ ਭੂਤਕਾਲ ਵੱਲ ਝੁਕਾਅ ਰੱਖਦਾ ਹੈ (The Sociological attitude has tended towards the practical and present, the anthropological towards pure understaning and the past) .
4. ਸਮਾਜਕ ਮਾਨਵ ਵਿਗਿਆਨ ਛੋਟੇ, ਸਰਲ ਅਤੇ ਆਤਮ ਨਿਰਭਰ ਸਮੂਹਾਂ ਦਾ ਅਧਿਐਨ ਕਰਦੇ ਹਨ ਜਦੋਂ ਕਿ ਸਮਾਜ ਵਿਗਿਆਨੀ ਵੱਡੇ, ਅਨਿੱਜੀ ਸੰਗਠਨਾਂ ਅਤੇ ਪ੍ਰਕ੍ਰਿਆਵਾਂ ਦਾ ਅਧਿਐਨ ਕਰਦੇ ਹਨ।

### 1.2.5 ਸਮਾਜ ਵਿਗਿਆਨ ਦਾ ਮਨੋ-ਵਿਗਿਆਨ ਨਾਲ ਸੰਬੰਧ (Relationship of Sociology and Psychology)

ਸਮਾਜ ਵਿਗਿਆਨ ਅਤੇ ਮਨੋ-ਵਿਗਿਆਨ ਦੋਵੇਂ ਮਨੁੱਖੀ ਵਿਵਹਾਰ ਨਾਲ ਸੰਬੰਧਿਤ ਹਨ। ਦੋਵਾਂ ਦਾ ਵਿਸ਼ਾ ਖੇਤਰ ਇਕ ਹੋਣ ਕਾਰਣ ਇਨ੍ਹਾਂ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਸਮਾਜ ਵਿਗਿਆਨ ਮਨੁੱਖ ਦੇ ਸਮਾਜਕ ਵਿਵਹਾਰ ਭਾਵ ਸਮੂਹ ਵਿਚ ਵਿਅਕਤੀ ਕਿਵੇਂ ਵਿਵਹਾਰ ਕਰਦਾ ਹੈ ਦਾ ਅਧਿਐਨ ਕਰਦਾ ਹੈ। ਦੂਜੇ ਪਾਸੇ ਮਨੋਵਿਗਿਆਨ ਸਿਰਫ਼ ਮਨੁੱਖੀ ਵਤੀਰੇ ਦਾ ਅਧਿਐਨ ਹੈ ਇਹ ਮਨੁੱਖ ਦੇ ਮਾਨਸਿਕ ਵਿਚਾਰਾਂ ਅਤੇ ਅਨੁਭਵਾਂ ਦਾ ਅਧਿਐਨ ਕਰਦਾ ਹੈ। ਮਨੋ-ਵਿਗਿਆਨ ਉਨ੍ਹਾਂ ਨਿਯਮਾਂ ਦਾ ਪਤਾ ਲਗਾਉਂਦਾ ਹੈ ਜਿਹੜੇ ਮਨੁੱਖ ਦੇ ਵਿਵਹਾਰ ਅਤੇ ਮਾਨਸਿਕ ਕ੍ਰਿਆਵਾਂ ਨਾਲ ਸੰਬੰਧਿਤ ਹੁੰਦੇ ਹਨ। ਇਸ ਉਦੇਸ਼ ਲਈ ਉਹ ਭਾਵਨਾਵਾਂ (emotions), ਯਾਦਾਸ਼ਤ (memory), ਰਵੱਈਏ (attitude), ਸੂਝ (intelligence), ਪ੍ਰੇਰਨਾਵਾਂ (motivations), ਸੁਝਾਅ (suggestions), ਸਿੱਖਿਆ (learning), ਹਮਦਰਦੀ (sympathy) ਆਦਿ ਮਾਨਸਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ। ਇਹ ਮਾਨਸਿਕ ਕ੍ਰਿਆਵਾਂ ਉੱਘੜ-ਦੁੱਘੜੀਆਂ ਨਹੀਂ ਰਹਿੰਦੀਆਂ ਬਲਕਿ ਇਕ ਨਿਸ਼ਚਿਤ ਪੈਟਰਨ ਵਿਚ ਸੰਗਠਿਤ ਹੋ ਜਾਂਦੀਆਂ ਹਨ ਅਤੇ ਵਿਅਕਤਿਤਵ (Personality) ਨੂੰ ਜਨਮ ਦਿੰਦੀਆਂ ਹਨ। ਮਨੋ-ਵਿਗਿਆਨ ਅਸਲ ਵਿਚ ਇਸ ਵਿਅਕਤਿਤਵ ਦਾ ਹੀ ਅਧਿਐਨ ਕਰਦਾ ਹੈ। ਮਨੁੱਖ ਦੀਆਂ ਇਨ੍ਹਾਂ ਮਾਨਸਿਕ ਪ੍ਰਕ੍ਰਿਆਵਾਂ ਉੱਤੇ ਸਮਾਜਕ ਵਾਤਾਵਰਣ ਅਤੇ ਅੰਤਰ ਕ੍ਰਿਆਵਾਂ ਦਾ ਪ੍ਰਭਾਵ ਹੁੰਦਾ ਹੈ ਅਤੇ ਇਨ੍ਹਾਂ ਦੁਆਰਾ ਹੀ ਇਹ ਮਾਨਸਿਕ ਪ੍ਰਕ੍ਰਿਆਵਾਂ ਨਿਸ਼ਚਿਤ ਹੁੰਦੀਆਂ ਹਨ।

ਇਸ ਤੱਥ ਨੂੰ ਅਨੁਭਵ ਕਰਦਿਆਂ ਹੀ ਮਨੋਵਿਗਿਆਨ ਦੀ ਇਕ ਸ਼ਾਖਾ ਸਮਾਜਕ ਮਨੋਵਿਗਿਆਨ (Social Psychology) ਹੋਂਦ ਵਿਚ ਆਈ। ਜਦੋਂ ਇਹ ਸਮਾਜਕ ਮਨੋਵਿਗਿਆਨ ਵਿਅਕਤਿਤਵ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਮਾਜਕ ਪ੍ਰਸਥਿਤੀਆਂ ਦਾ ਅਧਿਐਨ ਕਰਦਾ ਹੈ ਤਦ ਉਹ ਸਮਾਜ ਵਿਗਿਆਨ ਦੀ ਹੀ ਇਕ ਸ਼ਾਖਾ ਬਣਦਾ ਜਾਪਦਾ ਹੈ।

ਉਪਰੋਕਤ ਚਰਚਾ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਮਨੋਵਿਗਿਆਨ ਮਨੁੱਖ ਦਾ ਅਧਿਐਨ ਕਰਦਾ ਹੈ ਜਦੋਂ ਕਿ ਸਮਾਜਕ ਮਨੋਵਿਗਿਆਨ ਮਨੁੱਖ ਦਾ ਸਮੂਹ ਦੇ ਮੈਂਬਰ ਦੇ ਰੂਪ ਵਿਚ ਅਧਿਐਨ ਕਰਦਾ ਹੈ ਅਤੇ ਸਮਾਜ ਵਿਗਿਆਨ ਸਮਾਜਕ ਸੰਬੰਧਾਂ ਦੀ ਵਿਵਸਥਾ ਦਾ ਅਧਿਐਨ ਕਰਦਾ ਹੈ। ਕਿਉਂਕਿ ਇਨ੍ਹਾਂ ਵਿਗਿਆਨਾਂ ਦੇ ਵਿਸ਼ੇ ਵਸਤੂ ਆਪਸ ਵਿਚ ਇੰਨੇ ਰਲ ਗੱਡ ਹਨ ਕਿ ਇਨ੍ਹਾਂ ਨੂੰ ਇਕ ਦੂਸਰੇ ਤੋਂ ਵੱਖਰੇ ਕਰਕੇ ਨਹੀਂ ਸਮਝਿਆ ਜਾ ਸਕਦਾ।

ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਤੋਂ ਬਿਨਾ ਉਸ ਦੀ ਹੋਂਦ ਨਾ ਮੁਮਕਿਨ ਹੈ। ਉਸ ਦੇ ਵਿਅਕਤਿਤਵ ਦਾ ਵਿਕਾਸ ਵੀ ਸਮਾਜ ਵਿਚ ਰਹਿਕੇ ਹੁੰਦਾ ਹੈ। ਸਮਾਜ ਦੀਆਂ ਵੱਖ ਵੱਖ ਏਜੰਸੀਆਂ ਜਿਵੇਂ ਪਰਿਵਾਰ, ਗੁਆਂਢ, ਸਕੂਲ, ਦਫ਼ਤਰ ਆਦਿ ਹੀ ਵਿਅਕਤੀ ਦਾ ਸਮਾਜੀਕਰਣ ਕਰਦੀਆਂ ਹਨ ਭਾਵ ਉਸ ਦੇ ਵਿਅਕਤਿਤਵ ਨੂੰ ਨਿਖਾਰਦੇ ਹੋਏ ਸਮਾਜ ਦਾ ਹਿੱਸਾ ਬਣਾਉਂਦੀਆਂ ਹਨ। ਸਮਾਜ ਤੋਂ ਅਲੱਗ ਵਿਅਕਤੀ ਪਸ਼ੂ ਸਮਾਨ ਹੈ। ਮਨੁੱਖ ਕੇਵਲ ਆਪਣੀਆਂ ਪ੍ਰਵਿਰਤੀਆਂ ਜਾਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਹੀ ਸਮਾਜ ਵਿਚ ਨਹੀਂ ਰਹਿੰਦਾ ਬਲਕਿ ਸਮਾਜ ਤੋਂ ਬਿਨਾਂ ਉਸ ਦੇ ਵਿਅਕਤਿਤਵ ਦਾ ਵਿਕਾਸ ਅਸੰਭਵ ਹੈ। ਇਸ ਗੱਲ ਨੂੰ **ਕਿੰਗਸਲੇ ਡੇਵਿਸ** ਨੇ ਆਪਣੀ ਕਿਤਾਬ Human Society ਵਿਚ wolf child ਦੀ ਉਦਾਹਰਣ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।

ਦੂਸਰੇ ਪਾਸੇ ਸਮਾਜ ਮਨੁੱਖਾਂ ਦਾ ਹੀ ਸਮੂਹ ਹੈ। ਵਿਅਕਤੀ ਮਿਲਕੇ ਹੀ ਸਮਾਜ ਦਾ ਨਿਰਮਾਣ ਕਰਦੇ ਹਨ। ਇਸ ਲਈ ਮਨੁੱਖ ਅਤੇ ਸਮਾਜ ਇਕ ਦੂਜੇ ਦੇ ਪੂਰਕ ਹਨ। ਇਸੇ ਤਰ੍ਹਾਂ ਅਸੀਂ ਸਮਾਜ ਵਿਗਿਆਨ ਅਤੇ ਮਨੋਵਿਗਿਆਨ ਨੂੰ ਵੀ ਇਕ ਦੂਜੇ ਦਾ ਪੂਰਕ ਮੰਨ ਸਕਦੇ ਹਾਂ। ਸਮਾਜ ਵਿਗਿਆਨ ਸਮਾਜਕ ਵਿਵਹਾਰ, ਸਮਾਜਕ ਸੰਬੰਧਾਂ ਅਤੇ ਅੰਤਰ-ਕ੍ਰਿਆਵਾਂ ਦੀ ਵਾਸਤਵਿਕਤਾ ਨੂੰ ਸਮਝਣ ਲਈ ਮਨੋ-ਵਿਗਿਆਨ ਦਾ ਸਹਾਰਾ ਲੈਂਦਾ ਹੈ। ਇਸੇ ਤਰ੍ਹਾਂ ਮਨੁੱਖੀ ਵਿਅਕਤਿਤਵ ਉਸ ਦੀਆਂ ਮਾਨਸਿਕ ਪ੍ਰਕ੍ਰਿਆਵਾਂ, ਉਸ ਦੇ ਵਿਚਾਰ ਅਤੇ ਅਨੁਭਾਵਾਂ ਦੇ ਵਿਸ਼ਲੇਸ਼ਣ ਲਈ ਮਨੋ ਵਿਗਿਆਨ ਸਮਾਜ ਵਿਗਿਆਨ ਦੀ ਸਹਾਇਤਾ ਲੈਂਦਾ ਹੈ। **ਬਰਨਾਰਡ** ਅਨੁਸਾਰ ''ਮਨੁੱਖ ਦੇ ਵਿਵਹਾਰ, ਵਿਚਾਰਾਂ ਅਤੇ ਅਨੁਭਵਾਂ ਨੂੰ ਉਸ ਦੀਆਂ ਸਰੀਰਕ ਤੇ ਮਾਨਸਿਕ ਯੋਗਤਾਵਾਂ ਹੀ ਨਿਰਧਾਰਿਤ ਨਹੀਂ ਕਰਦੀਆਂ, ਸਗੋਂ ਇਹ ਉਸ ਦੀਆਂ ਸਮਾਜਕ ਪ੍ਰਸਥਿਤੀਆਂ ਦੁਆਰਾ ਵੀ ਨਿਰਧਾਰਿਤ ਹੁੰਦੇ ਹਨ।'' ਸੋ ਅਸੀਂ ਕਹਿ ਸਕਦੇ ਹਾਂ ਕਿ ਮਨੁੱਖੀ ਮਾਨਸਿਕ ਕ੍ਰਿਆਵਾਂ ਅਤੇ ਵਿਵਹਾਰ ਦਾ ਇਕ ਸਮਾਜਕ ਆਧਾਰ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸਮਾਜਕ ਪ੍ਰਸਥਿਤੀਆਂ, ਸਮਾਜਕ ਵਾਤਾਵਰਣ ਅਤੇ ਸੰਸਕ੍ਰਿਤੀ ਦਾ ਗਿਆਨ ਹਾਸਲ ਕੀਤਾ ਜਾਵੇ ਜਿਸ ਲਈ ਸਮਾਜ ਵਿਗਿਆਨ ਤੇ ਨਿਰਭਰ ਹੋਣਾ ਪਵੇਗਾ।

ਉਪਰ ਕੀਤੀ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਦੋਵੇਂ ਵਿਗਿਆਨ ਇਕ ਦੂਜੇ ਤੇ ਨਿਰਭਰ ਹਨ। **ਮੈਕਾਈਵਰ** ਨੇ ਠੀਕ ਹੀ ਕਿਹਾ ਹੈ ਕਿ ''ਸਮਾਜ ਵਿਗਿਆਨ ਦੇ ਅਧਿਐਨ ਵਿਚ ਮਨੋਵਿਗਿਆਨ ਦਾ ਗਿਆਨ ਉੱਨਾ ਹੀ ਜ਼ਰੂਰੀ ਹੈ ਜਿੰਨਾ ਕਿ ਮਨੋਵਿਗਿਆਨ ਦੇ ਅਧਿਐਨ ਵਿਚ ਸਮਾਜ ਵਿਗਿਆਨ ਦਾ ਹੈ। ਕੋਈ ਇਕ ਵਿਗਿਆਨ ਦੂਸਰੇ ਦੇ ਖੇਤਰ ਵਿਚ ਜਾਏ ਬਿਨਾਂ ਆਪਣੀ ਵਿਸ਼ੇ ਸਮੱਗਰੀ ਇਕੱਠੀ ਨਹੀਂ ਕਰ ਸਕਦਾ।''

ਸਮਾਜ ਵਿਗਿਆਨ ਅਤੇ ਮਨੋਵਿਗਿਆਨ ਵਿਚ ਗੂੜ੍ਹਾ ਸੰਬੰਧ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿਚ ਭੇਦ ਪਾਇਆ ਜਾਂਦਾ ਹੈ।

**(ੳ) ਵਿਸ਼ਾ ਵਸਤੂ ਦੀ ਭਿੰਨਤਾ (Difference between subject matter) :**

ਸਮਾਜ ਵਿਗਿਆਨ ਦੇ ਅਧਿਐਨ ਦੀ ਇਕਾਈ ਹਮੇਸ਼ਾ ਸਮੂਹ ਹੁੰਦਾ ਹੈ ਭਾਵੇਂ ਉਸ ਵਿਚ ਦੋ ਵਿਅਕਤੀ ਹੀ ਹੋਣ ਜੋ ਆਪਸ ਵਿਚ ਕਿਸੇ ਨਾ ਕਿਸੇ ਤਰ੍ਹਾਂ ਅੰਤਰ ਸੰਬੰਧਿਤ ਹੋਣ। ਸੋ ਕਿਹਾ ਜਾ ਸਕਦਾ ਹੈ ਕਿ ਸਮਾਜ ਵਿਗਿਆਨ ਵਿਅਕਤੀਆਂ ਵਿਚ ਹੋਣ ਵਾਲੀਆਂ ਅੰਤਰ ਕ੍ਰਿਆਵਾਂ ਦਾ ਅਧਿਐਨ ਕਰਦਾ ਹੈ। ਪਰ ਇਸ ਦੇ ਉਲਟ ਮਨੋਵਿਗਿਆਨ ਦੀ ਇਕਾਈ ਹਮੇਸ਼ਾਂ ਇਕ ਵਿਅਕਤੀ ਹੀ ਹੁੰਦਾ ਹੈ। ਇਹ ਉਸੇ ਵਿਅਕਤੀ ਦੀਆਂ ਵਿਭਿੰਨ ਕ੍ਰਿਆਵਾਂ ਦੇ ਅੰਤਰ ਸੰਬੰਧਾਂ ਦਾ, ਉਸ ਦੇ ਵਿਅਕਤੀਤਵ ਦਾ ਅਤੇ ਉਸ ਦੀਆਂ ਮਾਨਸਿਕ ਪ੍ਰਕ੍ਰਿਆਵਾਂ ਤੇ ਅਨੁਭਵਾਂ ਦਾ ਅਧਿਐਨ ਕਰਦਾ ਹੈ। **ਬੋਗਾਰਡਸ** (Bogardus) ਨੇ ਦੋਵਾਂ ਵਿਚ ਵਿਭਿੰਨਤਾ ਦਰਸਾਉਂਦੇ ਹੋਏ ਲਿਖਿਆ ਹੈ ਕਿ, ''ਜਿਵੇਂ ਮਨੋਵਿਗਿਆਨ ਮਾਨਸਿਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ ਉਸੇ ਤਰ੍ਹਾਂ ਸਮਾਜ ਵਿਗਿਆਨ ਸਮਾਜਕ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ।'' ਸਮਾਜ ਵਿਗਿਆਨ ਦਾ ਮੁੱਖ ਸੰਬੰਧ ਸਮੂਹਿਕ ਵਿਵਹਾਰ ਨਾਲ ਹੈ ਅਤੇ ਮਨੋਵਿਗਿਆਨ ਦਾ ਵਿਅਕਤੀਗਤ ਵਿਵਹਾਰ ਨਾਲ ।

**(ਅ) ਦ੍ਰਿਸ਼ਟੀਕੋਣ ਦਾ ਅੰਤਰ (Difference of perspective)** : ਦੋਵਾਂ ਵਿਗਿਆਨਾਂ ਦੇ ਦ੍ਰਿਸ਼ਟੀਕੋਣ ਵਿਚ ਵੀ ਅੰਤਰ ਹੈ। ਮਨੋਵਿਗਿਆਨ ਦਾ ਦ੍ਰਿਸ਼ਟੀਕੋਣ ਵਿਅਕਤਕ (individualistic) ਹੈ ਅਤੇ ਸਮਾਜ ਵਿਗਿਆਨ ਦਾ ਸਮਾਜਕ (social) ਹੈ। ਮਨੋਵਿਗਿਆਨ ਦਾ ਮੰਨਣਾ ਹੈ ਕਿ ਮਨੁੱਖ ਦੇ ਹਰੇ ਕ ਵਿਵਹਾਰ ਦਾ ਆਧਾਰ ਉਸ ਦਾ ਵਿਅਕਤਿਤਵ, ਉਸ ਦਾ ਆਪਣਾ ਮਨ ਅਤੇ ਉਸ ਦੀ ਚੇਤਨਾ ਹੈ। ਮਨੋਵਿਗਿਆਨ ਮਨੁੱਖ ਦੇ ਵਿਵਹਾਰ ਦਾ ਵਿਸ਼ਲੇਸ਼ਣ ਉਸ ਦੀਆਂ ਨਿੱਜੀ ਭਾਵਨਾਵਾਂ, ਆਵੇਗਾਂ, ਅਨੁਭਵਾਂ ਅਤੇ ਮੂਲ ਪ੍ਰਵਿਰਤੀਆਂ ਦੁਆਰਾ ਕਰਦਾ ਹੈ ਪਰ ਸਮਾਜ ਵਿਗਿਆਨ ਮਨੁੱਖ ਦੇ ਵਿਵਹਾਰ ਦੀ ਵਿਆਖਿਆ ਦੂਜੇ ਵਿਅਕਤੀਆਂ ਦੇ ਨਾਲ ਉਸ ਦੇ ਸੰਬੰਧਾਂ ਦੇ ਆਧਾਰ ਤੇ ਕਰਦਾ ਹੈ। ਸਮਾਜ ਵਿਗਿਆਨ ਅਨੁਸਾਰ ਸਮਾਜਕ ਵਿਵਹਾਰਾਂ ਦਾ ਆਧਾਰ ਮਨੁੱਖ ਦਾ ਸਮੂਹ ਵਿਚ ਰਹਿਣ ਦਾ ਸੁਭਾਅ ਹੈ। ਸਮਾਜ ਵਿਗਿਆਨ ਨਿੱਜੀ ਨਿਰਧਾਰਕਾਂ (individual determinants) ਦੀ ਬਜਾਇ ਸਮਾਜਕ ਨਿਰਧਾਰਕਾਂ ਦੁਆਰਾ ਅਧਿਐਨ ਕਰਦਾ ਹੈ।

**(ੲ) ਅਧਿਐਨ ਵਿਧੀ ਵਿਚ ਅੰਤਰ (Different methods)** : ਅਸੀਂ ਇਹ ਕਹਿ ਸਕਦੇ ਹਾਂ ਕਿ ਮਨੋਵਿਗਿਆਨ ਵਿਚ ਜ਼ਿਆਦਾਤਰ ਪ੍ਰਯੋਗਾਤਮਿਕ (Experimental) ਵਿਧੀ ਦੀ ਵਰਤੋਂ ਹੁੰਦੀ ਹੈ ਪਰ ਸਮਾਜ ਵਿਗਿਆਨ ਆਪਣੇ ਅਧਿਐਨ ਲਈ ਤੁਲਨਾਤਮਕ, ਇਤਿਹਾਸਕ ਅਤੇ ਸੰਰਚਨਾਤਮਕ ਵਿਧੀ ਦੀ ਵਰਤੋਂ ਕਰਦਾ ਹੈ। ਇਸ ਤੋਂ ਭਾਵ ਇਹ ਨਹੀਂ ਕਿ ਸਮਾਜ ਵਿਗਿਆਨੀ ਪ੍ਰਯੋਗਾਤਮਕ ਵਿਧੀ ਦੀ ਵਰਤੋਂ ਨਹੀਂ ਕਰਦੇ।

### 1.2.6 ਸਮਾਜ ਵਿਗਿਆਨ ਦਾ ਇਤਿਹਾਸ ਨਾਲ ਸੰਬੰਧ (Relationship of Sociology and History) :

ਆਧੁਨਿਕ ਵਿਚਾਰਕਾਂ ਦੇ ਅਨੁਸਾਰ ਕੇਵਲ ਜੀਵ ਦਾ ਹੀ ਵਿਕਾਸ ਨਹੀਂ ਹੁੰਦਾ ਸਗੋਂ ਸਮਾਜਿਕ ਸੰਸਥਾਵਾਂ ਦਾ ਵੀ ਵਿਕਾਸ ਹੁੰਦਾ ਹੈ। ਵਿਕਾਸ ਦੀ ਪ੍ਰਕ੍ਰਿਆ ਵਿਚ ਹਰੇਕ ਸੰਸਥਾ ਕਈ ਪੜ੍ਹਾਵਾਂ ਵਿਚੋਂ ਲੰਘਦੀ ਹੈ। ਕਿਸੇ ਵੀ ਸੰਸਥਾ ਦੀ ਮੌਜੂਦਾ ਸਥਿਤੀ ਨੂੰ ਜਾਣਨ ਲਈ ਉਸਦਾ ਅਤੀਤ ਜਾਣਨਾ ਜ਼ਰੂਰੀ ਹੈ। ਇਸ ਅਤੀਤ ਦਾ ਚਿਤਰਨ ਇਤਿਹਾਸ ਕਰਦਾ ਹੈ। ਇਸ ਲਈ ਇਤਿਹਾਸ ਅਤੇ ਸਮਾਜ ਵਿਗਿਆਨ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਸਮਾਜ ਵਿਗਿਆਨ ਅਤੇ ਇਤਿਹਾਸ ਇਕ ਦੂਸਰੇ ਨਾਲ ਇੰਨੇ ਅੰਤਰ ਸੰਬੰਧਿਤ ਹਨ ਕਿ **ਵੋਨ ਬੁਲੋ** (Von Bulow) ਵਰਗੇ ਵਿਗਿਆਨੀ ਨੇ ਸਮਾਜ ਵਿਗਿਆਨ ਨੂੰ ਇਤਿਹਾਸ ਤੋਂ ਵੱਖਰੀ ਸ਼ਾਖਾ ਮੰਨਣ ਤੋਂ ਇਨਕਾਰ ਕੀਤਾ ਹੈ। ਇਤਿਹਾਸ ਮੁੱਖ ਤੌਰ ਤੇ ਪੁਰਾਤਨ ਮਨੁੱਖੀ ਸਮਾਜਾਂ ਦੇ ਜੀਵਨ ਦਾ ਬਿਊਰਾ ਦਿੰਦਾ ਹੈ। ਇਹ ਉਨ੍ਹਾਂ ਪਰਿਵਰਤਨਾਂ ਨੂੰ ਉਘਾੜਦਾ ਹੈ ਜਿਹੜੇ ਇਨ੍ਹਾਂ ਸਮਾਜਾਂ ਵਿਚ ਸਮੇਂ ਸਮੇਂ ਸਿਰ ਆਏ। ਇਤਿਹਾਸ ਉਨ੍ਹਾਂ ਵਿਚਾਰਾਂ ਦਾ ਵਰਣਨ ਕਰਦਾ ਹੈ ਜਿਨ੍ਹਾਂ ਨੇ ਇਨ੍ਹਾਂ ਸਮਾਜਕ ਕ੍ਰਿਆਵਾਂ ਨੂੰ ਯਕੀਨੀ ਬਣਾਇਆ। ਇਹ ਉਨ੍ਹਾਂ ਪਦਾਰਥਕ ਹਾਲਤਾਂ ਨੂੰ ਜਾਣਨ ਦਾ ਯਤਨ ਕਰਦਾ ਹੈ ਜਿਹੜੀਆਂ ਸਮਾਜ ਦੇ ਵਿਕਾਸ ਲਈ ਸਹਾਇਕ ਹੋਈਆਂ ਜਾਂ ਰਾਹ ਦਾ ਰੋੜਾ ਬਣੀਆਂ। ਇਸੇ ਤਰ੍ਹਾਂ ਸਮਾਜ ਵਿਗਿਆਨ ਦਾ ਸੰਬੰਧ ਸਮਾਜਾਂ

ਦੇ ਇਤਿਹਾਸਕ ਵਿਕਾਸ ਦਾ ਅਧਿਐਨ ਕਰਨਾ ਹੈ। ਸਮਾਜ ਵਿਗਿਆਨ ਸਮੂਹਾਂ ਵਿਚ ਮਨੁੱਖੀ ਵਿਵਹਾਰ ਦਾ ਜਾਂ ਮਨੁੱਖਾਂ ਵਿਚਕਾਰ ਅੰਤਰ ਕਾਰਜ ਅਤੇ ਸਮਾਜਕ ਪ੍ਰਕ੍ਰਿਆ ਜਿਨ੍ਹਾਂ ਦੁਆਰਾ ਮਨੁੱਖੀ ਸਮੂਹ ਕਾਰਜ ਕਰਦੇ ਹਨ, ਦਾ ਅਧਿਐਨ ਕਰਦਾ ਹੈ।

ਇਤਿਹਾਸ ਅਤੀਤ ਦੀਆਂ ਮਹੱਤਵਪੂਰਣ ਘਟਨਾਵਾਂ ਦਾ ਕ੍ਰਮਬੱਧ ਵਰਣਨ ਕਰਦਾ ਹੈ। ਇਹ ਆਦਿ ਕਾਲ ਤੋਂ ਲੈਕੇ ਹੁਣ ਤਕ ਮਨੁੱਖੀ ਸਮਾਜ ਦੀਆਂ ਪ੍ਰਮੁਖ ਘਟਨਾਵਾਂ ਦਾ ਕਾਲ ਕ੍ਰਮ ਦੇ ਆਧਾਰ ਤੇ ਵਿਵਰਣ ਤਿਆਰ ਕਰਦਾ ਹੈ। ਇਤਿਹਾਸ ਅਤੀਤ ਦੀਆਂ ਸਮੁੱਚੀਆਂ ਆਰਥਿਕ, ਰਾਜਨੈਤਿਕ ਜਾਂ ਸਮਾਜਕ ਘਟਨਾਵਾਂ ਦਾ ਸੰਗ੍ਰਹਿ ਹੈ। ਇਤਿਹਾਸਕਾਰ ਕੇਵਲ ਮਹੱਤਵਪੂਰਣ ਘਟਨਾਵਾਂ ਦਾ ਵੇਰਵਾ ਹੀ ਨਹੀਂ ਦਿੰਦਾ ਬਲਕਿ ਇਨ੍ਹਾਂ ਘਟਨਾਵਾਂ ਦੇ ਕਾਰਣਾਂ ਨੂੰ ਜਾਣਨ ਦਾ ਵੀ ਯਤਨ ਕਰਦਾ ਹੈ। ਸਮਾਜ ਵਿਗਿਆਨ ਘਟਨਾਵਾਂ ਵਿਚ ਨਹੀਂ ਬਲਕਿ ਉਨ੍ਹਾਂ ਵਿਵਹਾਰਕ ਪ੍ਰਤਿਮਾਨਾਂ ਵਿਚ ਦਿਲਚਸਪੀ ਲੈਂਦਾ ਹੈ ਜੋ ਇਹ ਘਟਨਾਵਾਂ ਪ੍ਰਦਰਸ਼ਿਤ ਕਰਦੀਆਂ ਹਨ।

ਉਪਰ ਕੀਤੀ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਦੋਵੇਂ ਸਮਾਜ ਵਿਗਿਆਨ ਅਤੇ ਇਤਿਹਾਸ ਇਕ ਦੂਜੇ ਨਾਲ ਗੂੜ੍ਹੇ ਰੂਪ ਵਿਚ ਜੁੜੇ ਹੋਏ ਹਨ। ਇਸੇ ਲਈ **ਜੀ. ਈ. ਹੋਬਰਡ** (G.E. Howzrd) ਨੇ ਕਿਹਾ ਹੈ ਕਿ "ਇਤਿਹਾਸ ਅਤੀਤ ਦਾ ਸਮਾਜ ਸ਼ਾਸਤਰ ਹੈ ਅਤੇ ਸਮਾਜ ਸ਼ਾਸਤਰ ਵਰਤਮਾਨ ਦਾ ਇਤਿਹਾਸ ਹੈ।" **ਪਾਰਕ** ਦਾ ਕਹਿਣਾ ਹੈ ਕਿ "ਇਤਿਹਾਸਕਾਰਾਂ ਅਤੇ ਸਮਾਜ ਸ਼ਾਸਤਰੀਆਂ ਦੇ ਕਾਰਜ ਖੇਤਰ ਇਕੋ-ਜਿਹੇ ਹਨ।

ਸਾਡੇ ਵਰਤਮਾਨ ਦੀਆਂ ਜੜ੍ਹਾ ਅਤੀਤ ਵਿਚ ਫੈਲੀਆਂ ਹੋਈਆਂ ਹਨ। ਮੌਜੂਦਾ ਪਰੰਪਰਾ, ਰੀਤੀ ਰਿਵਾਜ, ਪ੍ਰਥਾਵਾਂ ਤੇ ਸਮਾਜਕ ਸੰਸਥਾਵਾਂ ਨੂੰ ਸਮਝਣ ਦੇ ਲਈ ਸਾਨੂੰ ਅਤੀਤ ਨੂੰ ਜਾਣਨਾ ਜ਼ਰੂਰੀ ਹੁੰਦਾ ਹੈ ਜਿਸ ਵਿਚ ਇਤਿਹਾਸ ਸਾਡੀ ਮਦਦ ਕਰਦਾ ਹੈ। ਦੋਵੇਂ ਵਿਗਿਆਨ ਇਕ ਹੀ ਪ੍ਰਕਾਰ ਦੀ ਵਿਸ਼ੇ-ਸਮੱਗਰੀ ਦਾ ਅਧਿਐਨ ਕਰਦੇ ਹਨ ਭਾਵ ਦੋਨੋਂ ਸਮਾਜਕ ਸੰਬੰਧਾਂ ਅਤੇ ਉਨ੍ਹਾਂ ਦੇ ਫਲਸਰੂਪ ਵਾਪਰਨ ਵਾਲੀਆਂ ਘਟਨਾਵਾਂ ਦਾ ਅਧਿਐਨ ਕਰਦੇ ਹਨ। ਬੇਸ਼ਕ ਇਹੋ ਦੋਵੇਂ ਸਮਾਨ ਜਾਂ ਇਕੋ ਜਿਹੀਆਂ ਘਟਨਾਵਾਂ ਦਾ ਅਧਿਐਨ ਕਰਦੇ ਹਨ ਪਰੰਤੂ ਇਨ੍ਹਾਂ ਦਾ ਦ੍ਰਿਸ਼ਟੀਕੋਣ ਭਿੰਨ ਭਿੰਨ ਹੁੰਦਾ ਹੈ ਜੋ ਪਰਸਪਰ ਵਿਰੋਧਤਾ ਵਾਲਾ ਨਹੀਂ ਹੁੰਦਾ ਬਲਕਿ ਇਹ ਇਕ ਦੂਜੇ ਦੇ ਪੂਰਕ ਹੁੰਦੇ ਹਨ। ਸੋ ਅਸੀਂ ਇਹ ਕਹਿ ਸਕਦੇ ਹਾਂ ਕਿ ਦੋਵਾਂ ਵਿਗਿਆਨਾਂ ਦਾ ਅਧਿਐਨ ਖੇਤਰ ਇਕ ਹੋਣ ਕਰਕੇ ਇਹ ਦੋਵੇਂ ਵਿਗਿਆਨ ਇਕ ਦੂਸਰੇ ਨਾਲ ਸੰਬੰਧਤ ਹਨ। ਸਮਾਜ ਵਿਗਿਆਨ ਸਮਾਜ ਦੀ ਸਰੰਚਨਾ ਦਾ ਅਧਿਐਨ ਕਰਦਾ ਹੈ ਅਤੇ ਇਤਿਹਾਸਕ ਘਟਨਾਵਾਂ ਹਰੇਕ ਸਮਾਜ ਦੀ ਸਰੰਚਨਾ ਨੂੰ ਪ੍ਰਭਾਵਿਤ ਕਰਦੀਆਂ ਹਨ ਪਰ ਇਸ ਦੇ ਨਾਲ ਹੀ ਸਮਾਜਕ ਸੰਰਚਨਾਵਾਂ ਵਿਚ ਹੋਣ ਵਾਲੇ ਪਰਿਵਰਤਨ ਇਤਿਹਾਸ ਦਾ ਨਿਰਮਾਣ ਕਰਦੇ ਹਨ। ਸੋ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜ ਦੀਆਂ ਵਰਤਮਾਨ ਦਿਸ਼ਾਵਾਂ ਨੂੰ ਸਮਝਣ ਲਈ ਇਤਿਹਾਸ ਦੀ ਮਦਦ ਲੈਣੀ ਜ਼ਰੂਰੀ ਹੈ।

ਇਨ੍ਹਾਂ ਦੋਵਾਂ ਵਿਗਿਆਨਾਂ ਦੇ ਆਪਸ ਵਿਚ ਗੂੜ੍ਹੇ ਰੂਪ ਵਿਚ ਜੁੜੇ ਹੋਣ ਦੇ ਬਾਵਜੂਦ ਅਤੇ ਪਰਸਪਰ ਸੰਬੰਧਤ ਹੋਣ ਦੇ ਨਾਲ ਨਾਲ ਇਹ ਦੋਵੇਂ ਵੱਖਰੇ ਵਿਸ਼ੇ ਹਨ ਅਤੇ ਇਨ੍ਹਾਂ ਵਿਚ ਹੇਠਾਂ ਦਿੱਤੇ ਪ੍ਰਮੁੱਖ ਭੇਦ ਪਾਏ ਜਾਂਦੇ ਹਨ।

(ੳ) ਸਭ ਤੋਂ ਪਹਿਲੀ ਭਿੰਨਤਾ ਹੈ ਕਿ ਇਤਿਹਾਸ ਇਕ ਮੂਰਤ (concrete) ਵਿਗਿਆਨ ਹੈ ਅਤੇ ਸਮਾਜ ਵਿਗਿਆਨ ਅਮੂਰਤ (abstract), ਇਤਿਹਾਸ ਨੂੰ ਮੂਰਤ ਇਸ ਲਈ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਵੱਖ ਵੱਖ ਘਟਨਾਵਾਂ ਦਾ ਲਿਖਤੀ ਰਿਕਾਰਡ ਪੇਸ਼ ਕਰਦਾ ਹੈ। ਇਹ ਮਹੱਤਵਪੂਰਣ ਘਟਨਾਵਾਂ ਦਾ ਵੇਰਵਾ ਦਿੰਦਾ ਹੈ ਅਤੇ ਕਾਲ ਅਤੇ ਸਥਾਨ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਦਰਸਾਉਂਦਾ ਹੈ ਕਿ ਘਟਨਾਵਾਂ ਕਿਸ ਕ੍ਰਮ ਵਿਚ ਵਾਪਰੀਆਂ। ਪਰੰਤੂ ਸਮਾਜ ਵਿਗਿਆਨ ਦਾ ਵਿਸ਼ਾ ਵਸਤੂ ਮਨੁੱਖੀ ਸੰਬੰਧਾਂ ਦਾ ਅਧਿਐਨ ਹੈ ਜਾਂ ਕਹਿ ਲਈਏ ਕਿ ਇਹ ਉਨ੍ਹਾਂ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ ਜਿਨ੍ਹਾਂ ਦੇ ਕਾਰਣ ਘਟਨਾਵਾਂ ਵਾਪਰਦੀਆਂ ਹਨ।

ਮਨੁੱਖੀ ਸੰਬੰਧਾਂ ਨੂੰ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ। ਸਮਾਜ ਵਿਗਿਆਨ ਮਨੁੱਖੀ ਵਿਵਹਾਰ (ਸੁਭਾਅ) ਦੇ ਪ੍ਰਾਕ੍ਰਿਤਕ ਨਿਯਮ ਜਾਣਨ ਦਾ ਯਤਨ ਕਰਦਾ ਹੈ ਅਤੇ ਇਨ੍ਹਾਂ ਵਿਚੋਂ ਸਧਾਰਣੀਕਰਣ (generaliztion) ਦਾ ਪਤਾ ਲਗਾਉਣ ਲਈ ਯਤਨਸ਼ੀਲ ਹੁੰਦਾ ਹੈ। ਇਹ ਕਿਸੇ ਕਾਲ ਜਾਂ ਸਥਾਨ ਨੂੰ ਧਿਆਨ ਵਿਚ ਨਹੀਂ ਰੱਖਦਾ।

(ਅ) ਇਤਿਹਾਸ ਦਾ ਅਧਿਐਨ ਖੇਤਰ ਭੂਤਕਾਲ ਦੀਆਂ ਘਟਨਾਵਾਂ ਹੁੰਦੀਆਂ ਹਨ। ਇਹ ਅਤੀਤ ਦੀਆਂ ਮਹੱਤਵਪੂਰਣ ਘਟਨਾਵਾਂ ਦਾ ਸੰਗ੍ਰਹਿ ਹੈ। ਇਹ ਅਤੀਤ ਦੇ ਕਾਰਜਾਂ ਨੂੰ ਭੂਤਕਾਲ ਤੋਂ ਵਰਤਮਾਨ ਤੱਕ ਲਿਆਉਂਦਾ ਹੈ। ਪਰ ਸਮਾਜ ਵਿਗਿਆਨ ਦਾ ਸੰਬੰਧ ਵਰਤਮਾਨ ਸਮਾਜ ਨਾਲ ਹੈ। ਇਹ ਨਿਰੀਖਣ (observation) ਅਤੇ ਪਰੀਖਣ ਦੀ ਵਿਧੀ ਦੁਆਰਾ ਘਟਨਾਵਾਂ ਦਾ ਅਧਿਐਨ ਕਰਦਾ ਹੈ ਅਤੇ ਇਤਿਹਾਸ ਦੁਆਰਾ ਵਰਤਮਾਨ ਤਕ ਲਿਆਂਦੇ ਕਾਰਜਾਂ ਨੂੰ ਵਰਤਮਾਨ ਤੋਂ ਆਰੰਭ ਕਰਕੇ ਭਵਿੱਖ ਵੱਲ ਵਧਾਉਂਦਾ ਹੈ।

(ੲ) ਇਤਿਹਾਸ ਮਨੁੱਖ ਦੇ ਕਾਰਨਾਮਿਆਂ ਤੇ ਜ਼ੋਰ ਦਿੰਦਾ ਹੈ ਜਦੋਂ ਕਿ ਸਮਾਜ ਵਿਗਿਆਨ ਮਨੁੱਖੀ ਸਮੂਹ ਦਾ ਅਧਿਐਨ ਕਰਦਾ ਹੈ ਇਕੱਲੇ ਮਨੁੱਖ ਦੇ ਵਿਵਹਾਰ ਦਾ ਨਹੀਂ।

(ਸ) ਸਮਾਜ ਵਿਗਿਆਨ ਵਿਚ ਤੁਲਨਾਤਮਕ ਵਿਧੀ (comparative method) ਦਾ ਪ੍ਰਯੋਗ ਹੁੰਦਾ ਹੈ ਪਰੰਤੂ ਇਤਿਹਾਸ ਵਿਵਰਣਾਤਮਕ ਵਿਧੀ (Descriptive method) ਦਾ ਪ੍ਰਯੋਗ ਕਰਦਾ ਹੈ।

(ਹ) ਇਤਿਹਾਸ ਦਾ ਅਧਿਐਨ ਕਿਸੇ ਖ਼ਾਸ ਕਾਲ ਨੂੰ ਮੁੱਖ ਰੱਖਦੇ ਹੋਏ ਹੁੰਦਾ ਹੈ ਕਿ ਉਸ ਸਮੇ ਵਿਚ ਕੋਈ ਵੀ ਸਭਿਅਤਾ ਜਾਂ ਸੰਸਕ੍ਰਿਤੀ ਕਿਹੋ ਜਿਹੀ ਸੀ ਪਰ ਸਮਾਜ ਵਿਗਿਆਨ ਵਿਚ ਕਾਲ ਜਾਂ ਸਥਾਨ ਦੀ ਮਹੱਤਤਾ ਨਹੀਂ ਬਲਕਿ ਇਹ ਉਸ ਸਭਿਅਤਾ ਜਾਂ ਸੰਸਕ੍ਰਿਤੀ ਦੀ ਉਤਪਤੀ ਅਤੇ ਵਿਕਾਸ ਦੀਆਂ ਪ੍ਰਕ੍ਰਿਆਵਾਂ ਦਾ ਅਧਿਐਨ ਕਰਦਾ ਹੈ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਇਨ੍ਹਾਂ ਵਿਚ ਅੰਤਰ ਹੁੰਦੇ ਹੋਏ ਵੀ ਇਹ ਦੋਵੇਂ ਵਿਗਿਆਨ ਆਪਸ ਵਿਚ ਗੂੜ੍ਹੇ ਰੂਪ ਵਿਚ ਸੰਬੰਧਤ ਹਨ।

### 1.2.7 ਸਮਾਜ-ਸ਼ਾਸਤਰ ਦਾ ਅਰਥ ਸ਼ਾਸਤਰ ਨਾਲ ਸੰਬੰਧ (Relationship of Sociology and Economics)

ਜੇ ਅਸੀਂ ਸਧਾਰਣ ਬੰਦੇ ਕੋਲੋਂ ਪੁਛੀਏ ਕਿ ਅਰਥ-ਸ਼ਾਸਤਰ ਕੀ ਹੈ ? ਤਾਂ ਉਹ ਇਹ ਹੀ ਕਹੇਗਾ ਕਿ ਜਿਸ ਵਿਚ ਪੈਸੇ ਜਾਂ 'ਧੰਨ' ਬਾਰੇ ਪੜ੍ਹਿਆ ਜਾਂਦਾ ਹੈ। ਜੇ ਇਸ ਕਥਨ ਨੂੰ ਹੋਰ ਸਪਸ਼ਟ ਕਰਨਾ ਹੋਵੇ ਤਾਂ ਕਹਾਂਗੇ ਕਿ ਅਰਥ-ਸ਼ਾਸਤਰ ਉਹ ਵਿਗਿਆਨ ਹੈ ਜਿਸ ਵਿਚ ਉਤਪਾਦਨ, ਉਤਪਾਦਨ ਕਰਤਾ, ਉਤਪਾਦਨ ਦਾ ਉਪਯੋਗ, ਉਤਪਾਦਨ ਦੀ ਵੰਡ ਅਤੇ ਕਿਰਤ ਸ਼ਕਤੀ ਬਾਰੇ ਪੜ੍ਹਿਆ ਜਾਂਦਾ ਹੈ। ਕਿਸੇ ਫੈਕਟਰੀ ਜਾਂ ਖੇਤੀਬਾੜੀ ਸੈਕਟਰ ਵਿਚ ਕੀ ਉਤਪਾਦਨ ਕੀਤਾ ਜਾਂਦਾ ਹੈ ? ਉਹ ਉਤਪਾਦਨ ਦੀ ਪ੍ਰਕਿਰਿਆ ਕੀ ਹੈ ? ਇਸ ਪ੍ਰਕਿਰਿਆ ਵਿਚ ਕੌਣ ਕੌਣ ਸਹਾਇਕ ਹਨ - ਜਿਵੇਂ ਜਮੀਨ, ਮਸ਼ੀਨਰੀ, ਉਤਪਾਦਨ, ਕੱਚਾ ਮਾਲ ਅਤੇ ਕਿਰਤ ਸ਼ਕਤੀ ਆਦਿ ? ਫਿਰ ਜਦੋਂ ਉਤਪਾਦਨ ਹੁੰਦਾ ਹੈ ਤਾਂ ਉਸ ਦਾ ਉਪਭੋਗ ਸਮਾਜ ਵਿਚ ਕੌਣ ਕਰਦਾ ਹੈ ? ਉਸ ਦੀ ਵੰਡ ਸਮਾਜ ਵਿਚ ਕਿਵੇਂ ਹੁੰਦੀ ਹੈ? ਭਾਵ ਮੰਗ ਅਤੇ ਪੂਰਤੀ ਦਾ ਕੀ ਰਿਸ਼ਤਾ ਹੈ ?

**ਡਾ. ਮਾਰਸ਼ਲ** ਅਨੁਸਾਰ, "ਅਰਥ-ਸ਼ਾਸਤਰ ਮਨੁੱਖ ਦੇ ਜੀਵਨ ਦੀਆਂ ਸਾਧਾਰਣ ਵਪਾਰ ਸੰਬੰਧੀ ਕ੍ਰਿਆਵਾਂ ਦਾ ਅਧਿਐਨ ਹੈ।" ਅਰਥ-ਸ਼ਾਸਤਰ ਇਹ ਪਤਾ ਲਗਾਉਂਦਾ ਹੈ ਕਿ ਆਦਮੀ ਕਿਸ ਤਰ੍ਹਾਂ ਧੰਨ ਕਮਾਉਂਦਾ ਹੈ ਤੇ ਕਿਸ ਤਰ੍ਹਾਂ ਉਸ ਧੰਨ ਨੂੰ ਖ਼ਰਚ ਕਰਦਾ ਹੈ। ਇਸ ਤਰ੍ਹਾਂ ਅਰਥ-ਸ਼ਾਸਤਰ ਇਕ ਪਾਸੇ ਧੰਨ ਦਾ ਅਧਿਐਨ ਕਰਦਾ

ਹੈ ਅਤੇ ਦੂਜੇ ਪਾਸੇ ਮਨੁੱਖ ਦੇ ਅਰਥਚਾਰੇ ਦਾ ਜੋ ਬਹੁਤ ਮਹੱਤਤਾ ਰੱਖਦਾ ਹੈ।

ਇਸੇ ਤਰ੍ਹਾਂ ਸਮਾਜ ਵਿਗਿਆਨ ਉਹ ਵਿਗਿਆਨ ਹੈ ਜਿਸ ਵਿਚ ਸਮਾਜ ਬਾਰੇ ਪੜ੍ਹਿਆ ਜਾਂਦਾ ਹੈ। ਹੁਣ ਸਵਾਲ ਉੱਠਦਾ ਹੈ ਕਿ ਸਮਾਜ ਕੀ ਹੈ ਸਧਾਰਣ ਸ਼ਬਦਾਂ ਵਿਚ ਜਿਸ ਵਿਚ ਮਨੁੱਖ ਰਹਿੰਦੇ ਹਨ। ਜਿਸ ਵਿਚ ਆਦਮੀ ਇਕ ਛੋਟੀ ਤੋਂ ਛੋਟੀ ਇਕਾਈ ਹੈ। ਪਰ ਸਿਰਫ਼ ਮਨੁੱਖਾਂ ਦਾ ਇਕੱਠ ਹੀ ਸਮਾਜ ਨਹੀਂ ਕਹਾਉਂਦਾ। ਜਿੰਨਾ ਚਿਰ ਉਹ ਮਨੁੱਖ ਕਿਸੇ ਅਰਥ-ਭਰਪੂਰ ਕਾਰਜ ਵਿਚ ਨਹੀਂ ਪੈਂਦੇ। ਉਹ ਆਪਸ ਵਿਚ ਵਿਵਹਾਰ ਨਹੀਂ ਕਰਦੇ। ਜਦੋਂ ਉਹ ਵਿਵਹਾਰ ਕਰਦੇ ਹਨ ਤਾਂ ਉਨ੍ਹਾਂ ਦਾ ਵਿਵਹਾਰ ਇਕ ਦੂਜੇ ਨੂੰ ਪ੍ਰਭਾਵਤ ਕਰਦਾ ਹੈ। ਉਹ ਆਪਣੀਆਂ ਹਰ ਤਰ੍ਹਾਂ ਦੀਆਂ ਲੋੜਾਂ ਲਈ ਸੰਸਥਾਵਾਂ ਅਤੇ ਸਮੂਹਾਂ ਵਿਚ ਬੱਝੇ ਰਹਿੰਦੇ ਹਨ ਅਤੇ ਰਿਸ਼ਤਿਆਂ ਵਿਚ ਬੱਝਦੇ ਹਨ, ਰੀਤੀ-ਰਿਵਾਜ, ਪ੍ਰਭਾਵਾਂ, ਪਰੰਪਰਾਵਾਂ ਅਤੇ ਸਮਾਜਕ ਕੀਮਤਾਂ ਵਿਚੋਂ ਵਿਚਰਦੇ ਹਨ। ਇਨ੍ਹਾਂ ਸਭਨਾਂ ਦਾ ਅਧਿਐਨ ਸਮਾਜ ਵਿਗਿਆਨ ਰਾਹੀਂ ਕੀਤਾ ਜਾਂਦਾ ਹੈ।

ਜਦੋਂ ਅਸੀਂ ਹਰ ਘਟਨਾ ਅਤੇ ਹਰ ਕਿਰਿਆ ਨੂੰ ਗੌਰ ਨਾਲ ਵੇਖੀਏ ਤਾਂ ਪਤਾ ਲਗੇਗਾ ਕਿ ਹਰ ਆਰਥਿਕ ਕਿਰਿਆ ਸਮਾਜ ਵਿਚ ਹੀ ਘੱਟਦੀ ਹੈ। ਸਮਾਜਕ ਅੰਤਰ-ਕਾਰਜ ਦੇ ਸਿੱਟੇ ਵਜੋਂ ਹੀ ਘੱਟਦੀ ਹੈ। ਇਸ ਦਾ ਅਸਰ ਵੀ ਸਮਾਜ ਉਪਰ ਹੀ ਪੈਂਦਾ ਹੈ। ਸਰਲ ਸ਼ਬਦਾਂ ਵਿਚ ਜੇ ਸਮਝਣਾ ਹੋਵੇ ਤਾਂ ਉਪਭੋਗੀ ਕੌਣ ਹੈ ? ਇਹ ਸਮਾਜ ਦੀ ਕਿਹੜੀ ਇਕਾਈ ਹੈ ? ਜਦੋਂ ਉਤਪਾਦਨ ਕਰਨਾ ਹੁੰਦਾ ਹੈ ਤਾਂ ਸਮਾਜ ਵਿਗਿਆਨ ਅਰਥ-ਸ਼ਾਸਤਰ ਨੂੰ ਦਸੇਗਾ ਕਿ ਉਸ ਦੇ ਉਤਪਾਦਨ ਦੇ ਉਪਭੋਗੀ ਸਮਾਜ ਦਾ ਕਿਹੜਾ ਵਰਗ ਹੈ ? ਕਿੱਥੇ ਉਸ ਦੀ ਵਸਤੂ ਜ਼ਿਆਦਾ ਵਿਕ ਸਕਦੀ ਹੈ ? ਕੌਣ ਲੋਕ ਉਸ ਦਾ ਇਸਤੇਮਾਲ ਕਰਨਗੇ ? ਇਸ ਲਈ ਉਤਪਾਦਕ ਆਪਣੀ ਵਸਤੂ ਦਾ ਸਮਾਜ ਦੇ ਉਸ ਵਰਗ ਅਨੁਸਾਰ ਉਤਪਾਦਨ ਤੇ ਵਿਕਰੀ ਕਰੇਗਾ। ਹੁਣ ਉਤਪਾਦਨ ਦੀ ਵੰਡ ਤੇ ਇਸਦੇ ਸਿੱਟਿਆਂ ਬਾਰੇ ਵੀ ਸਮਾਜ-ਸ਼ਾਸਤਰ ਹੀ ਦਸਦਾ ਹੈ ਕਿ ਜੋ ਵੰਡ ਅਸਾਂਵੀ ਹੋਈ ਤਾਂ ਸਮਾਜ ਵਿਚ ਕੀ ਹਲਚਲ ਹੋਵੇਗੀ ? ਜਾਂ ਵਿਕਾਸ ਤੇ ਕੀ ਅਸਰ ਪਵੇਗਾ ? ਇਸ ਤੋਂ ਇਲਾਵਾ ਮਜ਼ਦੂਰਾਂ ਦੀ ਮਾਨਸਿਕ ਅਵਸਥਾ, ਮਜ਼ਦੂਰ ਤੇ ਮੈਨੇਜਮੈਂਟ ਵਿਚ ਰਿਸ਼ਤਾ ਆਦਿ ਬਾਰੇ ਵੀ ਸਮਾਜ ਵਿਗਿਆਨ ਗੂੜ੍ਹੀ ਜਾਣਕਾਰੀ ਦੇ ਸਕਦਾ ਹੈ। ਇਸ ਤੋਂ ਸਪਸ਼ਟ ਹੈ ਕਿ ਅਰਥ-ਸ਼ਾਸਤਰ ਨੂੰ ਆਪਣੇ ਨਿਯਮਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਸਮਾਜ-ਸ਼ਾਸਤਰ ਬਾਰੇ ਗਿਆਨ ਹਾਸਿਲ ਕਰ ਲੈਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਕੁਝ ਸਮੱਸਿਆਵਾਂ ਐਸੀਆਂ ਹਨ ਜੋ ਬਿਲਕੁਲ ਦੋਹਾਂ ਵਿਗਿਆਨਾਂ ਵਿਚ ਸਾਂਝੀਆਂ ਹਨ ਜਿਵੇਂ ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ ਆਦਿ।

ਸਮਾਜ ਵਿਗਿਆਨ ਵੀ ਅਰਥ-ਸ਼ਾਸਤਰ ਤੋਂ ਕਾਫ਼ੀ ਸਹਾਇਤਾ ਹਾਸਿਲ ਕਰਦਾ ਹੈ। ਆਰਥਿਕ ਸ਼ਕਤੀਆਂ ਸਮਾਜਕ ਜੀਵਨ ਦੇ ਹਰ ਪੜਾਅ ਵਿਚ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਜਿਵੇਂ ਸਮਾਜ ਦੇ ਆਰਥਿਕ ਰਿਸ਼ਤਿਆਂ ਵਿਚ ਤਬਦੀਲੀ ਆਉਣ ਨਾਲ ਸਮਾਜਕ ਰਿਸ਼ਤੇ ਵੀ ਬਦਲ ਜਾਂਦੇ ਹਨ। ਜਗੀਰਦਾਰੀ ਯੁੱਗ ਵਿਚ ਜਦੋਂ ਉਪਜ ਸਿਰਫ ਆਪਣੀਆਂ ਲੋੜਾ ਅਨੁਸਾਰ ਕੀਤੀ ਜਾਂਦੀ ਸੀ ਜਦੋਂ ਖੇਤੀ ਪ੍ਰਧਾਨਤਾ ਦਾ ਯੁੱਗ ਸੀ ਉਦੋਂ ਸਾਡੇ ਸਮਾਜਕ ਰਿਸ਼ਤੇ ਹੋਰ ਸਨ। ਪਰ ਉਦਯੋਗਿਕ ਕ੍ਰਾਂਤੀ ਨਾਲ ਸਾਡੇ ਆਰਥਿਕ ਰਿਸ਼ਤੇ ਬਦਲਣ ਨਾਲ ਸਮਾਜਕ ਰਿਸ਼ਤੇ ਵੀ ਬਦਲ ਗਏ ਹਨ ਅਤੇ ਸਮਾਜਕ ਸੰਸਥਾਵਾਂ ਦੀ ਵੀ ਤੋੜ-ਭੰਨ ਹੋ ਰਹੀ ਹੈ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਤਲਾਕਾਂ ਦੀ ਦਰ ਵਿਚ ਵਾਧਾ ਹੋ ਰਿਹਾ ਹੈ। ਵਿਅਕਤੀਗਤ ਸੁਤੰਤਰਤਾ ਦੀ ਭਾਵਨਾ ਵੱਧ ਰਹੀ ਹੈ। ਪਦਾਰਥਕ ਰਿਸ਼ਤਿਆਂ ਤੇ ਜ਼ਿਆਦਾ ਜੋਰ ਹੈ। ਲੋਕਾਂ ਵਿਚ ਪਿਆਰ, ਮਿਲਵਰਤਣ ਘੱਟ ਗਿਆ ਹੈ। ਇਸ ਆਰਥਿਕ ਤਬਦੀਲੀ ਨਾਲ ਪੁਰਾਣੇ ਜਾਤਾਂ-ਜਮਾਤਾਂ ਵਰਗੇ ਸੰਗਠਨਾਂ, ਵਿਚ ਵੀ ਕਾਫ਼ੀ ਤਬਦੀਲੀ ਆਈ ਹੈ। ਨਵੇਂ ਵਰਗ ਤੇ ਨਵੇਂ ਸੰਗਠਨ ਹੋਂਦ ਵਿਚ ਆਏ ਹਨ ਜਿਵੇਂ ਟਰੇਡ-ਯੂਨੀਅਨਾਂ, ਬੁਰਜੂਆਂ ਤੇ ਪਰੋਲੇਤਾਰੀਅਤ ਵਰਗ ਆਦਿ। ਸਮਾਜਕ ਕਦਰਾਂ-ਕੀਮਤਾਂ, ਪ੍ਰਤਿਮਾਨਾਂ, ਧਾਰਮਿਕ ਵਿਸ਼ਵਾਸਾਂ, ਨੈਤਿਕ ਕੀਮਤਾਂ ਆਦਿ ਵਿਚ ਵੀ ਤਬਦੀਲੀ ਆਈ ਹੈ। ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਵੀ ਕਾਫ਼ੀ ਤਬਦੀਲੀ ਆਈ ਹੈ। ਇਸ ਤੋਂ ਸਪਸ਼ਟ ਹੈ ਕਿ ਦੋਹਾਂ ਵਿਗਿਆਨਾਂ ਵਿਚ ਕਾਫ਼ੀ ਗੂੜ੍ਹਾ ਸੰਬੰਧ ਹੈ। ਦੋਨੇ ਇਕ ਦੂਸਰੇ ਕੋਲੋਂ ਕਾਫ਼ੀ ਕੁਝ ਲੈਂਦੇ ਹਨ ਅਤੇ ਦਿੰਦੇ

ਹਨ। ਦੋਹਾਂ ਵਿਗਿਆਨਾਂ ਵਿਚ ਸਾਂਝ ਦੇ ਨਾਲ ਨਾਲ ਵੱਖਰੇਵਾ ਵੀ ਹੈ।

1) ਅਰਥ-ਸ਼ਾਸਤਰ ਦਾ ਜ਼ਿਆਦਾ ਜ਼ੋਰ ਮਨੁੱਖ ਦੀਆਂ ਆਰਥਿਕ ਗਤੀਵਿਧੀਆਂ ਤੇ ਹੀ ਹੈ ਜਦੋਂ ਕਿ ਸਮਾਜ-ਸ਼ਾਸਤਰ ਦਾ ਸੰਬੰਧ ਸਾਰੇ ਕਾਰਜਾਂ ਦੇ ਰਿਸ਼ਤਿਆਂ ਨਾਲ ਹੈ। ਸੋ ਸਮਾਜ ਸ਼ਾਸਤਰ ਦਾ ਘੇਰਾ ਜ਼ਿਆਦਾ ਵਿਸ਼ਾਲ ਹੈ।

2) ਸਮਾਜ-ਸ਼ਾਸਤਰ ਆਰਥਿਕ ਕਿਰਿਆਵਾਂ ਦੇ ਸਮਾਜਕ ਪਹਿਲੂਆਂ ਨਾਲ ਜ਼ਿਆਦਾ ਸੰਬੰਧਿਤ ਹੈ ਜਦੋਂ ਕਿ ਅਰਥ-ਸ਼ਾਸਤਰ ਦਾ ਜ਼ਿਆਦਾ ਜ਼ੋਰ ਪਦਾਰਥਕ ਪਹਿਲੂਆਂ ਨਾਲ ਹੈ ਕਿ ਉਤਪਾਦਨ ਕਿਵੇਂ ਵਧਾਉਣਾ ਹੈ ? ਪਦਾਰਥਕ ਖੁਸ਼ੀ ਕਿਵੇਂ ਹਾਸਿਲ ਕਰਨੀ ਹੈ ? ਲੋਕਾਂ ਦੀਆਂ ਪਦਾਰਥਕ ਲੋੜਾਂ ਕਿਵੇਂ ਪੂਰੀਆਂ ਕਰਨੀਆਂ ਹਨ ?

3) ਸਮਾਜ ਵਿਗਿਆਨ ਦੀ ਇਕਾਈ ਇਕ ਨਹੀਂ ਇਕ ਤੋਂ ਵੱਧ ਮਨੁੱਖ ਹਨ ਜਦੋਂ ਕਿ ਅਰਥ-ਸ਼ਾਸਤਰ ਦੀ ਇਕਾਈ ਮਨੁੱਖ ਹੈ ਉਹ ਉਸ ਦੇ ਆਰਥਿਕ ਪਹਿਲੂਆਂ ਦਾ ਅਧਿਐਨ ਕਰਦਾ ਹੈ।

4) ਅਰਥ-ਸ਼ਾਸਤਰ, ਸਮਾਜ-ਸ਼ਾਸਤਰ ਨਾਲੋਂ ਉਮਰ ਵਿੱਚ ਵੱਡਾ ਹੈ। ਕਿਉਂਕਿ ਇਹ ਪਹਿਲਾਂ ਹੋਂਦ ਵਿਚ ਆਇਆ।

**ਆਪਣਾ ਗਿਆਨ ਪਰਖੋ :**

1) ਇਤਿਹਾਸ ਅਤੇ ਸਮਾਜ ਵਿਗਿਆਨ ਵਿੱਚ ਪ੍ਰਯੋਗ ਕੀਤੀਆਂ ਜਾਣ ਵਾਲੀਆਂ ਦੋ-ਦੋ ਵਿਧੀਆਂ ਦੇ ਨਾਂ ਦੱਸੋ?

..........................................................................................................................

..........................................................................................................................

..........................................................................................................................

2) ਸਮਾਜ ਵਿਗਿਆਨ ਅਤੇ ਇਤਿਹਾਸ ਦੋਵੇਂ ਵਿਗਿਆਨਾਂ ਵਿਚੋਂ ਕਿਹੜੀ ਮੂਰਤ ਹੈ ਤੇ ਕਿਹੜੀ ਅਮੂਰਤ ਅਤੇ ਕਿਉਂ?

..........................................................................................................................

..........................................................................................................................

..........................................................................................................................

3) ਅਰਥ ਸ਼ਾਸਤਰ ਦਾ ਜਨਮ ਦਾਤਾ ਕੌਣ ਹੈ ਅਤੇ ਇਹ ਕਿਸਦਾ ਅਧਿਐਨ ਕਰਦਾ ਹੈ?

..........................................................................................................................

..........................................................................................................................

..........................................................................................................................

### 1.2.8 ਸਮਾਜ ਵਿਗਿਆਨ ਦਾ ਰਾਜਨੀਤੀ ਸ਼ਾਸਤਰ ਨਾਲ ਸੰਬੰਧ (Relationship of Sociology and Political Science)

ਇਹ ਦੋਵੇਂ ਵਿਗਿਆਨ ਇਕ ਦੂਜੇ ਨਾਲ ਬਹੁਤ ਹੀ ਗੂੜ੍ਹੇ ਰੂਪ ਵਿਚ ਸੰਬੰਧਤ ਹਨ। ਜਿਵੇਂ **ਐਮ. ਜਿਨਜ਼ਬਰਗ** ਨੇ ਕਿਹਾ ਕਿ ਇਤਿਹਾਸਕ ਤੌਰ ਤੇ ਸਮਾਜ-ਵਿਗਿਆਨ ਦੀਆਂ ਜੜ੍ਹਾਂ ਰਾਜਨੀਤੀ ਅਤੇ ਇਤਿਹਾਸ ਦੀ ਫ਼ਿਲਾਸਫ਼ੀ ਵਿਚ ਹਨ। ਇਕ ਹੋਰ ਸਮਾਜ ਵਿਗਿਆਨੀ ਨੇ ਦੋਹਾਂ ਦੇ ਰਿਸ਼ਤੇ ਬਾਰੇ ਬੋਲਦਿਆਂ ਕਿਹਾ ਕਿ ਸਮਾਜ-ਸ਼ਾਸਤਰ ਅਤੇ ਆਧੁਨਿਕ ਰਾਜਨੀਤਿਕ ਸਿਧਾਂਤ ਵਿਚ ਜੋ ਸਭ ਤੋਂ ਜ਼ਿਆਦਾ ਮਹੱਤਵਪੂਰਣ ਤਬਦੀਲੀਆਂ ਪਿਛਲੇ ਤੀਹ ਸਾਲਾਂ ਵਿਚ ਆਈਆਂ ਹਨ, ਉਹ ਉਸੇ ਲਾਈਨ ਅਨੁਸਾਰ ਆਈਆਂ ਹਨ ਜੋ ਸਮਾਜ-ਸ਼ਾਸਤਰ ਨੇ ਸੁਝਾਅ ਦਿੱਤਾ ਸੀ। ਮਸ਼ਹੂਰ ਫ਼ਿਲਾਸਫ਼ਰ **ਪਲੈਟੋ** ਅਤੇ **ਅਰਸਤੂ** ਨੇ ਆਪਣੀਆਂ ਰਚਨਾਵਾਂ 'ਰਿਪਬਲਕ' ਅਤੇ 'ਪੋਲੇਟਿਕਸ' ਵਿਚ ਰਾਜ

ਅਤੇ ਸਮਾਜ ਸੰਕਲਪ ਨੂੰ ਇਕੋ ਅਰਥ ਦਿੱਤਾ ਸੀ। ਪਿੱਛੋਂ ਜਾ ਕੇ ਇਨ੍ਹਾਂ ਸੰਕਲਪਾਂ ਵਿਚ ਵੱਖਰੇਵਾਂ ਹੋਇਆ। ਹੁਣ ਇਨ੍ਹਾਂ ਦੋਹਾਂ ਵਿਗਿਆਨਾਂ ਦੇ ਸੰਬੰਧ ਵੇਖਣ ਤੋਂ ਪਹਿਲਾਂ ਚੰਗਾ ਹੋਵੇਗਾ ਕਿ ਜੇ ਦੋਹਾਂ ਦਾ ਵਿਸ਼ਾ-ਖੇਤਰ ਵੇਖ ਲਿਆ ਜਾਵੇ। ਰਾਜਨੀਤੀ ਵਿਗਿਆਨ ਵਿਚ ਰਾਜ, ਰਾਜ ਦਾ ਵਿਕਾਸ, ਰਾਜ ਦੀਆਂ ਸੰਸਥਾਵਾਂ ਅਤੇ ਸੰਗਠਨ, ਸਰਕਾਰ ਦੀਆਂ ਹੋਰ ਪ੍ਰਣਾਲੀਆਂ ਅਤੇ ਉਨ੍ਹਾਂ ਦੇ ਉਦੇਸ਼ਾਂ ਅਤੇ ਕਾਰਜਾਂ ਦਾ ਅਧਿਐਨ ਕੀਤਾ ਜਾਂਦਾ ਹੈ। ਭਾਵ ਇਸ ਵਿਚ ਸਿਰਫ ਰਾਜਨੀਤਿਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਸਮਾਜ ਵਿਗਿਆਨ ਵਿਚ ਸਮਾਜਕ ਰਿਸ਼ਤਿਆਂ, ਸਮਾਜਕ ਸੰਸਥਾਵਾਂ, ਸਮਾਜਕ ਕਾਰਜਾਂ, ਪ੍ਰਤਿਮਾਨਾਂ, ਸਮਾਜਕ ਸਰੰਚਨਾਵਾਂ, ਸੰਸਥਾਵਾਂ ਸਮੂਹਾਂ, ਰੀਤੀ-ਰਿਵਾਜਾਂ, ਸਮਾਜਕ ਕੀਮਤਾਂ ਆਦਿ ਬਾਰੇ ਪੜ੍ਹਿਆ ਜਾਂਦਾ ਹੈ। ਸਮਾਜ-ਵਿਗਿਆਨ ਦੇ ਅਧਿਐਨ ਤੋਂ ਬਿਨਾਂ ਰਾਜਨੀਤਿਕ ਸੰਗਠਨਾਂ ਅਤੇ ਸੰਸਥਾਵਾਂ ਦੁਆਰਾ ਕੋਈ ਵਿਧੀ-ਵਿਧਾਨ ਪਾਸ ਕਰਨੇ, ਕਾਨੂੰਨ ਬਣਾਉਣੇ ਅਤੇ ਫ਼ੈਸਲੇ ਲੈਣੇ ਬਹੁਤ ਔਖੇ ਹੁੰਦੇ ਹਨ। ਇਹ ਸਮਾਜ ਵਿਗਿਆਨ ਹੀ ਦਸਦਾ ਹੈ ਕਿ ਕਿਸੇ ਰਾਜਨੀਤਿਕ ਪਾਰਟੀ ਨੇ ਆਪਣੇ ਪ੍ਰਤਿਨਿਧੀ ਚੋਣਾਂ ਵਿਚ ਕਿਸ ਜਾਤੀ, ਧਰਮ, ਭਾਸ਼ਾਈ ਖੇਤਰ ਵਿਚ ਖੜ੍ਹੇ ਕਰਨੇ ਹਨ ਕਿਉਂਕਿ ਭਾਰਤ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਜਾਤੀ ਦੇਸ਼ ਹੈ ਇਸ ਲਈ ਸਭ ਨੂੰ ਪ੍ਰਤਿਨਿਧਤਾ ਮਿਲਣੀ ਚਾਹੀਦੀ ਹੈ। ਵੋਟਾਂ ਮੰਗਣ ਲਈ ਉਨ੍ਹਾਂ ਨੂੰ ਦੇਸ਼ ਦੀ ਜਾਤੀ ਬਣਤਰ ਅਤੇ ਪਰਿਵਾਰਕ ਬਣਤਰ ਆਦਿ ਨੂੰ ਸਮਝਣਾ ਪਵੇਗਾ। ਇਸ ਤੋਂ ਇਲਾਵਾ ਇਹ ਸਮਾਜ ਵਿਗਿਆਨ ਹੀ ਰਾਜਨੀਤੀ ਸ਼ਾਸਤਰ ਨੂੰ ਦਸਦਾ ਹੈ ਕਿ ਆਦਮੀ ਰਾਜਨੀਤੀ ਵੱਲ ਕਿਵੇਂ ਪ੍ਰੇਰਤ ਹੁੰਦਾ ਹੈ। ਕਿਹੜੀਆਂ ਗੱਲਾਂ ਹਨ ਜੋ ਉਸ ਨੂੰ ਰਾਜਨੀਤਿਕ ਪ੍ਰਾਣੀ ਬਣਨ ਲਈ ਮਜ਼ਬੂਰ ਕਰਦੀਆਂ ਹਨ। ਰਾਜਨੀਤਿਕ ਫ਼ੈਸਲੇ ਮਨੁੱਖ ਦੇ ਦੂਸਰੇ ਪੱਖਾਂ ਨੂੰ ਕਿਵੇ ਪ੍ਰਭਾਵਿਤ ਕਰਦੇ ਹਨ ?

ਇਸ ਤਰ੍ਹਾਂ ਰਾਜਨੀਤੀ ਸ਼ਾਸਤਰ ਦੀ ਵੀ ਸਮਾਜ ਵਿਗਿਆਨ ਨੂੰ ਬਹੁਤ ਦੇਣ ਹੈ। ਰਾਜ, ਕਾਨੂੰਨ, ਪੁਲਿਸ, ਫ਼ੌਜ ਜੋ ਰਾਜ ਅਤੇ ਸਰਕਾਰ ਦੇ ਦੋ ਅੰਗ ਹਨ, ਸਮਾਜ ਵਿਚ ਇਕ ਸਮਾਜਕ ਨਿਯੰਤਰਣ ਦੀਆਂ ਏਜੰਸੀਆਂ ਵਜੋਂ ਕੰਮ ਕਰਦੇ ਹਨ। ਇਨ੍ਹਾਂ ਦੁਆਰਾ ਸਜ਼ਾ ਦਿੱਤੇ ਜਾਣ ਦੇ ਡਰ ਕਾਰਨ ਹੀ ਮਨੁੱਖ ਦੂਜਿਆਂ ਦੀਆਂ, ਆਜ਼ਾਦੀਆਂ ਨਹੀਂ ਕੁਚਲਦਾ ਅਤੇ ਸਮਾਜ ਦਾ ਸਮਤੋਲ ਭੰਗ ਨਹੀਂ ਹੁੰਦਾ। ਰਾਜ ਆਪਣੀ ਸਰਕਾਰ ਰਾਹੀਂ ਕਾਨੂੰਨ ਬਣਾ ਕੇ ਸਮਾਜ ਵਿਚ ਪਰਿਵਰਤਨ ਲਿਆ ਸਕਦਾ ਹੈ। ਜਿਵੇਂ ਭਾਰਤ ਵਿਚ ਭੂਮੀ ਸੁਧਾਰ ਅਧੀਨ ਕ੍ਰਿਆ-ਕ੍ਰਮ ਵਿਚ ਸ਼ੀਲਿੰਗ ਐਕਟ ਬਣਾ ਕੇ ਰਜਵਾੜਿਆਂ ਕੋਲੋਂ ਵਾਧੂ ਜ਼ਮੀਨ ਲੈ ਕੇ ਬੇਜ਼ਮੀਨੇ ਲੋਕਾਂ ਵਿਚ ਵੰਡੀ ਗਈ ਜਿਸ ਨਾਲ ਸਮਾਜਕ ਜਮਾਤਾਂ ਵਿਚ ਪਾੜਾ ਘਟਾਉਣ ਦੀ ਕੋਸ਼ਿਸ਼ ਕੀਤੀ ਗਈ। ਖੇਤੀ ਉਤਪਾਦਨ ਵਿਚ ਵੀ ਵਾਧਾ ਹੋਇਆ। ਲੋਕਾਂ ਦੇ ਰਹਿਣ-ਸਹਿਣ ਦੇ ਪੱਧਰ ਵਿਚ ਵੀ ਵਾਧਾ ਹੋਇਆ। ਇਸੇ ਤਰ੍ਹਾਂ ਚੱਕਬੰਦੀ ਕਾਨੂੰਨ ਦੁਆਰਾ ਵੀ ਉਤਪਾਦਨ ਵਿਚ ਵਾਧਾ ਹੋਇਆ ਜਿਸ ਨਾਲ ਲੋਕਾਂ ਦਾ ਸਮਾਜਕ ਜੀਵਨ ਬਦਲਿਆ। ਇਸੇ ਤਰ੍ਹਾਂ ਕਾਨੂੰਨ ਬਣਾ ਕੇ ਪਛੜੀਆਂ ਜਾਤਾਂ ਲਈ ਸੀਟਾਂ ਰਾਖਵੀਆਂ ਰੱਖ ਕੇ ਉਨ੍ਹਾਂ ਨੂੰ ਸਮਾਜ ਦੀਆਂ ਉਚੀਆਂ ਜਾਤਾਂ ਦੇ ਬਰਾਬਰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ।

ਉਪਰੋਕਤ ਕਥਨ ਤੋਂ ਸਪਸ਼ਟ ਹੈ ਕਿ ਦੋਵੇਂ ਵਿਗਿਆਨ ਇਕ ਦੂਜੇ ਤੋਂ ਸਮੱਗਰੀ ਲੈਂਦੇ ਅਤੇ ਦਿੰਦੇ ਹਨ। ਇਕ ਦੇ ਅਧਿਐਨ ਤੋਂ ਬਿਨਾ ਦੂਜੇ ਬਾਰੇ ਗਿਆਨ ਪ੍ਰਾਪਤ ਕਰਨਾ ਮੁਸ਼ਕਲ ਹੋਵੇਗਾ। ਇਸ ਲੈਣ-ਦੇਣ ਦੇ ਬਾਵਜੂਦ ਦੋਹਾਂ ਵਿਚ ਅੰਤਰ ਵੀ ਹੈ, ਜਿਵੇਂ

1. ਸਮਾਜ ਵਿਗਿਆਨ ਦਾ ਘੇਰਾ ਰਾਜਨੀਤੀ ਸ਼ਾਸਤਰ ਨਾਲੋਂ ਵਿਸ਼ਾਲ ਹੈ। ਕਿਉਂਕਿ ਰਾਜਨੀਤੀ ਸ਼ਾਸਤਰ ਸਿਰਫ ਰਾਜ ਤੇ ਸਰਕਾਰ ਨਾਲ ਸੰਬੰਧਤ ਕੰਮਾਂ ਕਾਰਾਂ ਦਾ ਅਧਿਐਨ ਕਰਦਾ ਹੈ ਜਦੋਂ ਕਿ ਸਮਾਜ ਵਿਗਿਆਨ, ਸਾਰੀ ਕਿਸਮ ਦੀਆਂ ਸੰਸਥਾਵਾਂ ਸੰਗਠਨਾਂ ਅਤੇ ਸਮੂਹਾਂ ਦਾ ਅਧਿਐਨ ਕਰਦਾ ਹੈ। **ਗਿਲਕਰਾਈਟਸ** ਅਨੁਸਾਰ, ''ਸਮਾਜ ਵਿਗਿਆਨ ਸਮਾਜ ਦਾ ਵਿਗਿਆਨ ਹੈ

ਜਦੋਂ ਕਿ ਰਾਜਨੀਤੀ ਸ਼ਾਸਤਰ ਰਾਜ ਦੇ ਰਾਜਨੀਤਿਕ ਸਮਾਜ ਦਾ ਵਿਗਿਆਨ ਹੈ। ਸਮਾਜ ਵਿਗਿਆਨ ਮਨੁੱਖ ਦਾ ਇਕ ਸਮਾਜਕ ਪ੍ਰਾਣੀ ਦੇ ਰੂਪ ਵਿਚ ਅਧਿਐਨ ਕਰਦਾ ਹੈ। ਕਿਉਂਕਿ ਰਾਜਨੀਤਿਕ ਸੰਗਠਨ ਸਮਾਜਕ ਸੰਗਠਨਾਂ ਦੀ ਹੀ ਇਕ ਕਿਸਮ ਹੈ ਇਸ ਲਈ ਰਾਜਨੀਤੀ ਵਿਗਿਆਨ ਸਮਾਜ ਨਾਲੋਂ ਵਧੇਰੇ ਵਿਸ਼ੇਸ਼ੀਕ੍ਰਿਤ ਵਿਗਿਆਨ ਹੋ ਜਾਂਦਾ ਹੈ ।

2 ਰਾਜਨੀਤਿਕ ਵਿਗਿਆਨ ਇਕ ਵਿਸ਼ੇਸ਼ ਵਿਗਿਆਨ ਹੈ ਕਿਉਂਕਿ ਰਾਜਨੀਤਿਕ ਸੰਗਠਨ ਇਕ ਖਾਸ ਕਿਸਮ ਦਾ ਸੰਗਠਨ ਹੈ ਜਦੋਂ ਕਿ ਸਮਾਜ ਵਿਗਿਆਨ ਇਕ ਆਮ-ਵਿਗਿਆਨ ਹੈ ।

3. ਸਮਾਜ ਵਿਗਿਆਨ ਸੰਗਠਤ ਅਸੰਗਠਤ ਦੋਹਾ ਤਰ੍ਹਾਂ ਦੀਆਂ ਕਿਮਊਨੀਟੀਜ਼ ਨਾਲ ਸੰਬੰਧਤ ਹੈ ਜਦੋਂ ਕਿ ਰਾਜਨੀਤੀ ਸ਼ਾਸਤਰ ਸਿਰਫ ਸੰਗਠਤ ਕਮਿਊਨੀਟੀਜ਼ ਨਾਲ ਹੀ ਸੰਬੰਧਤ ਹੈ।

4. ਦੋਹਾਂ ਦੇ ਨਜ਼ਰੀਏ ਵਿਚ ਫਰਕ ਹੈ। ਸਮਾਜ ਵਿਗਿਆਨ ਦਾ ਨਜ਼ਰੀਆ ਸਮਾਜਕ ਹੈ ਜਦੋਂ ਕਿ ਰਾਜਨੀਤੀ ਸ਼ਾਸਤਰ ਦਾ ਨਜ਼ਰੀਆ ਰਾਜਨੀਤਿਕ ਹੈ।

5. ਸਮਾਜ ਵਿਗਿਆਨ ਆਦਮੀ ਦੀਆਂ ਅਚੇਤਨ ਕਾਰਵਾਈਆਂ ਦਾ ਅਧਿਐਨ ਕਰਦਾ ਹੈ ਜਦੋਂ ਕਿ ਰਾਜਨੀਤੀ ਸ਼ਾਸਤਰ ਸਿਰਫ ਚੇਤਨ ਕੰਮਾਂ ਨਾਲ ਸੰਬੰਧਤ ਹੈ।

6. ਰਾਜਨੀਤੀ ਵਿਗਿਆਨ ਦਾ ਅਧਿਐਨ ਉਸ ਸਮੇਂ ਤੋਂ ਸ਼ੁਰੂ ਹੋਇਆ ਜਦੋਂ ਤੋਂ ਰਾਜਨੀਤਿਕ ਸੰਗਠਨ ਕਾਫ਼ੀ ਵਿਕਸਤ ਹੋ ਗਿਆ ਜਦੋਂ ਕਿ ਸਮਾਜ ਸ਼ਾਸਤਰ ਵਿਚ ਮਨੁੱਖੀ ਸਮਾਜ ਦਾ ਅਧਿਐਨ ਉਸ ਸਮੇ ਤੋਂ ਕੀਤਾ ਜਾਂਦਾ ਹੈ ਜਦੋਂ ਉਹ ਹੋਂਦ ਵਿਚ ਆਇਆ।

7. ਰਾਜਨੀਤੀ ਸ਼ਾਸਤਰ ਮਨੁੱਖ ਦਾ ਅਧਿਐਨ ਇਹ ਮੰਨ ਕੇ ਕਰਦਾ ਹੈ ਕਿ ਉਹ ਇਕ ਰਾਜਨੀਤਿਕ ਪ੍ਰਾਣੀ ਹੈ ਜਦੋਂ ਕਿ ਸਮਾਜ ਸ਼ਾਸਤਰ ਇਹ ਦੱਸਦਾ ਹੈ ਕਿ ਆਦਮੀ ਰਾਜਨੀਤਿਕ ਪ੍ਰਾਣੀ ਕਿਉਂ ਬਣਦਾ ਹੈ ?

### 1.2.9 ਸਾਰ

ਉਪਰੋਕਤ ਚਰਚਾ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਦੋ ਵੱਖੋ ਵੱਖਰੇ ਵਿਗਿਆਨ ਹੁੰਦੇ ਹੋਏ ਵੀ ਇਕ ਦੂਜੇ ਨਾਲ ਗੂੜ੍ਹੇ ਰੂਪ ਨਾਲ ਸੰਬੰਧਿਤ ਹਨ। ਬੇ ਸ਼ਕ ਦੋਵੇਂ ਵਿਗਿਆਨਾਂ ਦਾ ਵਿਸ਼ਾ ਖੇਤਰ ਇਕ ਦੂਸਰੇ ਤੋਂ ਭਿੰਨ ਹੈ ਜਿਵੇਂ ਮਾਨਵ ਵਿਗਿਆਨ ਪੁਰਾਤਨ ਸਮਾਜ ਜਾਂ ਆਦਮ ਸਮਾਜ ਦਾ ਅਧਿਐਨ ਕਰਦੀ ਹੈ ਅਤੇ ਸਮਾਜ ਵਿਗਿਆਨ ਮੌਜੂਦਾ ਜਾਂ ਵਰਤਮਾਨ ਸਮਾਜ ਦਾ ਅਧਿਐਨ ਕਰਦੀ ਹੈ। ਇਨ੍ਹਾਂ ਦੋਵਾਂ ਦੇ ਦ੍ਰਿਸ਼ਟੀਕੋਣ ਵਿਚ ਵੀ ਅੰਤਰ ਹੈ ਅਤੇ ਇਹ ਦੋਵੇਂ ਵਿਗਿਆਨਾਂ ਵੱਖੋ ਵੱਖ ਖੋਜ ਪ੍ਰਣਾਲੀਆਂ ਦਾ ਅਧਿਐਨ ਕਰਦੀਆਂ ਹਨ ਪ੍ਰੰਤੂ ਇਸ ਸਾਰੇ ਕੁੱਝ ਦੇ ਬਾਵਜੂਦ ਇਹ ਦੋਵੇਂ ਗੂੜ੍ਹੇ ਤਰੀਕੇ ਨਾਲ ਇਕ ਦੂਸਰੇ ਨਾਲ ਸੰਬੰਧਤ ਹਨ ਅਤੇ ਇਕ ਨੂੰ ਸਮਝਣ ਲਈ ਦੂਸਰੇ ਤੇ ਨਿਰਭਰ ਕਰਨਾ ਪੈਂਦਾ ਹੈ।

ਇਸੇ ਤਰ੍ਹਾਂ ਸਮਾਜ ਵਿਗਿਆਨ ਅਤੇ ਮਨੋਵਿਗਿਆਨ ਵੀ ਦੋ ਵੱਖੋ ਵੱਖਰੇ ਵਿਸ਼ੇ ਹੁੰਦੇ ਹੋਏ ਵੀ ਇਕ ਦੂਸਰੇ ਤੇ ਅੰਤਰ ਨਿਰਭਰ ਹਨ। ਦੋਵਾਂ ਦਾ ਵਿਸ਼ਾ ਖੇਤਰ ਮਨੁੱਖੀ ਵਿਵਹਾਰ ਹੈ। ਮਨੋ ਵਿਗਿਆਨ ਇਕੱਲੇ ਮਨੁੱਖ ਜਾਂ ਵਿਅਕਤੀ ਦੇ ਵਿਵਹਾਰ ਦਾ ਅਧਿਐਨ ਕਰਦਾ ਹੈ ਜਦੋਂ ਕਿ ਸਮਾਜ ਵਿਗਿਆਨ ਸਮੂਹ ਦੇ ਵਿਚ ਵਿਅਕਤੀ ਦੇ ਵਿਵਹਾਰ ਜਾਂ ਵਤੀਰੇ ਦਾ ਅਧਿਐਨ ਕਰਦਾ ਹੈ। ਇਨ੍ਹਾਂ ਵਿਗਿਆਨਾਂ ਦੇ ਵਿਸ਼ੇ ਵਸਤੂ ਆਪਸ ਵਿਚ ਇੰਨੇ ਰਲ ਗੱਡ ਹਨ ਕਿ ਇਨ੍ਹਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਕੇ ਨਹੀਂ ਸਮਝਿਆ ਜਾ ਸਕਦਾ।

ਸਮਾਜ ਵਿਗਿਆਨ ਤੋਂ ਬਿਨਾਂ ਮਾਨਵ ਵਿਗਿਆਨ ਦੀ ਅਤੇ ਮਾਨਵ ਵਿਗਿਆਨ ਤੋਂ ਬਿਨਾ ਸਮਾਜ ਵਿਗਿਆਨ ਦੀ ਖੋਜ ਅਧੂਰੀ ਹੈ। ਇਸੇ ਤਰ੍ਹਾਂ ਮਨੋਵਿਗਿਆਨ, ਰਾਜਨੀਤੀ ਵਿਗਿਆਨ, ਇਤਿਹਾਸ ਅਤੇ ਅਰਥ-ਸ਼ਾਸਤਰ ਵੀ ਸਮਾਜ ਵਿਗਿਆਨ ਨੂੰ ਬਹੁਤ ਕੁਝ ਦਿੰਦੇ ਅਤੇ ਸਮਾਜ ਵਿਗਿਆਨ ਤੋਂ ਬਹੁਤ ਕੁਝ ਲੈਂਦੇ ਹਨ। ਕਿਉਂਕਿ

ਸਭ ਦਾ ਕੇਂਦਰ ਬਿੰਦੂ ਮਨੁੱਖ ਹੈ ਇਸ ਲਈ ਇਹ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਉਸ ਦਾ ਅਧਿਐਨ ਕਰਦੇ ਹਨ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਕ ਵਿਗਿਆਨ ਦੇ ਅਧਿਐਨ ਲਈ ਦੂਸਰੇ ਵਿਗਿਆਨ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ ਇਸ ਤੋਂ ਬਗੈਰ ਵਿਸ਼ੇ ਸਮੱਗਰੀ ਇਕੱਠੀ ਨਹੀਂ ਕੀਤੀ ਜਾ ਸਕਦੀ।

**1.2.10 ਮੁੱਖ ਸ਼ਬਦ**

| | | |
|---|---|---|
| **ਸਮਾਜਕ ਏਕਤਾ** | : | ਸੰਸਥਾਵਾਂ ਦੇ ਵੱਖ-ਵੱਖ ਅੰਗਾਂ ਵਿੱਚ ਪਰਸਪਰਤਾ |
| **ਅੰਤਰ ਨਿਰਭਰਤਾ** | : | ਕਿਸੇ ਸੰਸਥਾ ਦੇ ਵੱਖੋ ਵੱਖ ਅੰਗ ਕੰਮ ਕਾਜ ਲਈ ਇਕ ਦੂਜੇ ਤੇ ਨਿਰਭਰ ਹੁੰਦੇ ਹਨ। |
| **ਨਿੱਜੀ ਸੰਪਤੀ** | : | ਜਿਸਤੇ ਇਕ ਬੰਦੇ ਦੀ ਮਲਕੀਅਤ ਹੋਵੇ। |
| **ਆਦਿਕਾਲੀਨ ਸਮਾਜ** | : | ਨਿੱਜੀ ਸੰਪਤੀ ਨਹੀਂ ਸੀ, ਜੋ ਇਕੱਠਾ ਕਰਦੇ ਸਨ ਉਸਤੇ ਸੱਭ ਦਾ ਹੱਕ ਸੀ। |
| **ਵਿਅਕਤਿਤਵ** | : | ਵਿਅਕਤੀ ਦੇ ਚਲਣ-ਫਿਰਨ, ਪਾਣ-ਪੀਣ, ਬੋਲਣ ਦਾ ਅੰਦਾਜ਼ |
| **ਸਮੂਹ** | : | ਦੋ ਜਾਂ ਦੋ ਤੋਂ ਵੱਧ ਲੋਕਾਂ ਦਾ ਇਕੱਠ ਜੋ ਅੰਤਰਕ੍ਰਿਆ ਰਾਹੀ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। |
| **ਅੰਤਰ ਕਾਰਜ** | : | ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚ ਹੋਣ ਵਾਲੀ ਆਪਸੀ ਕ੍ਰਿਆ |
| **ਸਮਾਜਕ ਪ੍ਰਕ੍ਰਿਆ** | : | ਕ੍ਰਿਆਵਾਂ ਦੀ ਨਿੰਰਤਰਤਾ |
| **ਸਰੰਚਨਾ** | : | ਸਮਾਜਿਕ ਸੰਗਠਨ ਦੇ ਵੱਖੋ ਵੱਖ ਤੱਤਾਂ ਵਿਚਕਾਰ ਸੰਬੰਧ |
| **ਸਮਾਜਕ ਰਿਸ਼ਤੇ** | : | ਸਮੂਹ ਵਿੱਚ ਰਹਿ ਕੇ ਦੂਸਰੇ ਲੋਕਾਂ ਨਾਲ ਜੋ ਸੰਬੰਧ ਸਥਾਪਿਤ ਹੁੰਦੇ ਹਨ। |

**1.2.11 ਅਭਿਆਸ ਲਈ ਪ੍ਰਸ਼ਨ**

1. ਸਮਾਜ ਵਿਗਿਆਨ ਕਿਸ ਨੂੰ ਆਖਦੇ ਹਨ ? ਸਮਾਜ ਵਿਗਿਆਨ ਅਤੇ ਮਨੋਵਿਗਿਆਨ ਇਕ ਦੂਸਰੇ ਨਾਲ ਕਿਵੇਂ ਸੰਬੰਧਿਤ ਹਨ ?
2. ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਦੀ ਭਿੰਨਤਾ ਨੂੰ ਦਰਸਾਉਂਦੇ ਹੋਏ ਇਨ੍ਹਾਂ ਦੋਵਾਂ ਵਿਗਿਆਨਾਂ ਦੇ ਆਪਸੀ ਸੰਬੰਧਾਂ ਤੇ ਰੌਸ਼ਨੀ ਪਾਓ।
3. ਸਮਾਜ ਵਿਗਿਆਨ ਦਾ ਹੋਰਨਾਂ ਸਮਾਜਿਕ ਵਿਗਿਆਨਾਂ ਨਾਲ ਕੀ ਸੰਬੰਧ ਹੈ ਖੋਲ੍ਹ ਕੇ ਲਿਖੋ।
4. ਕੀ ਸਮਾਜ ਵਿਗਿਆਨ ਨੂੰ ਆਪਣੀ ਵਿਸ਼ੇ ਸਮੱਗਰੀ ਇਕੱਠੀ ਕਰਨ ਲਈ ਮਾਨਵ ਵਿਗਿਆਨ ਅਤੇ ਮਨੋਵਿਗਿਆਨ ਦੀ ਜ਼ਰੂਰਤ ਪੈਂਦੀ ਹੈ। ਜੇਕਰ ਹਾਂ ਤਾਂ ਕਿਵੇਂ ?
5. ਸਮਾਜ ਵਿਗਿਆਨ ਅਤੇ ਅਰਥ ਸ਼ਾਸਤਰ ਦਾ ਕੀ ਸੰਬੰਧ ਹੈ ? ਖੋਲ੍ਹ ਕੇ ਬਿਆਨ ਕਰੋ।
6. ਸਮਾਜ ਵਿਗਿਆਨ ਅਤੇ ਰਾਜਨੀਤੀ ਸ਼ਾਸਤਰ ਦੋ ਵੱਖਰੇ ਵਿਗਿਆਨ ਹੁੰਦੇ ਹੋਏ ਵੀ ਸੰਬੰਧਿਤ ਹਨ ਕਿਵੇ ?
7. ਸਮਾਜ ਵਿਗਿਆਨ ਅਤੇ ਇਤਿਹਾਸ ਆਪਸ ਵਿਚ ਗੂੜ੍ਹੇ ਰੂਪ ਵਿਚ ਜੁੜੇ ਹੋਏ ਹਨ। ਬਿਆਨ ਕਰੋ।

## 2.12 ਮਾਡਲ ਉੱਤਰ

**(ੳ) ਮਾਨਵ-ਵਿਗਿਆਨ :**

ਇਹ ਸ਼ਬਦ ਗਰੀਕ ਭਾਸ਼ਾ ਦੇ ਦੋ ਸ਼ਬਦਾ ਦੇ ਸੁਮੇਲ ਤੋਂ ਬਣਿਆ ਹੈ ਉਹ ਹਨ 'ਐਂਥਰੋਪੋਸ' ਭਾਵ ਮਾਨਵ ਜਾਂ ਪੁਰਾਤਨ ਮਨੁੱਖ ਅਤੇ 'ਲੋਗਸ' ਭਾਵ ਗਿਆਨ, ਵਿਗਿਆਨ ਜਾਂ ਅਧਿਐਨ। ਇਸ ਲਈ ਮਾਨਵ ਵਿਗਿਆਨ ਪੁਰਾਤਨ ਮਨੁੱਖ ਦੇ ਅਧਿਐਨ ਦਾ ਵਿਗਿਆਨ ਹੈ। ਖਾਸ਼ਕਰ ਇਹ ਪੁਰਾਤਨ ਸੁਮਦਾਇਆਂ ਦਾ ਅਧਿਐਨ ਕਰਦਾ ਹੈ।ਇਹ ਪੁਸਤਕ ਸਮਾਜ ਦੇ ਵੱਖ-ਵੱਖ ਪਹਿਲੂਆ ਨੂੰ ਵੱਖ-ਵੱਖ ਤਰੀਕੇ ਨਾਲ ਅਧਿਐਨ ਕਰਦਾ ਹੈ।ਇਸ ਲਈ ਇਸਨੂੰ ਪੰਜ ਸ਼ਖਾਵਾਂ ਵਿਚ ਵੰਡ ਦਿੱਤਾ ਗਿਆ ਹੈ।ਜਿਵੇਂ ਕਿ :-

(1) ਭੌਤਿਕ ਮਾਨਵ ਵਿਗਿਆਨ

(2) ਸੰਸਕ੍ਰਿਤਕ ਮਾਨਵ ਵਿਗਿਆਨ

(3) ਸਮਾਜਿਕ ਮਾਨਵ ਵਿਗਿਆਨ

(4) ਭਾਸ਼ਾ ਮਾਨਵ ਵਿਗਿਆਨ

(5) ਅਪਲਾਈਡ ਮਾਨਵ ਵਿਗਿਆਨ

**(ਅ) ਮਨੋ-ਵਿਗਿਆਨ :-**

ਇਹ ਸ਼ਬਦ ਵੀ ਗਰੀਕ ਭਾਸ਼ਾ ਦੇ ਦੋ ਸ਼ਬਦਾ ਦੇ ਸੁਮੇਲ ਤੋਂ ਬਣਿਆ ਹੈ। ਉਹ ਹਨ 'ਸਾਈਕੀ' ਭਾਵ ਮਨ ਅਤੇ ਲੋਗਸ ਭਾਵ ਗਿਆਨ, ਵਿਗਿਆਨ ਜਾਂ ਅਧਿਐਨ।ਇਸ ਲਈ ਮਨੋ-ਵਿਗਿਆਨ ਮਨ ਦਾ ਵਿਗਿਆਨ ਹੈ ਜਾਂ ਕਹਿ ਲਈਏ ਕਿ ਮਨੇ-ਵਿਗਿਆਨ ਇਲਾਕੇ ਦੇ ਵਿਅਕਤੀ ਦੀਆ ਨਿਜੀ ਸੰਵੇਦਨਾਵਾਂ, ਭਾਵਨਾਵਾਂ ਅਤੇ ਇਛਾਵਾਂ ਦਾ ਅਧਿਐਨ ਕਰਦਾ ਹੈ।ਜੋ ਮਨੁੱਖ ਨੂੰ ਸਮਾਜ ਵਿਚ ਵਿਸ਼ੇਸ਼ ਪ੍ਰਕਾਰ ਨਾਲ ਵਿਵਹਾਰ ਕਰਨ ਲਈ ਮਜ਼ਬੂਰ ਕਰਦੀਆਂ ਹਨ।ਹਮਦਰਦੀ,ਸਵੈ-ਸਨਮਾਨ, ਘ੍ਰਿਣਾ, ਪ੍ਰੇਮ, ਈਰਖਾ, ਦਵੈਸ਼, ਸਹਿਕਾਰਤਾ ਦੀ ਭਾਵਨਾ ਆਦਿ ਅਨੇ ਕਾ ਮਨੋਵਿਗਿਆਨਕ ਸੰਵੇਦਨਾਵਾਂ ਹੁੰਦੀਆਂ ਹਨ।ਮਾਨਵੀ ਸ਼ਖਸ਼ੀਅਤ ਦੇ ਵਿਕਾਸ ਦੀ ਪ੍ਰਕ੍ਰਿਆ ਵੀ ਮਨੋ-ਵਿਗਿਆਨ ਦੁਆਰਾ ਹੀ ਸਮਝੀ ਜਾ ਸਕਦੀ ਹੈ।

**(ੲ) ਇਤਿਹਾਸ :-**

ਇਤਿਹਾਸ ਸਾਡੇ ਅਤੀਤ ਦੀਆਂ ਘਟਨਾਵਾਂ ਦਾ ਅੰਕ ਹੈ। ਇਹ ਅਤੀਤ ਦੀਆਂ ਸਮੁੱਚੀਆਂ ਆਰਥਿਕ, ਰਾਜਨੈਤਿਕ ਜਾਂ ਸਮਾਜਿਕ ਘਟਨਾਵਾਂ ਦਾ ਸੰਗ੍ਰਹਿ ਹੈ, ਜਿਹਨਾਂ ਦੀ ਅਤੀਤ ਵਿਚ ਮਹੱਤਵਪੂਰਨ ਭੁਮਿਕਾ ਹੋਣ ਦੇ ਕਾਰਨ ਉਹਨਾਂ ਦਾ ਅਜੋਕੇ ਸਮਾਜ ਵਿਚ ਵੀ ਉਨ੍ਹਾਂ ਹੀ ਮਹੱਤਵ ਹੈ। ਇਤਿਹਾਸ ਕੇਵਲ ਉਹਨਾਂ ਘਟਨਾਵਾਂ ਦਾ ਵਰਨਣ ਹੀ ਨਹੀਂ ਕਰਦਾ ਸਗੋਂ ਉਹਨਾਂ ਦੇ ਕਾਰਨਾਂ ਦੀ ਵਿਆਖਿਆ ਵੀ ਕਰਦਾ ਹੈ। ਇਹ ਕੇਵਲ ਰਾਜੇ-ਮਹਾਰਾਜਿਆਂ ਦੇ ਲਾਸਾਨੀ ਕਾਰਨਾਂਮਿਆਂ ਦਾ ਹੀ ਸੰਗ੍ਰਹਿ ਨਹੀਂ ਬਲਕਿ ਇਹ ਭਿੰਨ-ਭਿੰਨ ਘਟਨਾਵਾਂ ਅਤੇ ਕੰਮਾਂ ਦਾ ਕ੍ਰਮਬੱਧ ਅਧਿਐਨ ਕਰਦਾ ਹੈ ਅਤੇ ਉਹਨਾਂ ਦਾ ਕਾਲਕ੍ਰਮ ਅਨੁਸਾਰ ਵਰਨਣ ਕਰਦਾ ਹੈ।

**(ਸ) ਅਰਥ ਸ਼ਾਸ਼ਤਰ :-**

ਅਰਥ ਸ਼ਾਸ਼ਤਬ ਮੁੱਖ ਤੌਰ ਤੇ ਮਨੁੱਖ ਦੀਆਂ ਆਰਥਿਕ ਕ੍ਰਿਆਵਾ ਦਾ ਅਧਿਐਨ ਕਰਦਾ ਹੈ।ਰੌਬਿਜ (Robins) ਅਨੁਸਾਰ,'ਅਰਥ ਸ਼ਾਸ਼ਤਰ ਉਸ ਮਨੁੱਖੀ ਵਿਵਹਾਰ ਦਾ ਅਧਿਐਨ ਕਰਦਾ ਹੈ,ਜਿਸਦਾ ਸੰਬੰਧ ਲੋੜ ਦੀ ਪੂਰਤੀ ਲਈ ਸੀਮਤ ਸਾਧਨਾਂ ਨਾਲ ਹੈ।' ਇਹ ਇਸ ਪੱਖ ਦੀ ਵਿਆਖਿਆ ਕਰਦਾ ਹੈ ਕਿ ਮਨੁੱਖ ਕਿਵੇਂ ਧਨ ਪ੍ਰਾਪਤ ਕਰਦਾ ਹੈ ਅਤੇ ਕਿਵੇਂ ਉਸਦੀ ਵਰਤੋਂ ਕਰਦਾ ਹੈ। ਇਸ ਵਿਸ਼ੇ ਦਾ ਮੁੱਖ ਉਦੇਸ਼ ਆਰਥਿਕ ਵਿਵਸਥਾ ਅਤੇ ਆਰਥਿਕ ਸਮੱਸਿਆਵਾਂ ਦੀ ਵਿਆਖਿਆ ਕਰਨਾ ਅਤੇ ਉਹਨਾਂ ਦਾ ਹੱਲ ਪੇਸ਼ ਕਰਨਾ ਹੈ।ਅਰਥ ਸ਼ਾਸ਼ਤਰੀ ਇਸਦੇ ਵਿਸ਼ੇ-

ਖੇਤਰ ਨੂੰ ਤਿੰਨ ਭਾਗਾਂ ਵਿਚ ਵੰਡਦੇ ਹਨ। ਉਹ ਹਨ: :-

(ੳ) ਆਰਥਿਕ ਕ੍ਰਿਆਵਾਂ

(ਅ) ਆਰਥਿਕ ਵਿਵਸਥਾ

(ੲ) ਆਰਥਿਕ ਨੀਤੀਆਂ

ਆਰਥਿਕ ਕ੍ਰਿਆਵਾਂ ਨੂੰ ਅਸੀ ਅਗੋਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ :-

(1) ਉਪਭੋਗ (2) ਉਤਪਾਦਨ (3) ਵਟਾਂਦਰਾ

ਆਰਥਿਕ ਵਿਵਸਥਾ ਵੀ ਤਿੰਨ ਪ੍ਰਕਾਰ ਦੀ ਕਹਿ ਸਕਦੇ ਹਾਂ :-

(1) ਪੂੰਜੀਵਾਦ (2) ਸਮਾਜਵਾਦ (3) ਮਿਸਰਤ ਅਰਥ ਵਿਵਸਥਾ

ਆਰਥਿਕ ਵਿਵਸਥਾ ਵਿਚ ਆਰਥਿਕ ਕ੍ਰਿਆਵਾਂ ਨਾਲ ਕਈ ਕਿਸਮ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ ਜਿਹਨਾਂ ਦਾ ਹੱਲ ਆਰਥਿਕ ਨੀਤੀਆਂ ਦੁਆਰਾ ਕੀਤਾ ਜਾਂਦਾ ਹੈ।

**(ਹ) ਰਾਜਨੀਤੀ ਵਿਗਿਆਨ :-**

ਰਾਜਨੀਤੀ ਵਿਗਿਆਨ ਸਮਾਜ ਦੇ ਰਾਜਨੈਤਿਕ ਸੰਬੰਧਾਂ ਦਾ ਅਧਿਐਨ ਕਰਦਾ ਹੈ। ਇਸ ਦੁਆਰਾ ਰਾਜ, ਰਾਜ ਦਾ ਵਿਕਾਸ, ਰਾਜ ਦੀਆਂ ਸੰਸਥਾਵਾਂ ਤੇ ਸੰਗਠਨ, ਸਰਕਾਰ ਦੀਆਂ ਹੋਰ ਪ੍ਰਣਾਲੀਆਂ ਉਨ੍ਹਾਂ ਦੇ ਉਦੇਸ਼ਾਂ ਅਤੇ ਕਾਰਜਾਂ ਦਾ ਅਧਿਐਨ ਕੀਤਾ ਜਾਂਦਾ ਹੈ। ਰਾਜ ਦੁਆਰਾ ਅਨੇਕਾਂ ਕਿਸਮ ਦੇ ਵਿਧੀ ਵਿਧਾਨ, ਨਿਯਮ ਅਤੇ ਕਾਨੂੰਨ ਬਣਾਕੇ ਪਰਿਵਰਤਨ ਲਿਆਉਣੇ, ਫੈਸਲੇ ਲੈਣੇ ਇਹਨਾਂ ਸਭ ਦਾ ਰਾਜਨੀਤੀ ਵਿਗਿਆਨ ਦੁਆਰਾ ਅਧਿਐਨ ਕੀਤਾ ਜਾਂਦਾ ਹੈ। ਇਹ ਵਿਗਿਆਨ ਸਿਰਫ਼ ਰਾਜਨੈਤਿਕ ਸੰਬੰਧਾਂ ਦਾ ਅਧਿਐਨ ਕਰਦਾ ਹੈ।

**ਸੰਖੇਪ ਸਵਾਲ**

ੳ) ਸਮਾਜ ਵਿਗਿਆਨ

ਅ) ਮਾਨਵ ਵਿਗਿਆਨ

ੲ) ਮਨੋ ਵਿਗਿਆਨ

ਸ) ਇਤਿਹਾਸ

ਹ) ਰਾਜਨੀਤੀ ਸ਼ਾਸਤਰ

ਕ) ਅਰਥ ਸ਼ਾਸਤਰ

ਖ) ਸਰਮਾਏਦਾਰੀ ਯੁੱਗ ਦੀਆਂ ਵਿਸ਼ੇਸ਼ਤਾਈਆਂ

## 1.2.13 ਉਪਯੋਗੀ ਪੁਸਤਕਾਂ

1. Koening Samuel, 1968 : Sociology : An introduction to the Science of Society, New York : Barnes and Nobel.

Punjabi Translation by Baldev Singh, Punjabi University, Patiala, 1984.

| | | | |
|---|---|---|---|
| 2. | Ogburn, William F and Nimkoff. Meyer. F. | : | A Hand Book of Sociology, New Delhi : S. Chand and Company Ltd. |
| 3. | Gisbert P.S.J. 1993 | : | Fundamentals of Sociology : Bombay : Orient Longman. |
| 4. | Harry M. Johnson | : | Sociology, A Systemantic Introduction. |
| 5. | Savinderjit Kaur, 1972 | : | Samaj Vigyan Nal Jan Pachan, Punjabi University, Patiala. |
| 6. | Savinderjit Kaur | : | Samaj Vigyan de Mool Sankalp, Punjabi University, Patiala. |
| 7. | Shankara Rao C.N. | : | Sociology, S. Chand, Delhi. |
| 8. | http://en.wikipedia.org. | : | Wikipedia the free encyclopedia |

ਪਾਠ ਨੰ: 1.3 ਲੇਖਕ : ਡਾ. ਗੁਰਮੀਤ ਸਿੰਘ ਸਿੱਧੂ

**Last Updated: August, 2023**

# ਸਮਾਜਿਕ ਸੰਰਚਨਾ
# (SOCIAL STRUCTURE)

**ਬਣਤਰ**


1.3.0 ਉਦੇਸ਼

1.3.1 ਜਾਣ ਪਛਾਣ

1.3.2 ਸਮਾਜਿਕ ਸੰਰਚਨਾ ਦਾ ਸੰਕਲਪ ਅਤੇ ਵੱਖ ਵੱਖ ਸਮਾਜ ਵਿਗਿਆਨੀਆਂ ਦੇ ਵਿਚਾਰ

1.3.2.1 ਰੈਡਕਲਿਫ ਬਰਾਊਨ

1.3.2.2 ਲੇਵੀ ਸਤਰਾਸ

1.3.3 ਸਮਾਜਿਕ ਸੰਰਚਨਾ ਦੇ ਤੱਤ

1.3.3.1 ਉਪ ਸਮੂਹ

1.3.3.2 ਰੋਲ

1.3.3.3 ਸਮਾਜਕ ਕਦਰਾਂ

1.3.3.4 ਸਮਾਜਕ ਕੀਮਤਾਂ

1.3.4 ਸਮਾਜਿਕ ਸੰਰਚਨਾ ਤੇ ਸਮਾਜਿਕ ਤਬਦੀਲੀ

1.3.5 ਸਮਾਜਿਕ ਸੰਰਚਨਾ ਦੀਆਂ ਵਿਸ਼ੇਸ਼ਤਾਈਆਂ

1.3.5.1 ਸਮਾਜਿਕ ਸੰਰਚਨਾ ਸਮਾਜ ਦੇ ਵੱਖ-ਵੱਖ ਹਿੱਸਿਆਂ ਦੀ ਆਪਸੀ ਅੰਤਰ-ਸੰਬੰਧਤਾਂਦੀ ਉਪਜ ਹੈ

1.3.5.2 ਹਰੇਕ ਸਮਾਜ ਦੀ ਆਪਣੀ ਸੰਰਚਨਾ ਹੁੰਦੀ ਹੈ

1.3.5.3 ਸਮਾਜਿਕ ਸੰਰਚਨਾ ਸਮਾਜ ਦੇ ਬਾਹਰੀ ਰੂਪ ਨੂੰ ਪ੍ਰਗਟ ਕਰਦੀ ਹੈ

1.3.5.4 ਸਮਾਜਿਕ ਸੰਰਚਨਾ ਵਿਚ ਉੱਪ ਸਰੰਚਨਾਵਾਂ ਹੁੰਦੀਆਂ ਹਨ

1.3.5.5 ਹਿੱਸਿਆਂ ਦੀ ਕ੍ਰਮਬੱਧਤਾ

1.3.5.6 ਸੰਰਚਨਾ ਦੇ ਹਰ ਅੰਗ ਦਾ ਆਪਣਾ ਵਿਸ਼ੇਸ਼ ਸਥਾਨ ਹੁੰਦਾ ਹੈ

1.3.5.7 ਸਮਾਜਿਕ ਸੰਰਚਨਾ ਇਕ ਸਥਾਈ ਧਾਰਨਾ ਹੈ

1.3.6 ਸਾਰ

1.3.7 ਅਭਿਆਸ ਲਈ ਪ੍ਰਸ਼ਨ

1.3.8 ਉਪਯੋਗੀ ਪੁਸਤਕਾਂ

## 1.3.0 ਉਦੇਸ਼

ਇਸ ਪਾਠ ਨੂੰ ਪੜ੍ਹ ਕੇ ਤੁਸੀਂ ਯੋਗ ਹੋਵੋਂਗੇ ਕਿ :

* ਸੰਰਚਨਾ ਨੂੰ ਬਿਆਨ ਕਰ ਸਕੋਂ।
* ਸਮਾਜਿਕ ਸੰਰਚਨਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਤੇ ਚਾਨਣਾ ਪਾ ਸਕੋਂ।
* ਸੰਰਚਨਾ ਦੇ ਤੱਤਾਂ ਦੀ ਵਿਆਖਿਆ ਕਰ ਸਕੋਂ।
* ਅਤੇ ਸਮਾਜਕ ਸੰਰਚਨਾ ਅਤੇ ਸਮਾਜਕ ਤਬਦੀਲੀ ਵਿੱਚ ਸੰਬੰਧ ਸਥਾਪਿਤ ਕਰ ਸਕੋਂ।

## 1.3.1 ਜਾਣ ਪਛਾਣ

ਅੱਜ ਕੱਲ ਸੰਰਚਨਾ ਸ਼ਬਦ ਦਾ ਪ੍ਰਯੋਗ ਇੰਨਾਂ ਜ਼ਿਆਦਾ ਪ੍ਰਚਲਤ ਹੈ ਕਿ ਜ਼ਰੂਰੀ ਨਹੀਂ ਕਿ ਇਸ ਦਾ ਇਸਤੇਮਾਲ ਕੇਵਲ ਸਮਾਜ ਵਿਗਿਆਨੀ ਜਾਂ ਮਾਨਵ ਵਿਗਿਆਨੀ ਜਾਂ ਕੇਵਲ ਪੜ੍ਹੇ ਲਿਖੇ ਲੋਕ ਹੀ ਕਰਨ। ਇਕ ਸਾਧਾਰਨ ਵਿਅਕਤੀ ਵੀ ਜਦੋਂ ਕਿਸੇ ਇਮਾਰਤ ਦੀ, ਘਰ ਦੀ ਜਾਂ ਕਿਸੇ ਸੰਗਠਨ ਦੀ ਗੱਲ ਕਰਦਾ ਹੈ ਤਾਂ ਉਹ ਉਸਦੇ ਵੱਖ-ਵੱਖ ਕਮਰਿਆਂ ਜਾਂ ਹਿੱਸਿਆਂ ਦੇ ਆਪਸੀ ਸੰਬੰਧਾਂ ਯਾਨਿ ਕਿ ਤਰਤੀਬ (arrangement) ਦੀ ਹੀ ਗੱਲ ਕਰ ਰਿਹਾ ਹੁੰਦਾ ਹੈ। ਇਸੇ ਤਰਤੀਬ (arrangement) ਦਾ ਦੂਜਾ ਨਾਂ ਜਾਂ ਇਉਂ ਕਹਿ ਲਵੋ ਕਿ ਤਕਨੀਕੀ ਨਾਂ ਸੰਰਚਨਾ ਹੈ ਜੋ ਅੱਜ ਕੱਲ ਸਮਾਜ ਸ਼ਾਸਤਰ ਵਿਚ ਵਧੇਰੇ ਮਹੱਤਵਪੂਰਨ ਹੋ ਚੁੱਕਿਆ ਸੰਕਲਪ ਹੈ। ਇਸ ਸੰਕਲਪ ਨੂੰ ਜ਼ਿਆਦਾ ਪਾਪੂਲਰ ਕਰਨ ਵਿੱਚ ਫਰਾਂਸੀਸੀ ਸਮਾਜਕ ਮਾਨਵ ਵਿਗਿਆਨੀ ਲੇਵੀ ਸਤਰਾਸ (Levi-Strauss) ਦਾ ਹੱਥ ਹੈ ਜਿਸਨੇ ਬਰਾਜ਼ੀਲ ਲੋਕਾਂ ਦਾ ਸੰਰਚਨਾਤਮਕ ਵਿਧੀ ਨਾਲ ਅਧਿਐਨ ਕੀਤਾ ਜਿਸਦੇ ਫਲਸਵਰੂਪ 1960ਵਿਆਂ ਵਿਚ ਇਹ ਸੰਕਲਪ ਅਤੇ ਇਹ ਵਿਧੀ ਸੰਸਾਰ ਭਰ ਵਿਚ ਛਾ ਗਈ। ਇਸ ਦੀ ਮਕਬੂਲਿਅਤ ਇੰਨੀ ਜ਼ਿਆਦਾ ਹੋਈ ਕਿ ਵਿਰਲਾ ਹੀ ਕੋਈ ਸਮਾਜ ਸ਼ਾਸਤਰੀ ਹੋਵੇਗਾ ਜਿਸਨੇ ਇਸ ਸੰਕਲਪ ਅਤੇ ਇਸ ਵਿਧੀ ਨੂੰ ਪੜ੍ਹਿਆ ਜਾਂ ਗੌਲਿਆ ਨਾ ਹੋਵੇ। ਸਿੱਧੇ ਲਫ਼ਜਾਂ ਵਿਚ ਲੇਵੀ ਸਤਰਾਸ ਨੇ ਇਸ ਵਿਧੀ ਨੂੰ ਇਸਤੇਮਾਲ ਕਰਕੇ ਇਹ ਵਿਖਾਇਆ ਕਿ ਆਦਮ ਸਮਾਜ ਬੇਸ਼ਕ ਆਧੁਨਿਕ ਹੋਵੇ ਜਾਂ ਪੁਰਾਤਨ ਉਨ੍ਹਾਂ ਦੇ ਲੋਕਾਂ ਦੇ ਆਪਸੀ ਵਰਤਾਰੇ ਜਾਂ ਰਿਸ਼ਤੇ ਤਕਰੀਬਨ ਇਕੋ ਜਿਹੇ ਹੀ ਹੁੰਦੇ ਹਨ। ਇਨ੍ਹਾਂ ਲੋਕਾਂ ਦਾ ਆਪਣਾ ਆਪਣਾ ਸਭਿਆਚਾਰ ਹੁੰਦਾ ਹੈ ਜਿਸਨੂੰ ਵਿਕਸਤ ਜਾਂ ਪਛੜਿਆ ਕਰਾਰ ਕਰਨਾਂ ਸਰਾਸਰ ਗਲਤ ਹੈ। ਹਰ ਸਭਿਆਚਾਰ ਆਪਣੇ ਤੌਰ ਤੇ ਹੀ ਵਿਕਸਿਤ ਹੁੰਦਾ ਹੈ ਜਿਹੜਾ ਉਸ ਸਮਾਜ ਦੇ ਸਮਾਜਕ ਰਿਸ਼ਤਿਆਂ ਦੁਆਲੇ ਰਚਿਆ ਗਿਆ ਹੁੰਦਾ ਹੈ ਸੰਰਚਨਾ ਸੰਕਲਪ ਦਾ ਅਰਥ ਹੈ ਕਿ ਕਿਸੇ ਵੀ ਸੰਸਥਾ ਜਾਂ ਸੰਗਠਨ ਦੇ ਉਨ੍ਹਾਂ ਤੱਤਾਂ (elements) ਵਿੱਚ ਖਾਸ ਕਿਸਮ ਦੇ ਸੰਬੰਧਾਂ ਦਾ ਹੋਣਾ ਜਿਹੜੇ ਸਥਾਈ ਹੁੰਦੇ ਹਨ ਅਤੇ ਉਹ ਉਸ ਸੰਸਥਾ ਜਾਂ ਸੰਗਠਨ ਵਿਸ਼ੇ ਸ਼ ਦੇ ਸੁਭਾਅ ਦਾ ਨਿਰਮਾਣ ਕਰਦੇਹਨ। ਜੋ ਇਨ੍ਹਾਂ ਸੰਬੰਧਾਂ ਨੂੰ ਕਿਸੇ ਹੱਦ ਤੱਕ ਸਦੀਵੀ ਵੀ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਉਦਾਹਰਣ ਵਜੋਂ ਜੇ ਅਸੀਂ ਕਿਸੇ ਕਾਗਜ਼ ਤੇ ਤਿੰਨ ਬਿੰਦੂ ਇਕ ਹੀ ਸੇਧ ਵਿੱਚ ਰੱਖ ਕੇ ਉਨ੍ਹਾਂ ਨੂੰ ਲਕੀਰ ਨਾਲ ਜੋੜੀਏ ਤਾਂ ਇਕ ਰੇਖਾ ਬਣ ਜਾਵੇਗੀ। ਜਮੈਟਰੀ ਵਿੱਚ ਅਸੀ ਇਸ ਨੂੰ ਸਿੱਧੀ ਰੇਖਾ (straight line) ਆਖਾਂਗੇ। ਇਸ ਰੇਖਾ ਦਾ ਨਾ ਕੋਈ ਆਕਾਰ ਹੈ ਨਾਂ ਇਸਨੇ ਕੋਈ ਥਾਂ (space) ਘੇਰਿਆ ਹੈ। ਇਸ ਨੂੰ ਜਿਨ੍ਹਾਂ ਮਰਜ਼ੀ ਲੰਬਾ ਕਰ ਦੇਵੋ ਇਸਦੇ ਸਿਰੇ ਕਦੇ ਨਹੀਂ ਮਿਲਣਗੇ। ਇਸ ਤੋਂ ਭਾਵ ਇਹ ਹੋਇਆ ਕਿ ਪਹਿਲਾ ਬਿੰਦੂ (ੳ) ਦੂਸਰੇ ਬਿੰਦੂ

(ਅ) ਨਾਲ ਹੀ ਸੰਬੰਧਤ ਹੈ ਪਰ ਤੀਸਰੇ ਬਿੰਦੂ (ੲ) ਨਾਲ ਨਹੀਂ ਜਦੋਂ ਕਿ (ਅ) ਬਿੰਦੂ ਦੋਨਾਂ ਨਾਲ (ੳ) ਅਤੇ (ੲ) ਨਾਲ ਸੰਬੰਧਤ ਹੈ। (ੲ) ਬਿੰਦੂ ਦਾ ਵੀ ਕੋਈ ਸੰਬੰਧ (ੳ) ਬਿੰਦੂ ਨਾਲ ਨਹੀਂ ਹੈ। ਹੁਣ ਜੇ ਤੁਸੀਂ ਇਹੋ ਤਿੰਨ ਬਿੰਦੂ ਅਜਿਹੇ ਹਿਸਾਬ ਨਾਲ ਕਾਗਜ਼ ਤੇ ਉਲੀਕੋ ਕਿ ਦੋ ਬਿੰਦੂ ਤਾਂ ਇਕੋ ਰੇਖਾ ਵਿੱਚ ਹੋਣ ਪਰ ਇੱਕ ਉਨ੍ਹਾਂ ਤੋ ਹਟ ਕੇ ਉੱਪਰ ਹੋਵੇ। ਜੇ ਇਨ੍ਹਾਂ ਸਾਰਿਆਂ ਨੂੰ ਇੱਕ ਰੇ ਖਾ ਨਾਲ ਜੋੜ ਦਿੱਤਾ ਜਾਵੇ ਤਾਂ ਇੱਕ ਖਾਸ ਆਕਾਰ ਦੀ ਸ਼ਕਲ ਸਾਡੇ ਸਾਹਮਣੇ ਆਵੇਗੀ ਜਿਸਨੂੰ ਅਸੀਂ ਤ੍ਰਿਕੋਣ ਕਹਿੰਦੇ ਹਾਂ। ਇਸਦੇ ਤਿੰਨ ਬਿੰਦੂਆਂ ਤੇ ਤਿੰਨ ਕੋਣੇ ਬਣੇ ਹਨ ਅਤੇ ਸਾਰੇ ਹੀ ਬਿੰਦੂ ਇੱਕ ਦੂਜੇ ਨਾਲ ਸਿੱਧੇ ਤੌਰ ਤੇ ਜੁੜੇ ਹੋਏ ਹਨ। ਭਾਵ ਇਨ੍ਹਾਂ ਤਿੰਨਾਂ ਤੱਤਾਂ (elements) ਦਾ ਆਪਸ ਵਿਚ ਸਿਧਾ ਸੰਬੰਧ ਹੈ।

ਉਪਰੋਕਤ ਚਰਚਾ ਦਾ ਮਤਲਬ ਇਹ ਹੋਇਆ ਕਿ ਬਿੰਦੂ ਤਾਂ ਤਿੰਨ ਹੀ ਹਨ ਪਰ ਜਿਹੜੇ ਤਰੀਕੇ ਨਾਲ ਉਹ ਆਪਸ ਵਿੱਚ ਜੁੜੇ ਹੋਏ ਹਨ ਜਾਂ ਸੰਬੰਧਿਤ ਹਨ ਉਹ ਹੋਣ ਵਾਲੇ ਅਕਾਰ ਦੀ ਖ਼ਾਸ ਸ਼ਕਲ ਤੇ ਵੱਖਰੇ ਨਾਂ ਦਾ ਆਧਾਰ ਬਣਦੇ ਹਨ। ਪਹਿਲੇ ਨੂੰ ਅਸੀਂ ਰੇਖਾ ਕਹਿੰਦੇ ਤਾਂ ਅਤੇ ਦੂਜੇ ਨੂੰ ਤ੍ਰਿਕੋਣ। ਇਨ੍ਹਾਂ ਦੋਨਾਂ ਦੇ ਸੁਭਾਅ ਵਿੱਚ ਵੀ ਜ਼ਮੀਨ ਅਸਮਾਨ ਦਾ ਅੰਤਰ ਹੈ। ਜੇ ਕਿਸੇ ਸਰਕਾਰੀ ਦਫ਼ਤਰ ਵਿੱਚ ਅਸੀਂ ਸੱਤਾ ਦੀ ਵੰਡ ਨੂੰ ਕੋਈ ਨਾਂ ਦੇਣਾ ਹੋਵੇ ਤਾਂ ਅਸੀਂ ਕਹਾਂਗੇ ਕਿ ਸੱਤਾ ਦਾ ਢਾਂਚਾ ਤ੍ਰਿਕੋਣਾ ਹੈ ਭਾਵ ਇਹ ਕਿ ਸਾਰਿਆਂ ਨਾਲੋਂ ਵੱਡਾ ਅਫ਼ਸਰ ਇੱਕੋ ਹੈ ਅਤੇ ਜਿਵੇਂ ਜਿਵੇਂ ਅਸੀਂ ਹੇਠਾਂ ਨੂੰ ਉਤਰਦੇ ਹਾਂ ਤਾਂ ਅੱਡ ਅੱਡ ਅਧਿਕਾਰੀਆਂ ਦਾ ਨੰਬਰ ਤਾਂ ਵੱਧਦਾ ਜਾਵੇਗਾ ਪਰ ਹਰ ਅਹੁਦੇ ਵਿੱਚ ਸੱਤਾ ਘੱਟਦੀ ਜਾਵੇਗੀ। ਹੋਰ ਹੇਠਾਂ ਪਹੁੰਚਣ ਤੱਕ ਅਸੀਂ ਵੇਖਾਂਗੇ ਕਿ ਕਰਮਚਾਰੀਆਂ ਦਾ ਨੰਬਰ ਤਾਂ ਬਹੁਤ ਵੱਧ ਹੋ ਜਾਂਦਾ ਹੈ ਪਰ ਸੱਤਾ ਬਿਲਕੁਲ ਘੱਟ। ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਵਿੱਚ ਡਾਇਰੈਕਟਰ ਤਾਂ ਇੱਕ ਹੋਵੇਗਾ ਪਰ ਸੇਵਾਦਾਰ ਅਨੇਕਾਂ, ਅਜਿਹੀ ਸੰਸਥਾ ਦੀ ਸਾਰੀ ਸੱਤਾ ਇਕ ਡਾਇਰੈਕਟਰ ਵਿੱਚ ਕੇਂਦਰਿਤ ਹੁੰਦੀ ਹੈ ਅਤੇ ਸੇਵਾਦਾਰ ਸੱਤਾ ਤੋਂ ਵਿਹੂਣੇ ਹੁੰਦੇ ਹਨ।

ਇਸ ਚਰਚਾ ਤੋਂ ਅਸੀਂ ਇਹ ਅਰਥ ਕੱਢ ਸਕਦੇ ਹਾਂ ਕਿ ਜਿਸ ਕਿਸੇ ਵੀ ਸੰਸਥਾ ਦਾ ਆਕਾਰ ਤ੍ਰਿਕੋਣਾ ਹੋਵੇਗਾ ਅਤੇ ਸੱਤਾ ਦੀ ਵੰਡ ਵੀ ਅਜਿਹੀ ਹੋਵੇਗੀ ਤਾਂ ਉਸ ਸੰਸਥਾ ਵਿੱਚ ਅਹੁਦੇਦਾਰਾਂ ਦੇ ਆਪਸੀ ਰਿਸ਼ਤੇ ਉਚੇ ਨੀਵੇਂ ਤੇ ਛੋਟੇ ਵੱਡੇ ਦੇ ਆਧਾਰ ਤੇ ਹੋਣਗੇ। ਉਨ੍ਹਾਂ ਵਿਚ ਬਰਾਬਰੀ ਦੇ ਰਿਸ਼ਤੇ ਨਹੀਂ ਹੋ ਸਕਦੇ। ਅਜਿਹੇ ਅਹੁਦੇਦਾਰ ਜੋ ਕਿਸੇ ਕਿਸਮ ਦੀ ਬਰਾਬਰੀ ਕਾਇਮ ਵੀ ਕਰਨਾ ਚਾਹੁੰਣ ਤਾਂ ਸੰਭਵ ਨਹੀਂ ਹੋਵੇਗਾ ਕਿਉਂਕਿ ਊਚ-ਨੀਚ ਤਾਂ ਅਜਿਹੀ ਸੰਸਥਾ ਦੀ ਨਿਉਂ ਵਿੱਚ ਹੀ ਭਰੀ ਹੋਈ ਹੈ। ਜੇ ਭਾਰਤੀ ਸਮਾਜ ਦੀ ਉਦਾਹਰਣ ਲਈਏ ਤਾਂ ਸਾਫ ਸਮਝ ਆਵੇਗਾ ਕਿ ਜਾਤੀ ਪ੍ਰਥਾ ਸਾਡੇ ਸਮਾਜ ਦਾ ਆਧਾਰ ਹੈ ਭਾਵ ਭਾਰਤੀ ਸਮਾਜ ਦੀ ਸੰਰਚਨਾ ਦਾ ਆਧਾਰ ਜਾਤੀ ਪ੍ਰਥਾ ਹੈ। ਇਸਦਾ ਮਤਲਬ ਇਹ ਹੋਇਆ ਕਿ ਭਾਰਤੀ ਸਮਾਜ ਵਿੱਚ ਇੱਕ ਬੱਚੇ ਦੇ ਜਨਮ ਲੈਂਦੇ ਹੀ ਉਸ ਦਾ ਵਰਗੀਕਰਣ ਹੋ ਜਾਂਦਾ ਹੈ। ਇਸ ਵਿੱਚ ਨਾ ਤਾਂ ਉਸ ਦੀ, ਨਾ ਉਸ ਦੇ ਮਾਪਿਆਂ ਦੀ ਕੋਈ ਮਰਜ਼ੀ ਚਲਦੀ ਹੈ। ਬ੍ਰਾਹਮਣ ਦੇ ਘਰ ਪੈਦਾ ਹੋਇਆ ਤਾਂ ਬ੍ਰਾਹਮਣ ਹੋ ਗਿਆ ਜੇ ਸ਼ੂਦਰ ਦੇ ਘਰ ਪੈਦਾ ਹੋਇਆ ਤਾਂ ਸ਼ੂਦਰ। ਇਸ ਤੋਂ ਮਰਗੋਂ ਜੋ ਸੰਬੰਧ ਇਨ੍ਹਾਂ ਦੋਨਾਂ ਪ੍ਰਾਣੀਆਂ ਵਿੱਚ ਹੋਣਗੇ ਉਹ ਭਾਰਤੀ ਜਾਤੀ ਪ੍ਰਥਾ ਦੇ ਅਨੁਕੂਲ ਹੋਣਗੇ ਨਾ ਕਿ ਉਨ੍ਹਾਂ ਪ੍ਰਾਣੀਆਂ ਦੀ ਆਪਣੀ ਮਰਜ਼ੀ ਦੇ ਮੁਤਾਬਕ। ਇਸੇ ਤਰ੍ਹਾਂ ਜੇ ਅਸੀਂ ਭਾਰਤੀ ਸਮਾਜ ਵਿੱਚ ਮਰਦ-ਔਰਤ ਜਾਂ ਪਤੀ-ਪਤਨੀ ਦੇ ਰਿਸ਼ਤੇ ਨੂੰ ਵੇਖੀਏ ਤਾ ਸਾਨੂੰ ਸਮਝ ਆਵੇ ਗਾ ਕਿ ਮਰਦ/ਪਤੀ ਦਾ ਸਮਾਜ ਵਿਚ ਦਰਜਾ ਔਰਤ/ਪਤਨੀ ਨਾਲੋਂ ਉੱਚਾ ਤੇ ਵੱਡਾ ਮੰਨਿਆ ਗਿਆ ਹੈ। ਇਹ ਕੋਈ ਅੱਜ ਕੱਲ੍ਹ ਦੀ ਰਵਾਇਤ ਨਹੀਂ ਬਲਕਿ ਸਦੀਆਂ ਪੁਰਾਣੀ ਹੈ। ਜਾਤੀ ਪ੍ਰਥਾ ਦੀ ਤਰ੍ਹਾਂ ਇਹ ਵੀ ਸਾਡੇ ਸਮਾਜ ਦੀ ਸੰਰਚਨਾ ਦਾ ਹਿੱਸਾ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਨਾ-ਬਰਾਬਰੀ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਬੇਟੀ ਦੇ ਜਨਮ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਬਹੁਤੀ ਵਾਰ ਤਾਂ

ਉਹਨੂੰ ਮਾਰ ਹੀ ਮੁਕਾਉਂਦੇ ਹਨ। ਇਸ ਦੇ ਉਲਟ ਬੇਟੇ ਦੇ ਜਨਮ ਤੇ ਜਸ਼ਨ ਮਣਾਏ ਜਾਂਦੇ ਹਨ, ਮਿਠਾਈਆਂ ਵੰਡੀਆ ਜਾਂਦੀਆਂ ਹਨ।

ਜੇ ਅਸੀਂ ਗੌਰ ਨਾਲ ਵੇਖੀਏ ਤਾਂ ਪਤਾ ਚਲਦਾ ਹੈ ਕਿ ਜਨਮ ਵੇਲੇ ਤਾਂ ਸਾਰੇ ਇਕੋ ਜਿਹੇ ਹੀ ਹੁੰਦੇ ਹਨ ਬ੍ਰਾਹਮਣ ਦੇ ਵੀ ਓਹੀ ਹੱਥ-ਪੈਰ, ਨੱਕ-ਕੰਨ, ਜੋ ਸ਼ੂਦਰ ਦੇ ਹੁੰਦੇ ਹਨ ਅਤੇ ਔਰਤਾਂ ਦੇ ਵੀ ਇਹੋ ਜਿਹੇ ਹੁੰਦੇ ਹਨ ਜਿਵੇਂ ਕਿ ਮਰਦਾਂ ਦੇ। ਗੁਰਬਾਣੀ ਅਨੁਸਾਰ ਵੀ ਤਾਂ ਸੱਚ ਇਹੋ ਹੈ-ਏਕ ਨੂਰ ਤੇ ਸਭ ਜਗ ਉਪਜਿਓ ਕੌਣ ਭਲੇ ਕੋ ਮੰਦੇ। ਜੇ ਕੁਦਰਤੀ ਤੌਰ ਤੇ ਸਾਰੇ ਬਰਾਬਰ ਹਨ ਫੇਰ ਨਾ-ਬਰਾਬਰੀ ਪੈਦਾ ਕੌਣ ਕਰਦਾ ਹੈ। ਸਾਫ਼ ਜ਼ਾਹਰ ਹੈ ਕਿ ਇਹ ਮਨੁੱਖੀ ਸਮਾਜ ਦੀ, ਆਪਸੀ ਰਿਸ਼ਤਿਆਂ ਦੀ ਚੋਣ ਹੈ। ਇਹ ਨਾ-ਬਰਾਬਰੀ ਸਮਾਜ ਦੀ ਸੰਰਚਨਾ ਦਾ ਆਧਾਰ ਹੈ ਇਸੇ ਕਰਕੇ ਇਹ ਕਿਤੇ ਨਾ ਕਿਤੇ ਕਿਸੇ ਨਾ ਕਿਸੇ ਰੂਪ ਵਿੱਚ ਉੱਭਰ ਆਉਂਦੀ ਹੈ।

### 1.3.2 ਸਮਾਜ ਵਿਗਿਆਨ ਵਿੱਚ ਸੰਰਚਨਾ ਦਾ ਸੰਕਲਪ ਤੇ ਵੱਖ ਵੱਖ ਵਿਗਿਆਨੀਆ ਦੇ ਵਿਚਾਰ :

ਉੱਪਰ ਅਸੀਂ ਜ਼ਿਕਰ ਕਰ ਚੁੱਕੇ ਹਾਂ ਕਿ ਸੰਰਚਨਾ ਦਾ ਸੰਕਲਪ ਕੋਈ ਨਵਾਂ ਨਹੀਂ। ਪਰ ਇਸ ਵਿੱਚ ਤਬਦੀਲੀਆਂ ਬਰਾਬਰ ਆਉਂਦੀਆਂ ਰਹੀਆਂ ਜ਼ਿਨ੍ਹਾਂ ਦਾ ਮਨੋਰਥ ਸੀ ਕਿ ਇਸ ਸੰਕਲਪ ਨੂੰ ਜ਼ਿਆਦਾ ਤੋਂ ਜ਼ਿਆਦਾ precise ਤਰੀਕੇ ਨਾਲ ਪਰਿਭਾਸ਼ਿਤ ਕੀਤਾ ਜਾਵੇ ਤਾਂ ਜੋ ਪੜ੍ਹਨ-ਲਿਖਣ ਵਾਲਾ ਕਿਸੇ ਦੁਚਿੱਤੀ ਵਿਚ ਨਾ ਪਵੇ। ਉਨ੍ਹੀਵੀਂ ਸਦੀ ਦੇ ਨਾਮੀ ਸਮਾਜ ਵਿਗਿਆਨੀਆਂ ਹਰਬਰਟ ਸਪੈਂਸਰ (ਇੰਗਲੈਂਡ) ਅਤੇ ਇਮਾਇਲ ਦੁਰਖੀਮ (ਫਰਾਂਸ) ਨੇ ਇਸ ਸੰਕਲਪ ਨੂੰ ਆਪਣੇ ਤੌਰ ਤੇ ਵਰਤਿਆ ਤਾਂ ਜ਼ਰੂਰ ਪਰ ਉਸ ਨੂੰ ਵਿਕਸਤ ਨਹੀਂ ਕੀਤਾ। ਪਹਿਲੋਂ ਪਹਿਲੋਂ ਸਮਾਜਕ ਸੰਗਠਨ (social organization) ਅਤੇ ਸਮਾਜਕ ਸੰਰਚਨਾ (social structure) ਵਿੱਚ ਕੋਈ ਫਰਕ ਨਹੀਂ ਸੀ ਕੀਤਾ ਜਾਂਦਾ। ਇਹ ਇੱਕ ਤਰੀਕੇ ਨਾਲ synonyms ਹੀ ਸਨ। ਪਰ ਰੇਮੰਡ ਫਰਥ ਨੇ ਆਪਣੀ ਕਿਤਾਬ Elements of Social Organization (1956) ਵਿੱਚ ਇਨ੍ਹਾਂ ਦੋਨਾਂ ਸੰਕਲਪਾਂ ਨੂੰ ਨਿਖੇੜਿਆ। ਉਸ ਅਨੁਸਾਰ ਸੰਗਠਨ ਅਸਲ ਵਿਚ ਸਮਾਜਕ ਰਿਸ਼ਤਿਆਂ ਨਾਲ ਸੰਬੰਧਿਤ ਕੇਵਲ ਰੁਚੀ (choices) ਤੇ ਫੈਸਲਿਆਂ (decisions) ਨਾਲ ਹੀ ਤਾਅਲੁਕ ਰੱਖਦਾ ਹੈ ਜਦੋਂ ਕਿ ਸਮਾਜਕ ਸੰਰਚਨਾ ਉਨ੍ਹਾਂ ਸਮਾਜ ਰਿਸ਼ਤਿਆਂ ਨਾਲ ਜੁੜੀ ਹੁੰਦੀ ਹੈ ਜੋ ਮੂਲ, ਰੂਪ ਵਿੱਚ ਕਿਸੇ ਸਮਾਜ ਦੇ ਮੁਢਲੇ ਰੂਪ ਦਾ ਆਧਾਰ ਹੁੰਦੇ ਹਨ। ਇਹ ਸੰਰਚਨਾ ਉਹ ਹੁੰਦੀ ਹੈ ਜਿਹੜੀ ਰੁਚੀ (choices) ਤੇ ਫੈਸਲਿਆਂ ਨੂੰ ਨਿਰਧਾਰਿਤ ਕਰਦੀ ਹੈ ਭਾਵ ਇਹ ਕਿ ਇੱਕ ਕਾਰਜ ਕਰਨ ਦੌਰਾਨ ਕਰਤੇ ਨੂੰ ਕਿਹੜੀਆਂ ਗੱਲਾਂ ਜਾਂ ਸੰਰਚਨਾ ਦੇ ਤੱਤ (elements) ਇਸ ਕਾਰਜ ਨੂੰ ਚੁਣਨ ਵਾਸਤੇ ਮਜ਼ਬੂਰ ਕਰਦੇ ਹਨ। ਸਮਾਜਕ ਰਿਸ਼ਤਿਆਂ ਦੀਆਂ ਇਨ੍ਹਾਂ ਲੀਹਾਂ ਦਾ ਨਾਂ ਹੀ ਸਮਾਜਕ ਸੰਰਚਨਾ ਹੁੰਦਾ ਹੈ। ਇਸ ਕਰਕੇ ਸਮਾਜਕ ਸੰਰਚਨਾ ਵਿੱਚ ਬਦਲਾਓ ਜਾਂ ਤਾਂ ਆਉਂਦਾ ਹੀ ਨਹੀਂ ਜਾਂ ਬਹੁਤ ਹੌਲੀ ਹੌਲੀ ਇੱਕ ਲੰਮੇ ਸਮੇਂ ਉਪਰੰਤ ਆਉਂਦਾ ਹੈ ਜਦੋਂ ਕਿ ਸਮਾਜਕ ਸੰਰਚਨਾ ਵਿੱਚ ਇਹ ਤਬਦੀਲੀ ਕਾਫੀ ਤੇਜ਼ੀ ਨਾਲ ਅਤੇ ਸੁਖਾਲੀ ਹੀ ਹੋ ਜਾਂਦੀ ਹੈ।

1.3.2.1 **ਰੇਡਕਲਿਫ-ਬਰਾਊਨ** ਇੰਗਲੈਂਡ ਦੇ ਸਮਾਜਕ ਮਾਨਵ ਵਿਗਿਆਨੀ ਸਨ ਜਿਨ੍ਹਾਂ ਨੇ ਸਮਾਜਕ ਸੰਰਚਨਾ ਨੂੰ ਇੱਕ ਅਧਿਐਨਕ ਵਿਧੀ ਵਜੋਂ ਪਰਿਭਾਸ਼ਤ ਕੀਤਾ। ਉਨ੍ਹਾਂ ਅਨੁਸਾਰ ਸਮਾਜਕ ਸੰਰਚਨਾ ਸਮਾਜ ਦੇ ਹਿੱਸਿਆਂ (components) ਦੇ ਆਪਸੀ ਰਿਸ਼ਤਿਆਂ ਨੂੰ ਕਹਿੰਦੇ ਹਨ ਜੋ ਆਪਸ ਵਿੱਚ ਯਾਨੀ ਕਿ ਇੱਕ ਦੂਜੇ ਨਾਲ ਜੁੜ ਕੇ ਇੱਕ ਵੱਡੀ ਇਕਾਈ ਬਣਾਉਂਦੇ ਹਨ। ਇਸ ਵਿੱਚ ਵਿਅਕਤੀਆਂ ਦੇ ਆਪਸੀ ਰਿਸ਼ਤੇ ਸਮਾਜਕ ਸੰਸਥਾਵਾਂ ਦੁਆਰਾ ਨਿਯਮਤ ਅਤੇ ਨਿਰਧਾਰਤ ਕੀਤੇ ਗਏ ਹੁੰਦੇ ਹਨ। ਉਦਾਹਰਣ ਵਜੋਂ ਇੱਕ ਪਤਨੀ ਆਪਣੇ ਪਤੀ ਨਾਲ ਕਿਸ ਤਰ੍ਹਾਂ ਵਰਤੇਗੀ, ਉਨ੍ਹਾਂ ਦਾ ਆਪਸੀ ਵਿਵਹਾਰ ਕਿਹੋ ਜਿਹਾ ਹੋਵੇਗਾ ਇਸ ਨੂੰ ਨਿਰਧਾਰਤ ਕਰਨ ਵਾਲੀਆਂ ਸਮਾਜਕ

ਸੰਸਥਾਵਾਂ ਹੀ ਹਨ ਜਿਵੇਂ ਪਰਿਵਾਰ, ਧਰਮ, ਸਭਿਆਚਾਰ ਆਦਿ। ਸਮਾਜ ਵਿੱਚ ਵਿਅਕਤੀ ਇੱਕ ਦੂਸਰੇ ਨਾਲ ਦੋਹਰੇ (dyadic) ਰਿਸ਼ਤਿਆਂ ਵਿੱਚ ਬੰਨੇ ਹੁੰਦੇ ਹਨ ਜਿਵੇਂ ਮਾਂ-ਧੀ, ਬਾਪ-ਬੇਟਾ, ਭੈਣ-ਭਾਈ, ਮਾਮਾ-ਭਾਣਜਾ। ਰੇਡਕਲਿਫ-ਬਰਾਉਨ ਅਨੁਸਾਰ, ਆਸਟਰੇਲੀਆ ਦੇ ਕਬੀਲਿਆਂ ਵਿੱਚ ਸਮੁੱਚੀ ਸਮਾਜਕ ਸੰਰਚਨਾ ਦਾ ਆਧਾਰ ਅਜਿਹੇ ਰਿਸ਼ਤੇ ਹੀ ਹਨ।

**ਰੇਡਕਲਿਫ-ਬਰਾਉਨ** ਸਮਾਜਕ ਸੰਰਚਨਾ ਅਤੇ ਸੰਰਚਨਾਤਮਕ ਬਣਤਰ (Structural form) ਵਿੱਚ ਵੀ ਵਖਰੇਵਾਂ ਕਰਦਾ ਹੈ। ਪਹਿਲੀ ਕਿਸਮ ਜ਼ਿਆਦਾ ਪੱਕੀ ਅਤੇ ਸਥਾਈ ਹੁੰਦੀ ਹੈ ਜਿਸ ਵਿੱਚ ਬਦਲਾਓ ਸਹਿਜੇ ਨਹੀਂ ਆਉਂਦਾ ਜਦੋਂ ਕਿ ਦੂਸਰੀ ਕਿਸਮ ਉਸ ਦਾ ਉਪਰਲਾ ਢਾਂਚਾ ਜਾਂ ਅਕਾਰ ਹੈ ਜਿਸ ਵਿੱਚ ਬਦਲਾਓ ਸਮੇਂ ਦੇ ਨਾਲ ਨਾਲ ਸਹਿਜੇ ਹੀ ਆ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਕਿਸੇ ਸਮਾਜਕ ਸੰਸਥਾ ਦੀ ਸੰਰਚਨਾ ਤਾਂ ਉਹੀਓ ਰਹਿੰਦੀ ਹੈ ਪਰ ਸਮੇਂ ਨਾਲ ਜਿਹੜੀ ਅਖੌਤੀ ਅਦਲਾ-ਬਦਲੀ ਆਉਂਦੀ ਹੈ ਉਹ ਕੇਵਲ ਸੰਰਚਨਾਤਮਕ ਢਾਂਚੇ (form) ਵਿੱਚ ਹੁੰਦੀ ਹੈ। ਉਦਾਹਰਣ ਵਜੋਂ ਜੇ ਅਸੀਂ ਮਨੁੱਖੀ ਟੱਬਰ ਦੀ ਗੱਲ ਕਰੀਏ ਤਾਂ ਸੰਰਚਨਾਤਮਕ ਤੌਰ ਤੇ ਤਾਂ ਉਹੀ ਪਤੀ-ਪਤਨੀ ਬੱਚੇ ਜਾਂ ਹੋਰ ਰਿਸ਼ਤੇਦਾਰ ਹੀ ਹਨ ਪਰ ਵੱਖ ਵੱਖ ਸਮਾਜਾਂ ਵਿੱਚ ਵੱਖਰੋ-ਵੱਖਰੇ ਸਮਿਆਂ ਨੇ ਅੱਡੋ ਅੱਡ ਰੂਪ ਅਖਤਿਆਰ ਕੀਤੇ ਹਨ ਤਾਂ ਇੱਕੋ ਸਮਾਜ ਵਿੱਚ ਸਮੇਂ ਨਾਲ ਇਸਦੇ ਰੂਪ ਬਦਲੇ ਹਨ।

ਸਮਾਜਕ ਸੰਰਚਨਾ ਨੂੰ ਸਮਝਣ ਵਾਸਤੇ ਕਾਰਜ ਦੇ ਸੰਕਲਪ ਨੂੰ ਨਾਲ ਲੈਣਾ ਵੀ ਬਹੁਤ ਜ਼ਰੂਰੀ ਹੈ। ਰੈਡਕਲਿਫ-ਬਰਾਉਨ ਅਨੁਸਾਰ ਹਰ ਸੰਸਥਾ ਵਿੱਚ ਵੱਖ-ਵੱਖ ਅਹੁਦੇ ਹੁੰਦੇ ਹਨ ਜਿਨ੍ਹਾਂ ਤੇ ਵਿਅਕਤੀ ਵਿਰਾਜਮਾਨ ਹਨ। ਉਹ ਆਪਣੀ ਪੋਜੀਸ਼ਨ ਅਨੁਸਾਰ ਦਿੱਤੇ ਹੋਏ ਕਾਰਜ ਕਰਦੇ ਹਨ। ਇਸੇ ਕਰਕੇ ਵਿਅਕਤੀਆਂ ਦੇ ਕਾਰਜ ਕਰਦੇ ਹੋਏ ਇੱਕ ਦੂਜੇ ਨਾਲ ਰਿਸ਼ਤੇ ਬਣ ਜਾਂਦੇ ਹਨ ਜਿਨ੍ਹਾਂ ਨੂੰ ਅਸੀ ਸੰਸਥਾ ਦਾ ਨਾਂ ਦਿੰਦੇ ਹਾਂ। ਇਸ ਕਾਰਜ ਨੂੰ ਪਰਿਭਾਸ਼ਤ ਕਰਨ ਦਾ ਕੰਮ, ਇਸਦਾ ਅਧਿਕਾਰ ਖੇਤਰ ਉਲੀਕਣ ਦਾ ਕੰਮ, ਇਸਦਾ ਬਾਕੀ ਵਿਅਕਤੀਆਂ ਨਾਲ ਰਿਸ਼ਤੇ ਆਦਿ ਨੂੰ ਵੀ ਨਿਯਮਤ ਕਰਨ ਦਾ ਕੰਮ ਸਮਾਜਕ ਸੰਰਚਨਾ ਦਾ ਹੀ ਹੈ। ਇਸ ਦਾ ਅਰਥ ਇਹ ਹੈ ਕਿ ਰੇਡਕਲਿਫ-ਬਰਾਉਨ ਸੰਰਚਨਾ ਅਤੇ ਕਾਰਜ ਨੂੰ ਇੱਕ ਸੁਰ ਕਰਕੇ ਵੇਖਦਾ ਹੈ। ਸੰਰਚਨਾ ਕਿਸੇ ਕਾਰਜ ਨੂੰ ਨਿਰਧਾਰਤ ਕਰਦੀ ਹੈ ਜਦੋਂ ਕਿ ਕਾਰਜ ਨੂੰ ਕਰਦੇ ਹੋਏ ਵਿਅਕਤੀ ਆਪਸੀ ਰਿਸ਼ਤਿਆਂ ਦੁਆਰਾ ਉਸ ਸੰਰਚਨਾ ਨੂੰ ਹੋਰ ਪੱਕਿਆਂ ਕਰਦੇ ਹਨ।

**ਰੇਡਕਲਿਫ-ਬਰਾਉਨ** ਤਾਂ ਇੱਕ ਸਮਾਜ ਮਾਨਵ ਵਿਗਿਆਨੀ ਹੈ। ਪਰ ਸਮਾਜ ਵਿਗਿਆਨ ਦੀ ਮੁੱਖ ਧਾਰਾ ਵਿੱਚ ਟੈਲਕਟ ਪਰਾਸਨਜ਼ ਦਾ ਨਾਂ ਮੁੱਖ ਹੈ ਜਿਸਨੇ ਸੰਰਚਨਾ ਤੇ ਕਾਰਜ ਨੂੰ ਇੱਕਠਿਆਂ ਕਰਕੇ ਸੰਰਚਨਾਤਮਕ ਕਾਰਜਵਾਦ ਦੀ ਨੀਂਹ ਰੱਖੀ ਅਤੇ ਇਸ ਅਧੀਨ ਸਮੁੱਚੇ ਸਮਾਜ ਦੀਆਂ ਸਾਰੀਆਂ ਇਕਾਈਆਂ ਨੂੰ ਇੱਕਠੇ ਕਰਕੇ ਇੱਕ ਸਿਸਟਮ ਦੇ ਰੂਪ ਵਿਚ ਸਮਝਿਆ। ਉਸਦਾ ਮੰਨਣਾ ਹੈ ਕਿ ਸਮਾਜ ਇੱਕ ਜੀਵਤ ਪ੍ਰਾਣੀ ਵਰਗਾ ਹੈ ਜਿਸ ਵਿੱਚ ਆਪਣੀ ਹੱਦ-ਬੰਦੀ (boundary) ਕਾਇਮ ਰੱਖਣ ਦੀ ਸਮਰੱਥਾ ਹੁੰਦੀ ਹੈ ਜਿਹੜੀ ਸਥਾਈ ਹੁੰਦੀ ਹੈ। ਇਸ ਦੇ ਕਈ ਸਾਰੇ ਅੰਗ ਹੁੰਦੇ ਹਨ ਜਿਹੜੇ ਕਾਰਜ ਕਰਦੇ ਹੋਏ ਇੱਕ ਦੂਜੇ ਤੇ ਨਿਰਭਰ ਹੁੰਦੇ ਹਨ। ਉਨ੍ਹਾਂ ਦੀ ਆਪਸੀ ਨਿਰਭਰਤਾ ਇੰਨੀ ਗਹਿਰੀ ਹੁੰਦੀ ਹੈ ਕਿ ਜੇ ਕਿਸੇ ਵੀ ਅੰਗ ਦੇ ਕਾਰਜ ਵਿੱਚ ਕੋਈ ਖਰਾਬੀ ਆ ਜਾਵੇ ਤਾਂ ਉਹ ਹੌਲੀ ਹੌਲੀ ਸਾਰੇ ਸਿਸਟਮ ਵਿਚ ਫੈਲ ਜਾਂਦੀ ਹੈ। ਪਾਰਸ਼ਨਜ਼ ਅਨੁਸਾਰ, ਇੱਕ ਵੱਡੇ ਸਿਸਟਮ ਵਿਚ ਕਈ ਸਤਿਹਾਂ ਤੇ ਛੋਟੇ ਤੋਂ ਛੋਟੇ ਸਬ-ਸਿਸਟਮ ਹੁੰਦੇ ਹਨ ਜਿਹੜੇ ਇੱਕ ਦੂਜੇ ਨਾਲ ਜੁੜੇ ਹੁੰਦੇ ਹਨ। ਸਮਾਜਕ ਸੰਰਚਨਾ ਦਾ ਅਰਥ ਸਮਾਜਕ ਇਕਾਈਆਂ ਯਾਨੀ ਸੰਸਥਾਵਾਂ ਦੇ ਆਪਸੀ ਸੰਬੰਧਾਂ ਤੇ ਨਿਰਭਰਤਾ ਦਾ ਹੈ ਜਿਹੜੀ ਸਥਾਈ ਰਹਿੰਦੀ ਹੈ। ਇਸ ਸਥਿਰਤਾ ਨੂੰ ਕਾਇਮ ਰੱਖਣ ਲਈ ਸਮਾਜ ਦੀਆਂ ਕਦਰਾਂ-

ਕੀਮਤਾਂ ਅਤੇ ਸਮੁੱਚਾ ਸਭਿਆਚਾਰ (culture) ਜ਼ਿੰਮੇਵਾਰ ਹੁੰਦਾ ਹੈ ਇਨ੍ਹਾਂ ਨੂੰ ਸਮਾਜ ਦੇ ਪ੍ਰਾਣੀਆਂ ਨੇ internalize ਕੀਤਾ ਹੁੰਦਾ ਹੈ। ਪਾਰਸਨਜ਼ ਦੇ ਸਿਸਟਮ ਤੇ ਸਬ-ਸਿਸਟਮ ਦੇ ਸੰਕਲਪ ਨੂੰ ਸਮਝਣ ਲਈ ਚੀਨੀ ਬਕਸਿਆਂ (Chinese boxes) ਦੀ ਉਦਾਹਰਣ ਬਹੁਤ ਸਹੀ ਹੈ ਜਿਸਦੇ ਵੱਡੇ ਬਕਸੇ ਅੰਦਰ ਛੋਟਾ, ਉਸ ਦੇ ਅੰਦਰ ਹੋਰ ਛੋਟਾ ਅਤੇ ਹੋਰ ਛੋਟਾ ਬਕਸਾ ਹੁੰਦਾ ਹੈ ਅਤੇ ਇਹ ਸਾਰੇ ਬਿਲਕੁਲ ਇੱਕੋ ਜਿਹੇ ਹੁੰਦੇ ਹਨ ਅਤੇ ਇੱਕ ਦੂਜੇ ਅੰਦਰ ਸਮਾਏ ਹੁੰਦੇ ਹਨ।

ਉੱਪਰ ਅਸੀਂ ਜ਼ਿਕਰ ਕੀਤਾ ਸੀ ਕਿ ਸੰਰਚਨਾਵਾਦ ਨੇ ਜ਼ੋਰ ਉਦੋਂ ਫੜਿਆ ਜਦੋਂ ਲੇਵੀ-ਸਤਰਾਸ ਨੇ ਇਸ ਸੰਕਲਪ ਨੂੰ ਬਰਾਜੀਲ ਦੇ ਕਬਾਇਲੀ ਸਮੁਦਾਇਆਂ ਦੇ ਸਮਾਜਿਕ ਢਾਂਚੇ ਨੂੰ ਸਮਝਣ ਲਈ ਇਸਤੇਮਾਲ ਕੀਤਾ। ਉਸਦੇ ਅਨੁਸਾਰ ਰਿਸ਼ਤੇ ਇੱਕ ਖਾਸ ਢਾਂਚੇ ਉੱਤੇ ਉਸਰੇ ਹੁੰਦੇ ਹਨ ਜਿਹੜਾ ਸਥਾਈ ਹੁੰਦਾ ਹੈ। ਇਹ ਢਾਂਚਾ ਸਹੀ ਅਤੇ precise ਹੁੰਦਾ ਹੈ ਅਤੇ ਇਸ ਨੂੰ mathematical ਮਾਡਲ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਬਾਕੀ ਸਮਾਜ ਵਿਗਿਆਨੀਆਂ ਨਾਲੋਂ ਲੇਵੀ-ਸਤਰਾਸ ਸੰਰਚਨਾ ਦੀ ਗੱਲ ਵੱਖਰੇ ਤਰੀਕੇ ਵਿੱਚ ਪੇਸ਼ ਕਰਦਾ ਹੈ। ਉਸ ਅਨੁਸਾਰ ਸਮਾਜਕ ਸੰਰਚਨਾ ਅਤੇ ਸਮਾਜਕ ਰਿਸ਼ਤੇ (social relations) ਦੋ ਵੱਖਰੇ-ਵੱਖਰੇ ਸੰਕਲਪ ਹਨ ਅਤੇ ਰਿਸ਼ਤਿਆਂ ਨੂੰ ਸੰਰਚਨਾ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ। ਇਸ ਦੇ ਉਲਟ ਸੰਰਚਨਾ ਤਾਂ ਇੱਕ ਮਾਡਲ ਹੁੰਦਾ ਹੈ ਜੋ ਸਮਾਜਕ ਰਿਸ਼ਤਿਆਂ ਵਰਗੇ ਤੱਥਾਂ ਦੇ ਆਧਾਰਤ ਹੁੰਦਾ ਹੈ। ਲੇਵੀ-ਸਤਰਾਸ ਦੇ ਆਪਣੇ ਲਫਜਾਂ ਵਿਚ "…. social relations consist of the raw materials out of which models, making up the social structure are built, while social structure, can by no means, be reduced to the ensemble of the social relations……"

1.3.2.2 **ਲੇਵੀ-ਸਤਰਾਸ** ਸਵਾਲ ਕਰਦਾ ਹੈ ਕਿਹੜਾ ਮਾਡਲ ਸੰਰਚਨਾ ਬਣ ਸਕਦਾ ਹੈ ? ਉਸ ਅਨੁਸਾਰ ਉਹ ਮਾਡਲ ਸੰਰਚਨਾ ਦਾ ਹੱਕਦਾਰ ਹੈ ਜਿਹੜਾ ਕਿ ਇਕ ਸਿਸਟਮ ਹੋਵੇ ਯਾਨਿ ਕਿ ਜਿਸ ਦੇ ਸਾਰੇ ਤੱਤਾਂ ਵਿੱਚ ਅਜਿਹਾ ਰਿਸ਼ਤਾ ਜਾਂ ਸੰਬੰਧ ਹੋਵੇ ਕਿ ਜੇ ਇੱਕ ਨੂੰ ਵੀ ਹਿਲਾਇਆ ਜਾਵੇ ਤਾਂ ਅਸਰ ਸਾਰਿਆਂ ਤੇ ਪਵੇ। (3) ਇਸ ਦੇ ਬਹੁਤ ਸਾਰੇ ਬਦਲ (transformations) ਪੇਸ਼ ਹੋ ਸਕਦੇ ਹੋਣ। (4) ਇਸ ਵਿਚ ਭਵਿਖ ਬਾਣੀ ਕਰਨ ਦੀ ਸਮਰਥਾ ਹੋਵੇ। ਭਾਵ ਮਾਡਲ ਇਹ ਦਸ ਸਕੇ ਕਿ ਜੇ ਇੱਕ ਜਾਂ ਦੋ ਤੱਤਾਂ (elements) ਨੂੰ ਬਦਲ ਦਿੱਤਾ ਜਾਵੇ ਤਾਂ ਨਤੀਜਾ ਕੀ ਹੋਵੇਗਾ। (5) ਮਾਡਲ ਵਿਚ ਸਾਰੇ ਤੱਥਾਂ ਨੂੰ ਇਕੋ ਸਮੇਂ ਸਮਝਾਉਣ ਦੀ ਸਮਰਥਾ ਹੋਵੇ। ਇਸ ਤੋਂ ਭਾਵ ਇਹ ਹੈ ਕਿ ਕਿਹੜੇ ਤੱਥਾਂ ਤੇ ਮਾਡਲ ਉਸਾਰਿਆ ਗਿਆ ਹੈ ਉਹ ਉਨ੍ਹਾਂ ਸਾਰਿਆਂ ਤੱਥਾਂ ਦੇ ਆਪਸੀ ਸੰਬੰਧ ਪਹਿਲੀ ਨਜ਼ਰ ਵਿਚ ਹੀ ਵਿਖਾ ਸਕੇ।

ਮਾਡਲ ਨੂੰ ਬਣਾਉਣ ਵਾਸਤੇ ਸਭ ਤੋਂ ਮਹੱਤਪੂਰਣ ਕੰਮ ਹੈ ਤੱਥਾਂ ਨੂੰ ਵੇਖਣਾ। ਨਿਰੀਖਣ (observation) ਬਿਲਕੁਲ ਨਿਰਪੱਖ ਤੌਰ ਤੇ ਮੁਕਤ ਹੋਣੀ ਚਾਹੀਦੀ ਹੈ। ਇਹ ਮਾਡਲ ਸੁਚੇਤ (conscious) ਜਾਂ ਅਚੇਤ (unconscious) ਹੋ ਸਕਦੇ ਹਨ ਜਿੜੇ ਪ੍ਰਤੱਖ (manifest) ਜਾਂ ਅਪ੍ਰਤੱਖ (latent) ਤੱਥਾਂ ਤੇ ਆਧਾਰਿਤ ਹੁੰਦੇ ਹਨ। ਆਖੀਰ ਵਿਚ ਲੇਵੀ-ਸਤਰਾਸ ਨੇ ਮਾਡਲਾਂ ਦੀਆਂ ਦੋ ਹੋਰ ਕਿਸਮਾਂ ਦੱਸੀਆਂ ਹਨ। ਪਹਿਲੀ ਮਕਾਨਕੀ (Mechanical) ਮਾਡਲ ਦੂਸਰੀ ਕਿਸਮ ਅੰਕੜਈ ਮਾਡਲ (Statistical Model) ਕਾਰਲ ਮਾਰਕਸ ਨੇ ਵੀ ਸੰਰਚਨਾ ਦੇ ਸੰਕਲਪ ਨੂੰ ਪ੍ਰਯੋਗ ਕੀਤਾ। ਉਸ ਨੇ ਸਮਾਜ ਵਿਚ ਦੋ ਹੀ ਮੁੱਖ ਜਮਾਤਾਂ-ਬੁਰਜਵਾਜ਼ੀ ਅਤੇ ਪ੍ਰੋਲਤਾਰੀ ਦਾ ਪ੍ਰਮੁੱਖ ਤੌਰ ਤੇ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਆਪਸੀ ਸੰਬੰਧ ਦਵੰਦ (Dialectics) ਤੇ

ਆਧਾਰਿਤ ਹੁੰਦੇ ਹਨ। ਇਹ ਦਵੰਦ ਕੇਵਲ ਏਥੋਂ ਤੱਕ ਹੀ ਮਹਦੂਦ ਨਹੀਂ ਰਹਿੰਦਾ ਸਗੋਂ ਹੌਲੀ ਹੌਲੀ ਜਮਾਤੀ/ਵਰਗ ਸੰਘਰਸ਼ ਦਾ ਰੂਪ ਅਖਤਿਆਰ ਕਰ ਲੈਂਦਾ ਹੈ ਜੋ ਅੰਤ ਵਿੱਚ ਸਮਾਜਵਾਦੀ ਕ੍ਰਾਂਤੀ ਦੀ ਹੱਦ ਤੱਕ ਪਹੁੰਚ ਜਾਂਦਾ ਹੈ। ਇਸ ਦਵੰਦਾਤਮਕ ਸੰਰਚਨਾ ਤੋਂ ਇਲਾਵਾ ਮਾਰਕਸ ਨੇ ਸਮੁੱਚੇ ਸਮਾਜਕ ਯਥਾਰਥ (social reality) ਦੇ ਅਧਿਐਨ ਲਈ ਵੀ ਅਜਿਹੀ ਦਵੰਦਾਤਮਕ (dialectical) ਵਿਧੀ ਸੁਝਾਈ ਜਿਸ ਵਿਚ base ਅਤੇ superstructure ਵਿਚ ਦੋ ਤਰਫਾ ਰਿਸ਼ਤਾ ਹੁੰਦਾ ਹੈ।

### 1.3.3 ਸਮਾਜਿਕ ਸੰਰਚਨਾ ਦੇ ਤੱਤ

ਸਮਾਜ ਵਿਗਿਆਨ ਦੇ ਸੰਦਰਭ ਵਿਚ ਵੇਖਣ ਤੇ ਪਤਾ ਚਲਦਾ ਹੈ ਕਿ ਸਮਾਜਕ ਸੰਰਚਨਾ ਦੇ ਚਾਰ ਮੁੱਖ ਭਾਗ ਹਨ। ਹੈਰੀ ਐਮ. ਜੌਹਨਸਨ ਅਨੁਸਾਰ ਇਹ ਹਨ ਉਪ-ਸਮੂਹ (sub-group), ਸਮਾਜਕ ਰੋਲ, ਸਮਾਜਕ ਕਦਰਾਂ (social norms) ਅਤੇ ਸਭਿਆਚਾਰਕ ਕੀਮਤਾਂ (cultural values).

#### 1.3.3.1 ਉੱਪ-ਸਮੂਹ

ਸਮਾਜ ਦਾ ਅਰਥ ਹੀ ਸਮੂਹਾਂ ਦਾ ਇਕੱਠ ਹੈ ਜੋ ਵਿਅਕਤੀਆਂ ਦੇ ਮੇਲ-ਜੋਲ ਕਰਕੇ ਹੋਂਦ ਵਿਚ ਆਏ ਹੁੰਦੇ ਹਨ। ਸਮਾਜ ਵਿਗਿਆਨ ਵਿਚ ਵੱਡੇ ਸਮੂਹਾਂ ਦਾ ਇਨ੍ਹਾਂ ਮਹੱਤਵ ਨਹੀਂ ਜਿਨ੍ਹਾਂ ਕਿ ਉੱਪ-ਸਮੂਹਾਂ ਦਾ ਜਿਹੜੇ ਵੱਡਿਆਂ ਨਾਲੋਂ ਸਥਾਈ ਵੀ ਜ਼ਿਆਦਾ ਹੁੰਦੇ ਹਨ। ਪਛਾਣੇ ਵੀ ਸੌਖੇ ਹੀ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਹੱਦ-ਬੰਦੀ ਸੀਮਤ, ਸਾਫ ਅਤੇ ਸਥਾਈ ਹੁੰਦੀ ਹੈ। ਉਦਾਹਰਣ ਵਜੋਂ ਜੇ ਅਸੀਂ ਕਿਸੇ ਸਮੁਦਾਇ ਦੀ ਸਾਫ ਸੁਥਰੀ ਹੱਦ-ਬੰਦੀ ਕਰਨੀ ਹੋਵੇ ਤਾਂ ਜ਼ਿਆਦਾ ਔਖੀ ਹੋਵੇਗੀ। ਇਕ ਪਰਿਵਾਰ ਜਾਂ ਇਕ ਕਿਸਮ ਦੇ ਕਈ ਪਰਿਵਾਰਾਂ ਦੀ ਗਿਣਤੀ ਦੇ ਮੁਕਾਬਲੇ। ਇਹ ਇਸ ਕਰਕੇ ਕਿ ਪਰਿਵਾਰ ਇਕ ਉਪ ਸਮੂਹ ਹੈ। ਇਕ ਪਰਿਵਾਰ ਨੂੰ ਪਰਿਭਾਸ਼ਿਤ ਕਰਨਾ, ਉਸ ਵਿਚ ਵੱਖੋ ਵਖਰੇ ਰੋਲ ਵੇਖਣੇ /ਵਿਖਾਉਣਾ ਅਤੇ ਉਸਦਾ ਇੱਕ ਸਥਾਈ ਇਕਾਈ ਹੋਣਾ ਆਦਿ ਅਜਿਹੇ ਤੱਤ ਹਨ ਜੋ ਉਸ ਉਪ-ਸਮੂਹ ਨੂੰ ਪਛਾਨਣ ਲਈ ਅਤਿ ਸਹਾਈ ਹੁੰਦੇ ਹਨ।

#### 1.3.3.2 ਰੋਲ (Role)

ਸਮਾਜ ਦੇ ਵੱਖ ਵੱਖ ਉੱਪ ਸਮੂਹਾਂ ਵਿਚ positions ਹੁੰਦੀਆਂ ਹਨ ਜਿਨ੍ਹਾਂ ਦਾ ਉਸ ਸੰਰਚਨਾ ਵਿਚ ਖਾਸ ਮਹੱਤਵ ਹੁੰਦਾ ਹੈ। ਉਸ ਪੁਜੀਸ਼ਨ ਤੇ ਕੋਈ ਵਿਅਕਤੀ ਕੋਈ ਖਾਸ ਕਾਰਜ ਕਰਨ ਲਈ ਨਿਯੁਕਤ ਹੁੰਦਾ ਹੈ। ਇਸੇ ਨੂੰ ਰੋਲ ਕਿਹਾ ਜਾਂਦਾ ਹੈ। ਇਸ ਤੋਂ ਭਾਵ ਇਹ ਹੋਇਆ ਕਿ ਰੋਲ ਦੇ ਸੰਕਲਪ ਲਈ ਦੋ ਤੱਤ ਜ਼ਰੂਰੀ ਹਨ। ਇੱਕ ਤਾਂ ਪੁਜੀਸ਼ਨ ਅਤੇ ਦੂਜਾ ਉਸ ਨਾਲ ਜੁੜਿਆ ਕਾਰਜ। ਇਹ ਕੋਈ ਜ਼ਰੂਰੀ ਨਹੀਂ ਕਿ ਇੱਕ ਵਿਅਕਤੀ ਇੱਕ ਸਮੇਂ ਇੱਕੋ ਪੁਜੀਸ਼ਨ ਤੇ ਹੋਵੇਗਾ ਅਤੇ ਇੱਕੋ ਰੋਲ ਅਦਾ ਕਰੇਗਾ। ਇੱਕ ਵਿਅਕਤੀ ਅੱਡ-ਅੱਡ ਸੰਸਥਾਨਾਂ ਵਿਚ ਵੱਖੋ ਵੱਖਰੀਆਂ ਪੋਜੀਸ਼ਨਾਂ ਤੇ ਹੈ ਅਤੇ ਵੱਖਰੇ ਵੱਖਰੇ ਰੋਲ ਅਦਾ ਕਰ ਰਿਹਾ ਹੈ। ਜਿਵੇਂ ਕਿ ਇਕ ਵਿਅਕਤੀ ਪਰਿਵਾਰ ਵਿਚ ਪਤੀ ਤੇ ਬਾਪ ਹੈ, ਹਸਪਤਾਲ ਵਿਚ ਡਾਕਟਰ ਹੈ, ਕਾਲਜ ਵਿਚ ਪ੍ਰੋਫੈਸਰ ਹੈ, ਬਜ਼ਾਰ ਵਿਚ ਗ੍ਰਾਹਕ ਹੈ, ਰੇਲ ਵਿਚ ਮੁਸਾਫਰ ਹੈ ਆਦਿ। ਇਹੋ ਨਹੀਂ, ਉਹ ਇਕ ਸੰਸਥਾ ਵਿਚ ਵੀ ਇਕੋ ਸਮੇਂ ਕਈ ਰੋਲ ਨਿਭਾ ਸਕਦਾ ਹੈ। ਜਿਵੇਂ ਪਰਿਵਾਰ ਵਿਚ ਇਕ ਮਨੁੱਖ ਘਰ ਦਾ ਮੋਢੀ ਹੈ, ਪਤੀ ਵੀ ਹੈ, ਬਾਪ ਵੀ ਹੈ ਅਤੇ ਕਿਸੇ ਦਾ ਪੁੱਤਰ, ਭਰਾ, ਚਾਚਾ ਜਾਂ ਤਾਇਆ ਆਦਿ ਸਭ ਕੁਝ ਇਕੱਠੇ ਹੀ ਹੋ ਸਕਦਾ ਹੈ।

### 1.3.3.3 ਸਮਾਜਕ ਕਦਰਾਂ (Social norms)

ਕਦਰਾਂ ਉਹ ਹੁੰਦੀਆਂ ਹਨ ਜੋ ਨਿਰੋਲ ਸਮਾਜ ਤੋਂ ਉਤਪੰਨ ਹੁੰਦੀਆਂ ਹਨ ਅਤੇ ਸਮਾਜ ਵਿਚ ਵਿਚਰ ਰਹੇ ਹਰ ਵਿਅਕਤੀ ਤੇ ਕਿਸੇ ਰੂਪ ਵਿਚ ਲਾਗੂ ਹੁੰਦੀਆਂ ਹਨ। ਇੱਕ ਸੰਸਥਾ ਵਿਚ ਕਿਹੜਾ ਵਿਅਕਤੀ ਕੀ ਰੋਲ ਨਿਭਾ ਰਿਹਾ ਹੈ ? ਉਸ ਦੀਆਂ ਜ਼ਿੰਮੇਵਾਰੀਆਂ ਕੀ ਹਨ ? ਉਹ ਕੀ ਕਰ ਸਕਦਾ ਹੈ, ਉਹ ਕੀ ਨਹੀਂ ਕਰ ਸਕਦਾ, ਉਸ ਨੂੰ ਕੀ ਕਰਨਾ ਚਾਹੀਦਾ ਹੈ ? ਇਨ੍ਹਾਂ ਸਾਰੀਆਂ ਹਦਾਇਤਾਂ ਨੂੰ ਅਸੀਂ ਕਦਰਾਂ ਕਹਿੰਦੇ ਹਾਂ। ਇਹ ਕਦਰਾਂ ਇੱਕ ਸਮਾਜਕ ਸੰਰਚਨਾ ਵਿਚੋਂ ਉਭਰਦੀਆਂ ਹਨ ਅਤੇ ਇਨ੍ਹਾਂ ਨੂੰ ਇਸ ਸਮਾਜ ਦੀ ਪੂਰਣ ਮਾਨਤਾ ਪ੍ਰਾਪਤ ਹੁੰਦੀ ਹੈ। ਇਸ ਦਾ ਭਾਵ ਇਹ ਹੈ ਕਿ ਸਮਾਜ ਦਾ ਹਰ ਵਿਅਕਤੀ ਇਨ੍ਹਾਂ ਨੂੰ ਮੰਨਦਾ ਹੈ ਅਤੇ ਜਿਹੜਾ ਇਨ੍ਹਾਂ ਨੂੰ ਤੋੜਨ ਮਰੋੜਨ ਦੀ ਕੋਸ਼ਿਸ਼ ਕਰਦਾ ਹੈ ਉਸ ਖਿਲਾਫ ਸਮਾਜਕ ਕਾਰਵਾਈ ਕੀਤੀ ਜਾਂਦੀ ਹੈ। ਹੱਦ ਟੱਪਣ ਤੇ ਉਸ ਨੂੰ ਸਮਾਜ 'ਚੋਂ ਛੇਕ ਦਿੱਤਾ ਜਾਂਦਾ ਹੈ। ਇਹ ਕੋਈ ਪੁਰਾਣੀ ਗੱਲ ਨਹੀ, 20ਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿਚ ਵੀ ਜੇ ਕੋਈ ਲੜਕਾ ਜਾਂ ਲੜਕੀ ਆਪਣੀ ਬਰਾਦਰੀ ਤੋਂ ਬਾਹਰ ਸਮਾਜਕ ਰਵਾਇਤਾਂ ਦੇ ਖਿਲਾਫ਼ ਮਰਜ਼ੀ ਕਰ ਕੇ ਵਿਆਹ/ਸ਼ਾਦੀ ਕਰਦੇ ਹਨ ਤਾਂ ਇਨ੍ਹਾਂ ਨੂੰ ਸਮਾਜ ਵਿਚੋਂ ਛੇਕ ਦਿੱਤਾ ਜਾਂਦਾ ਹੈ। ਸਮਾਜ ਦੇ ਅਜਿਹੇ ਫੈਸਲੇ ਵਿਚ ਮਾਂ-ਪਿਓ ਦੀ ਸਹਿਮਤੀ ਤਾਂ ਹੁੰਦੀ ਹੈ ਪਰ ਜੇ ਉਹ ਬੱਚਿਆਂ ਦੀ ਤਰਫਦਾਰੀ ਕਰਨ ਤਾਂ ਵੀ ਪਿੰਡ ਜਾਂ ਜਾਤਿ ਪੰਚਾਇਤ ਆਪਣੀ ਰਵਾਇਤੀ ਕਾਰਵਾਈ ਕਰ ਦੇਂਦੀ ਹੈ ਜਿਸ ਨੂੰ ਸਾਰਿਆਂ ਨੂੰ ਮੰਨਣਾ ਪੈਂਦਾ ਹੈ। ਸਮੁੱਚੇ ਸਮਾਜ ਦੀ ਇਕਾਈ ਤੋਂ ਲੈ ਕੇ , ਛੋਟੀ ਤੋਂ ਛੋਟੀ ਸੰਸਥਾ ਦੀਆਂ ਆਪਣੀਆਂ ਕਦਰਾਂ ਹੁੰਦੀਆਂ ਹਨ ਇਨ੍ਹਾਂ ਨੂੰ ਮੰਨਣਾ ਅਤੇ ਲਾਗੂ ਕਰਨਾ ਉਸ ਸੰਸਥਾ ਦੇ ਮੈਂਬਰਾਂ ਦਾ ਕਰਤੱਵ ਹੁੰਦਾ ਹੈ। ਇਸ ਕਰਕੇ ਇਨ੍ਹਾਂ ਕਦਰਾਂ ਨੂੰ ਸੰਰਚਨਾਤਮਕ ਮੰਨਿਆ ਗਿਆ ਹੈ ਕਿਉਂਕਿ ਇਨ੍ਹਾਂ ਸਦਕਾ ਹੀ ਉਹ ਸਮਾਜਕ ਸੰਰਚਨਾ ਬਰਕਰਾਰ ਰਹਿੰਦੀ ਹੈ।

### 1.3.3.4 ਸਮਾਜਿਕ ਕੀਮਤਾਂ (Social Values)

ਸਮਾਜਿਕ ਕੀਮਤਾਂ ਸਭਿਆਚਾਰ ਦਾ ਹਿੱਸਾ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਸਮਾਜ ਵਿਚ ਵਿਚਰ ਰਹੇ ਵਿਅਕਤੀ ਇਹ ਫੈਸਲਾ ਕਰਦੇ ਹਨ ਕਿ ਕਿਹੜਾ ਕਾਰਜ ਕਰਨਾ ਚੰਗਾ ਹੈ ਤੇ ਕਿਹੜਾ ਮੰਦਾ। ਕੀਮਤਾਂ ਭਲੇ ਤੇ ਬੁਰੇ ਦੀ ਪਛਾਣ ਦਸਦੀਆਂ ਹਨ। ਇਨ੍ਹਾਂ ਤੇ ਕਦਰਾਂ ਵਿਚ ਨੇੜਲਾ ਸੰਬੰਧ ਵੀ ਹੈ ਅਤੇ ਵਖਰੇਵਾਂ ਵੀ। ਜਦੋਂ ਅਸੀਂ ਕੀਮਤਾਂ ਦੀ ਗੱਲ ਕਰਦੇ ਹਾਂ ਤਾਂ ਕਦਰਾਂ ਵੀ ਨਾਲ ਨਾਲ ਹੀ ਹੁੰਦੀਆਂ ਹਨ। ਇਸੇ ਕਰਕੇ ਅਸੀਂ ਕਦਰਾਂ-ਕੀਮਤਾਂ ਦੀ ਗੱਲ ਕਰਦੇ ਹਾਂ। ਪਰ ਦੋਨਾਂ ਵਿਚ ਫਰਕ ਵੀ ਹੈ। ਕਦਰਾਂ ਸੰਰਚਨਾ ਦਾ ਹਿੱਸਾ ਹੁੰਦੀਆਂ ਹਨ ਅਤੇ ਆਮ ਤੌਰ ਤੇ ਇਕ ਆਦੇਸ਼ ਦੇ ਰੂਪ ਵਿਚ ਹੁੰਦੀਆਂ ਹਨ ਜਦੋਂ ਕਿ ਕੀਮਤਾਂ ਸਭਿਆਚਾਰ ਦਾ ਅੰਗ ਹਨ ਅਤੇ ਵਿਅਕਤੀ ਨੂੰ ਦੋ ਰਾਹਾਂ ਵਿਚੋਂ ਇਕ ਨੂੰ ਚੁਣਨ ਲਈ ਪ੍ਰੇਰਦੀਆਂ ਹਨ। ਉਦਾਹਰਣ ਦੇ ਤੌਰ ਤੇ ਜੇ ਇਹ ਕਹੀਏ ਕਿ ਅੰਤਰ ਜਾਤੀ ਵਿਆਹ ਨਹੀਂ ਹੋਵੇਗਾ ਤਾਂ ਇਹ ਉਸ ਸਮੁਦਾਇ ਦੀਆਂ ਕਦਰਾਂ ਵਿਚੋਂ ਇਕ ਹੈ। ਪਰੰਤੂ ਵਿਆਹ ਅਮੀਰ ਨਾਲ ਹੋਵੇ ਜਾਂ ਗਰੀਬ ਨਾਲ, ਲੰਮੀ ਨਾਲ ਹੋਵੇ ਕਿ ਮਧਰੀ ਨਾਲ, ਇਹ ਵਿਅਕਤੀ ਦੀਆਂ ਕੀਮਤਾਂ ਨਾਲ ਸੰਬੰਧਤ ਹੈ। ਸਭਿਆ ਸਮਾਜ ਵਿਚ ਕਪੜੇ ਹਰ ਪ੍ਰਾਣੀ ਨੇ ਪਹਿਨਣੇ ਹਨ ਇਹ ਕਦਰਾਂ ਨੇ ਤਹਿ ਕੀਤਾ ਹੈ ਪਰ ਕਿਹੋ ਜਿਹੇ, ਇਹ ਫੈਸਲਾ ਕੀਮਤਾਂ ਨੇ ਕਰਨਾ ਹੈ।

### 1.3.4 ਸਮਾਜਿਕ ਸੰਰਚਨਾ ਅਤੇ ਸਮਾਜਕ ਤਬਦੀਲੀ

ਉਪਰੋਕਤ ਚਰਚਾ ਨੂੰ ਪੜ੍ਹਦੇ-ਸੁਣਦੇ ਕੋਈ ਪਾਠਕ ਇਹ ਨਿਸ਼ਕਰਸ਼ ਕੱਢ ਸਕਦਾ ਹੈ ਕਿ ਸੰਰਚਨਾ ਦਾ ਅਰਥ ਤਾਂ ਕੇਵਲ ਸਥਾਈ ਪੁਣਾ ਹੀ ਹੈ ਜੋ ਅਟਲ ਹੈ। ਪਰ ਇਹ ਦਰੁਸਤ ਨਹੀਂ ਕਿਉਂਕਿ

ਸੰਰਚਨਾ ਵਿਚ ਵੀ ਤਬਦੀਲੀ ਓਨੀ ਹੀ ਜ਼ਰੂਰੀ ਹੈ ਜਿੰਨ੍ਹੀ ਕਿਸੇ ਜੀਵਤ ਵਸਤੂ ਵਿਚ। ਇਹ ਗੱਲ ਠੀਕ ਹੈ ਕਿ ਸੰਰਚਨਾ ਮੁਢਲੇ (basic), ਸਥਾਈ ਅਤੇ ਪੱਕੇ ਰਿਸ਼ਤਿਆਂ ਨੂੰ ਕਹਿੰਦੇ ਹਨ, ਪਰ ਹਰ ਸੰਰਚਨਾ ਵਿਚ ਆਪਸੀ ਤੱਤਾਂ ਦਾ ਵਿਰੋਧ ਜਾਂ ਦਵੰਦ ਹੁੰਦਾ ਹੈ ਜਿਹੜਾ ਉਸ ਸੰਰਚਨਾ ਵਿਚ ਤਬਦੀਲੀ ਲਿਆਉਣ ਦਾ ਕਾਰਣ ਬਣਦਾ ਹੈ। ਇਹ ਤਬਦੀਲੀ ਆਂਤਰਿਕ ਜਾਂ ਬਾਹਰੀ ਕਾਰਣਾਂ ਕਰਕੇ ਹੋ ਸਕਦੀ ਹੈ। ਉਪਰ ਦੱਸੀ ਗਈ ਕਿਸਮ ਆਂਤਰਿਕ ਹੈ। ਜਿਵੇਂ ਕਾਰਲ ਮਾਰਕਸ ਦਸਦਾ ਹੈ ਕਿ ਪੂੰਜੀਵਾਦ ਵਿਚ ਕ੍ਰਾਂਤੀ ਬੁਰਜ਼ਵਾਦੀ ਅਤੇ ਪ੍ਰੋਲਤਾਰੀ ਦੇ ਆਪਸੀ ਦਵੰਦਾਂ ਤੇ ਸੰਘਰਸ਼ ਕਰਕੇ ਹੋਵੇਗੀ। ਅਜਿਹੀ ਕ੍ਰਾਂਤੀ ਵਿਚ ਬਾਹਰੀ ਕਾਰਕਾਂ ਦਾ ਇਨ੍ਹਾਂ ਮਹੱਤਵ ਨਹੀਂ ਜਿੰਨਾਂ ਇਨ੍ਹਾਂ ਦੋਨਾਂ ਜਮਾਤਾਂ ਦੇ ਆਪਸੀ ਦਵੰਦ ਦਾ।

ਦੂਸਰੀ ਕਿਸਮ ਦੀ ਤਬਦੀਲੀ ਬਾਹਰੀ ਕਾਰਣਾਂ ਕਰਕੇ ਹੁੰਦੀ ਹੈ। ਇਹ ਸਮਾਜਕ ਸੰਰਚਨਾ ਨੂੰ ਜੜੋਂ ਨਹੀਂ ਹਿਲਾਉਂਦੀ ਬਲਕਿ ਹੌਲੀ ਹੌਲੀ ਬਹੁਤ ਲੰਮੇ ਸਮੇਂ ਅੰਦਰ ਬਦਲਾਓ ਦੇ ਲੱਛਣ ਪੈਦਾ ਕਰਦੀ ਹੈ। ਇਹ ਕਾਰਣ ਸਮਾਜਾਂ ਦੀ ਆਪਸੀ ਸਾਂਝ ਜਾਂ ਟਕਰਾਅ ਤੋਂ ਪੈਦਾ ਹੁੰਦੇ ਹਨ। ਜੇ ਅਸੀਂ ਪੰਜਾਬ ਦਾ ਇਤਿਹਾਸ ਵੇਖੀਏ ਤਾਂ ਪਤਾ ਚਲੇਗਾ ਕਿ ਸਿਕੰਦਰ-ਏ-ਆਜ਼ਮ ਤੋਂ ਲੈ ਕੇ ਅੰਗਰੇਜ਼ਾਂ ਤੱਕ ਜਿਨ੍ਹੇ ਹਮਲਾਵਰ ਆਏ ਉਹ ਆਪਣੇ ਅਸਰ ਸਾਡੇ 'ਤੇ ਛੱਡ ਕੇ ਗਏ। ਇਹੀ ਕਾਰਣ ਹੈ ਕਿ ਜਿਨ੍ਹੀ ਭਿੰਨਤਾ ਪੰਜਾਬੀ ਸਮਾਜ ਵਿਚ ਮਿਲਦੀ ਹੈ ਉਹ ਹੋਰ ਕਿਧਰੇ ਵੀ ਨਹੀਂ, ਸਿੱਖ ਧਰਮ ਜਿਸ ਦੀ 300 ਸਾਲਾ ਸਥਾਪਨਾ ਅਸੀਂ ਹੁਣੇ ਹੀ ਮਨਾ ਕੇ ਚੁੱਕੇ ਹਾਂ ਉਹ ਹਿੰਦੂ ਅਤੇ ਇਸਲਾਮ ਧਰਮ ਦੇ ਸੁਮੇਲ ਵਿਚੋਂ ਹੀ ਨਿਕਲਿਆ ਹੈ। ਬੁੱਧ ਧਰਮ ਅਤੇ ਹੋਰ ਸਥਾਨਕ ਰੀਤੀ-ਰਿਵਾਜ਼ਾਂ ਦਾ ਅਸਰ ਵੀ ਸਾਫ ਦਿਖਾਈ ਦਿੰਦਾ ਹੈ। ਪੰਜਾਬੀ ਸਮਾਜ ਦੀ ਸੰਰਚਨਾ ਉਤੇ ਇਹ ਸਿੱਖ ਧਰਮ ਦਾ ਹੀ ਅਸਰ ਹੈ ਕਿ ਜਾਤਿ-ਪ੍ਰਥਾ ਕਮਜ਼ੋਰ ਹੋਈ ਹੈ। ਅੱਜ-ਕੱਲ ਸੂਚਨਾ ਤੇ ਸੰਚਾਰ ਟੈਕਨੋਲੋਜੀ ਵਿਚ ਜੋ ਕ੍ਰਾਂਤੀ ਹੋਈ ਹੈ ਉਸ ਨੇ ਸਾਡੇ ਸਮਾਜ ਤੇ ਪੱਛਮੀ ਸਭਿਅਤਾ ਤੇ ਜੋ ਅਸਰ ਪਾਇਆ ਹੈ ਉਹ ਸਾਫ ਦਿਖਾਈ ਦੇ ਰਿਹਾ ਹੈ। ਸਾਡੇ ਪੁਰਾਣੇ ਰੀਤੀ-ਰਵਾਜ, ਰਿਸ਼ਤੇ-ਨਾਤੇ ਸਾਰੇ ਹੀ ਪੱਛਮੀਕਰਣ ਦੀ ਲਪੇਟ ਵਿਚ ਆ ਰਹੇ ਹਨ ਜਿਸ ਨਾਲ ਸਮਾਜਕ ਸੰਰਚਨਾ ਵਿਚ ਵੀ ਤਬਦੀਲੀ ਆ ਰਹੀ ਹੈ।

**ਅਪਣਾ ਗਿਆਨ ਪਰਖੋ :**

(1) ਸੰਰਚਨਾ ਤੋ ਕੀ ਭਾਵ ਹੈ ?

___

___

(2) ਸੰਰਚਨਾ ਦਾ ਸੰਕਲਪ ਕਿਸ ਸਮਾਜ ਵਿਗਿਆਨੀ ਦੀ ਦੇਣ ਹੈ ਅਤੇ ਉਸਨੇ ਇਸਦਾ ਕਿਥੇ ਇਸਤੇਮਾਲ ਕੀਤਾ?

___

___

(3) ਸਮਾਜਿਕ ਸੰਰਚਨਾ ਦੇ ਤੱਤਾਂ ਦੇ ਨਾਂ ਦਿਉ।

(4) ਕੀ ਸਮਾਜਿਕ ਸੰਰਚਨਾ ਵਿਚ ਵੀ ਤਬਦੀਲੀ ਹੁੰਦੀ ਹੈ? ਕਿਵੇਂ?

### 1.3.5 ਸਮਾਜਿਕ ਸੰਰਚਨਾ ਦੀਆਂ ਵਿਸ਼ੇਸ਼ਤਾਈਆਂ

#### 1.3.5.1 ਸਮਾਜਿਕ ਸੰਰਚਨਾ ਸਮਾਜ ਦੇ ਵੱਖ ਵੱਖ ਹਿੱਸਿਆਂ ਦੀ ਆਪਸੀ ਅੰਤਰ-ਸੰਬਧਤਾ ਦੀ ਉਪਜ ਹੈ।

ਸਮਾਜ ਦੇ ਵੱਖ-ਵੱਖ ਹਿੱਸਿਆਂ ਦੀ ਅੰਤਰ-ਸਬੰਧਤਾ ਦੇ ਪ੍ਰਤੀਮਾਨ ਠੋਸ ਜਾਂ ਸਥੂਲ ਨਹੀਂ ਹੁੰਦੇ ਜਿਨ੍ਹਾਂ ਦੇ ਅਕਾਰ ਨੂੰ ਵੇਖਿਆ ਜਾ ਸਕੇ। ਸਮਾਜ ਸੰਰਚਨਾ ਸਮਾਜਕ ਸੰਸਥਾਵਾਂ, ਏਜੰਸੀਆਂ, ਪ੍ਰਤੀਮਾਨਾਂ ਦੀ ਇਕ ਤਰਤੀਬਵੱਧ ਵਿਵਸਥਾ ਹੈ। ਸਮਾਜਕ ਸੰਸਥਾਵਾਂ, ਏਜੰਸੀਆਂ ਅਤੇ ਪ੍ਰਤੀਮਾਨਾਂ ਦਾ ਕੋਈ ਸਰੂਪ ਨਹੀਂ ਹੁੰਦਾ। ਮੈਕਾਈਵਰ ਦੇ ਮੁਤਾਬਕ ਜਿਸ ਤਰ੍ਹਾਂ ਅਸੀਂ ਸਮਾਜ ਨੂੰ ਨਹੀਂ ਵੇਖ ਸਕਦੇ ਕਿਉਂਕਿ ਸਮਾਜ, ਸਮਾਜਕ ਸੰਬੰਧਾਂ ਰਾਹੀਂ ਹੋਂਦ ਵਿਚ ਆਉਂਦਾ ਹੈ। ਉਸੇ ਤਰ੍ਹਾਂ ਅਸੀਂ ਸਮਾਜ ਨੂੰ ਨਹੀਂ ਵੇ ਖ ਸਕਦੇ ਕਿਉਂਕਿ ਸਮਾਜ, ਸਮਾਜਕ ਸੰਬੰਧਾਂ ਰਾਹੀਂ ਹੋਂਦ ਵਿਚ ਆਉਂਦਾ ਹੈ। ਉਸੇ ਤਰ੍ਹਾਂ ਸਮਾਜਕ ਸੰਰਚਨਾ ਵੀ ਇਕ ਅਮੂਰਤ ਧਾਰਨਾ ਹੈ। ਅਸੀਂ ਸਮਾਜਕ ਸੰਰਚਨਾ ਦੇ ਸਿਰਫ ਬਾਹਰੀ ਹਿੱਸੀਆਂ ਨੂੰ ਹੀ ਵੇਖ ਸਕਦੇ ਹਾਂ ਪ੍ਰੰਤੂ ਜਿਸ ਤਰਤੀਬ ਜਾਂ ਨਿਯਮ ਵਿਚ ਇਹ ਕਾਰਜ ਕਰਦੇ ਹਨ ਉਸ ਨੂੰ ਵੇ ਖਿਆ ਨਹੀਂ ਜਾ ਸਕਦਾ। ਉਦਾਹਰਣ ਵਜੋਂ ਅਸੀਂ ਪਿੰਡ, ਸ਼ਹਿਰ, ਪਰਿਵਾਰ, ਜਾਤ ਆਦਿ ਦੇ ਸਿਰਫ ਬਾਹਰੀ ਪੱਖ ਹੀ ਵੇਖਦੇ ਹਾਂ ਪਰੰਤੂ ਇਨ੍ਹਾਂ ਦੀ ਅੰਤਰ ਸਬੰਧਤਾ ਨੂੰ ਸ਼ਕਲ/ਰੂਪ ਵਿਚ ਨਹੀਂ ਵੇਖ ਸਕਦੇ।

#### 1.3.5.2 ਹਰ ਸਮਾਜ ਦੀ ਆਪਣੀ ਸੰਰਚਨਾ ਹੁੰਦੀ ਹੈ

ਵੱਖ-ਵੱਖ ਸਮਾਜਾਂ ਦੇ ਵਖਰੇਵੇਂ ਉਨ੍ਹਾਂ ਦੀ ਵੱਖਰੀ-ਵੱਖਰੀ ਸੰਰਚਨਾ ਕਰਕੇ ਹੁੰਦੇ ਹਨ ਸਾਰੇ ਸਮਾਜਾਂ ਦੀ ਸੰਰਚਨਾ ਦਾ ਸਰੂਪ ਇਕੋ ਜਿਹਾ ਨਹੀਂ ਹੁੰਦਾ। ਸਮਾਜ ਦੇ ਵੱਖ-ਵੱਖ ਹਿੱਸਿਆਂ ਦੀ ਇਕ ਤਰਤੀਬਵੱਧ ਕਾਰਜਸ਼ੀਲਤਾ ਸੰਰਚਨਾ ਦਾ ਆਧਾਰ ਹੈ ਹਰ ਸਮਾਜ ਦੇ ਹਿੱਸੇ ਅਤੇ ਉਨ੍ਹਾਂ ਵਿਚ ਪਾਏ ਜਾਂਦੇ ਸਮਾਜਕ ਸੰਬੰਧ ਇਕੋ ਜਿਹੇ ਨਹੀਂ ਹੁੰਦੇ ਕਿਉਂਕਿ ਸਮਾਜ ਦੇ ਵੱਖ-ਵੱਖ ਹਿੱਸਿਆਂ ਦੇ ਨਿਯਮ ਵੱਖ-ਵੱਖ ਹੁੰਦੇ ਹਨ। ਸਮਾਜ ਆਪਣੀਆਂ ਸਮਾਜਕ, ਜੀਵ-ਵਿਗਿਆਨਕ ਲੋੜਾਂ ਵਿਚੋਂ ਇਨ੍ਹਾਂ ਨਿਯਮਾਂ ਦਾ ਨਿਰਮਾਣ ਕਰਦੇ ਹਨ ਜਿਹੋ ਜਿਹੀਆਂ ਸਮਾਜਕ ਅਤੇ ਕੁਦਰਤੀ ਹਾਲਤਾਂ ਹੋਣਗੀਆਂ ਉਨ੍ਹਾਂ ਦਾ

ਸਮਾਜਕ ਨਿਯਮਾਂ ਉਤੇ ਅਸਰ ਪੈਣਾ ਸੁਭਾਵਿਕ ਹੈ। ਇਸ ਕਰਕੇ ਦੁਨੀਆਂ ਭਰ ਦੇ ਸਮਾਜਾਂ ਦੀਆਂ ਸੰਰਚਨਾਵਾਂ ਵੱਖ-ਵੱਖ ਹਨ ਪ੍ਰੰਤੂ ਕੋਈ ਵੀ ਸਮਾਜ ਸੰਰਚਨਾ ਤੋਂ ਬਿਨਾਂ ਨਹੀਂ ਹੁੰਦਾ।

### 1.3.5.3 ਸਮਾਜਿਕ ਸੰਰਚਨਾ ਸਮਾਜ ਦੇ ਬਾਹਰੀ ਰੂਪ ਨੂੰ ਪ੍ਰਗਟ ਕਰਦੀ ਹੈ

ਸਮਾਜਿਕ ਸੰਰਚਨਾ ਇਕ ਤਰ੍ਹਾਂ ਦਾ ਸਮਾਜਕ ਢਾਂਚਾ ਹੁੰਦਾ ਹੈ ਜਿਸ ਵਿਚ ਇਸ ਦੇ ਨਿਰਮਾਣ ਕਰਨ ਵਾਲੀਆਂ ਇਕਾਈਆਂ/ਹਿੱਸਿਆਂ ਵਿਚ ਕਰਮਬੱਧਤਾ ਪਾਈ ਜਾਂਦੀ ਹੈ। ਜਿਵੇਂ ਅਸੀਂ ਮਨੁੱਖੀ ਜੀਵਨ ਸਰੀਰ ਦੀ ਮਿਸਾਲ ਲੈ ਸਕਦੇ ਹਾਂ ਸਰੀਰ ਦੀ ਸੰਰਚਨਾ ਦਾ ਭਾਵ ਇਸ ਦੇ ਨਿਰਮਾਣ ਕਰਨ ਵਾਲੇ ਹਿੱਸਿਆਂ ਦੀ ਤਰਤੀਬ ਹੈ ਨਾ ਕਿ ਉਨ੍ਹਾਂ ਦੇ ਕੰਮ ਕਰਨ ਦੀ ਵਿਧੀ। ਮਨੁੱਖੀ ਸਰੀਰ ਦੇ ਵੱਖ-ਵੱਖ ਅੰਗ ਸਿਰ, ਹੱਥ, ਪੈਰ, ਪੇਟ, ਹੱਡੀਆਂ ਆਦਿ ਇਕ ਵਿਸ਼ੇਸ਼ ਤਰਤੀਬ ਵਿਚ ਜੁੜ ਕੇ ਸਰੀਰ ਦਾ ਨਿਰਮਾਣ ਕਰਕੇ ਹਨ। ਇਸ ਪ੍ਰਕਾਰ ਸਮਾਜ ਦੇ ਵੱਖ-ਵੱਖ ਹਿੱਸੇ ਆਪਸ ਵਿਚ ਜੁੜ ਕੇ ਸਮਾਜਿਕ ਸੰਰਚਨਾ ਦਾ ਨਿਰਮਾਣ ਕਰਦੇ ਹਨ ਜੋ ਬਾਹਰੀ ਰੂਪ ਨੂੰ ਪ੍ਰਗਟ ਕਰਦੀ ਹੈ। ਸਮਾਜ ਦੇ ਹਿੱਸਿਆਂ ਦੀ ਕਰਮਬੱਧਤਾ ਜਾਂ ਇਸ ਦੀ ਸੰਰਚਨਾ ਦਾ ਸਾਨੂੰ ਬਾਹਰੀ ਤੌਰ ਤੇ ਗਿਆਨ ਨਹੀਂ ਹੁੰਦਾ ਸਿਰਫ ਅਸੀਂ ਸਮਾਜ ਦੇ ਬਾਹਰੀ ਪੱਖ ਨੂੰ ਵੇਖਦੇ ਹਾਂ।

### 1.3.5.4 ਸਮਾਜਿਕ ਸੰਰਚਨਾ ਵਿਚ ਉਪ-ਸੰਰਚਨਾਵਾਂ ਹੁੰਦੀਆਂ ਹਨ

ਸਮਾਜਕ ਸੰਰਚਨਾ ਉਪ ਸੰਰਚਨਾਵਾਂ ਤੋਂ ਮਿਲ ਕੇ ਬਣਦੀ ਹੈ ਅਤੇ ਉਪ ਸੰਰਚਨਾ ਅੱਗੋਂ ਫਿਰ ਹੋਰ ਅਨੇਕਾਂ ਉਪ ਸੰਰਚਨਾਵਾਂ ਵਿਚ ਵੰਡੀ ਹੁੰਦੀ ਹੈ। ਵੱਖ-ਵੱਖ ਸੰਰਚਨਾਵਾਂ ਇਕ ਤਰਤੀਬ ਵਿਚ ਜਾਂ ਕ੍ਰਮ ਅਨੁਸਾਰ ਇਕ ਦੂਸਰੀ ਨਾਲ ਜੁੜੀਆਂ ਹੁੰਦੀਆਂ ਹਨ। ਉਦਾਹਰਣ ਵਜੋਂ ਇਕ ਸਮਾਜ ਦੀ ਆਰਥਕਤਾ ਅਗੋਂ ਹੋਰ ਆਰਥਕ ਸੰਰਚਨਾਵਾਂ ਵਿਚ ਵੰਡੀ ਹੁੰਦੀ ਹੈ। ਇਕ ਸਮਾਜਕ ਸੰਰਚਨਾ ਵਿਚ ਆਰਥਕ, ਰਾਜਨੀਤਕ, ਸਮਾਜਕ ਸਭਿਆਚਰਕ ਅਨੇਕਾਂ ਪ੍ਰਕਾਰ ਦੀਆਂ ਉਪ ਸੰਰਚਨਾਵਾਂ ਕਾਰਜਸ਼ੀਲ ਹੁੰਦੀਆਂ ਹਨ। ਜਿਵੇਂ ਸਮਾਜਕ ਪੱਖ ਤੋਂ ਵਿਆਹ, ਪਰਿਵਾਰ, ਰਿਸ਼ਤੇਦਾਰੀ ਦੀਆਂ ਆਪਣੀਆਂ ਉਪ ਸੰਰਚਨਾਵਾਂ ਵੀ ਹੁੰਦੀਆਂ ਹਨ।

### 1.3.5.5 ਹਿਸਿਆਂ ਦੀ ਕਰਮਬੱਧਤਾ

ਸਮਾਜਕ ਸੰਰਚਨਾ ਦੇ ਅੰਗ ਇਧਰ-ਉਧਰ ਬਿਖਰੇ ਹੋਏ ਜਾਂ ਉਘੜੇ ਦੁਗੜੇ ਨਹੀਂ ਹੁੰਦੇ ਸਗੋਂ ਇਨ੍ਹਾਂ ਵਿਚਕਾਰ ਆਪਸੀ ਵਿਵਸਥਿਤ ਸੰਬੰਧ ਪਾਏ ਜਾਂਦੇ ਹਨ। ਇਹ ਇਕ ਤਰ੍ਹਾਂ ਨਾਲ ਵੱਖ-ਵੱਖ ਅੰਗਾਂ ਦੀ ਕਰਮਬੱਧਤਾ ਹੁੰਦੀ ਹੈ। ਇਹ ਅੰਗ ਇਕ ਨਿਸ਼ਚਤ ਰੂਪ ਵਿਚ ਜੁੜੇ ਹੋਏ ਹੁੰਦੇ ਹਨ ਸਮਾਜਕ ਸੰਰਚਨਾ ਦੇ ਵੱਖ-ਵੱਖ ਅੰਗਾਂ/ਹਿਸਿਆਂ ਵਿਚ ਤਬਦੀਲੀ ਇਨ੍ਹਾਂ ਦੇ ਸੁਭਾਅ ਮੁਤਾਬਕ ਆਉਂਦੀ ਰਹਿੰਦੀ ਹੈ। ਇਨ੍ਹਾਂ ਅੰਗਾਂ ਵਿਚ ਤਬਦੀਲੀ ਆਉਣ ਦੇ ਨਾਲ ਸੰਰਚਨਾ ਦਾ ਰੂਪ ਬਦਲਦਾ ਹੈ। ਸੰਰਚਨਾ ਦੇ ਨਵੇਂ ਰੂਪ ਮੁਤਾਬਕ ਨਵੀਂ ਕਰਮਬੱਧਤਾ ਪੈਦਾ ਹੋ ਜਾਂਦੀ ਹੈ। ਕਰਮਬੱਧਤਾ ਤੋਂ ਬਿਨਾਂ ਸਮਾਜਕ ਸੰਰਚਨਾ ਦੀ ਹੋਂਦ ਨਹੀ ਹੁੰਦੀ।

### 1.3.5.6 ਸੰਰਚਨਾ ਦੇ ਹਰ ਅੰਗ ਦਾ ਆਪਣਾ ਵਿਸ਼ੇਸ਼ ਸਥਾਨ ਹੁੰਦਾ ਹੈ

ਸਮਾਜਕ ਸੰਰਚਨਾ ਦਾ ਹਰ ਅੰਗ/ਇਕਾਈ ਆਪੋ-ਆਪਣਾ ਕਾਰਜ ਕਰਦੀ ਹੈ। ਇਕ ਅੰਗ ਦੀ ਜਗ੍ਹਾ ਕੋਈ ਦੂਸਰਾ ਅੰਗ ਨਹੀਂ ਲੈ ਸਕਦਾ। ਸੰਰਚਨਾ ਦੇ ਹਿਸੇ ਭਾਵੇਂ ਸੰਰਚਨਾ ਵਿਚ ਹੀ ਕਾਰਜ ਕਰਦੇ ਹਨ ਪਰੰਤੂ ਹਰ ਹਿਸੇ ਦੀ ਆਪਸੀ ਇਕ ਆਜਾਦ ਹੋਂਦ ਵੀ ਹੁੰਦੀ ਹੈ। ਜਿਵੇਂ ਸੰਰਚਨਾ ਦੇ ਅੰਗਾਂ ਦੀ ਹੋਂਦ ਸੰਰਚਨਾ ਨਾਲ ਜੁੜੀ ਹੁੰਦੀ ਹੈ ਠੀਕ ਉਸੇ ਤਰ੍ਹਾਂ ਸੰਰਚਨਾ ਵੀ ਵੱਖ-ਵੱਖ

ਅੰਗਾਂ ਤੋਂ ਮਿਲ ਕੇ ਬਣਦੀ ਹੈ। ਸੰਰਚਨਾ ਦਾ ਜੇਕਰ ਇਕ ਹਿੱਸਾ ਵੀ ਕਾਰਜ ਨਹੀਂ ਕਰਦਾ ਤਾਂ ਇਸ ਨਾਲ ਸੰਰਚਨਾ ਬਣਤਰ ਵਿਚ ਸਰੀਰ ਦੇ ਵੱਖ-ਵੱਖ ਅੰਗ ਪ੍ਰਭਾਵਿਤ ਹੁੰਦੇ ਹਨ। ਉਦਾਹਰਣ ਵਜੋਂ ਮਨੁੱਖੀ ਸਰੀਰਕ ਬਣਤਰ ਵਿਚ ਸਰੀਰ ਦੇ ਵੱਖ-ਵੱਖ ਅੰਗ ਸਰੀਰ ਨਾਲ ਜੁੜ ਕੇ ਆਪਣੀ ਭੂਮਿਕਾ ਨਿਭਾਉਂਦੇ ਹਨ। ਸਰੀਰ ਤੋਂ ਅਲੱਗ ਹੋ ਕੇ ਅੰਗਾਂ ਦੀ ਹੋਂਦ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਇਸ ਤਰ੍ਹਾਂ ਸਰੀਰ ਦਾ ਜੇਕਰ ਇਕ ਅੰਗ ਸਹੀ ਤਰੀਕੇ ਨਾਲ ਕਾਰਜ ਨਾ ਕਰੇ ਤਾਂ ਇਸ ਨਾਲ ਸਰੀਰ ਦੀ ਸੰਰਚਨਾ ਪ੍ਰਭਾਵਿਤ ਹੁੰਦੀ ਹੈ। ਇਸ ਪ੍ਰਕਾਰ ਸਮਾਜਕ ਸੰਰਚਨਾ ਵਿਚ ਜੇ ਕਰ ਸਮਾਜ ਦੀ ਆਰਥਕਤਾ ਵਿਗੜ ਜਾਵੇ ਭਾਂਵੇ ਆਰਥਕਤਾ ਲੋਕਾਂ ਦੀਆਂ ਆਰਥਕ ਜ਼ਰੂਰਤਾਂ ਪੂਰੀਆਂ ਕਰਨ ਦੇ ਸਮਰਥ ਨਾ ਰਹੇ ਤਾਂ ਇਸ ਦਾ ਪ੍ਰਭਾਵ ਸਮਾਜਕ ਸੰਰਚਨਾ ਦੇ ਦੂਸਰੇ ਅੰਗਾਂ 'ਤੇ ਪੈਂਦਾ ਹੈ।

### 1.3.5.7 ਸਮਾਜਕ ਸੰਰਚਨਾ ਇਕ ਸਥਾਈ ਧਾਰਨਾ ਹੈ

ਲਗਭਗ ਸਾਰੇ ਸਮਾਜ ਵਿਗਿਆਨੀਆਂ ਅਤੇ ਮਾਨਵ ਵਿਗਿਆਨੀਆਂ ਨੇ ਸਮਾਜਕ ਸੰਰਚਨਾ ਦੀ ਇਕ ਸਥਾਈ ਧਾਰਨਾ ਦੇ ਤੌਰ 'ਤੇ ਵਿਆਖਿਆ ਕੀਤੀ ਹੈ। ਸਾਡੇ ਕਹਿਣ ਦਾ ਭਾਵ ਇਹ ਕਿ ਸਮਾਜਕ ਸੰਰਚਨਾ ਦਾ ਨਿਰਮਾਣ ਕਰਨ ਵਾਲੇ ਇਸ ਦੇ ਵੱਖ-ਵੱਖ ਹਿੱਸਿਆਂ ਨੂੰ ਕੋਈ ਵਿਅਕਤੀ ਵਿਸ਼ੇਸ਼ ਨਹੀਂ ਉਸਾਰਦਾ ਸਗੋਂ ਇਨ੍ਹਾਂ ਦੀ ਹੋਂਦ ਵਿਅਕਤੀ ਤੋਂ ਪਹਿਲਾਂ ਹੀ ਹੁੰਦੀ ਹੈ। ਸਮਾਜਕ ਸੰਰਚਨਾ ਦੀ ਹੋਂਦ ਇਕ ਤਰੀਕੇ ਨਾਲ ਸਦੀਵੀ ਹੈ।ਜਦੋਂ ਤੱਕ ਸਮਾਜ ਹੈ, ਉਦੋ ਤੱਕ ਸੰਰਚਨਾ ਰਹੇਗੀ ਕਿਉਂਕਿ ਇਕੱਲਾ ਮਨੁੱਖ ਆਪਣੀਆਂ ਹਰ ਤਰ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦਾ। ਇਥੋਂ ਤੱਕ ਕਿ ਮਨੁੱਖ ਇਕ ਸਮਾਜਕ ਜੀਵ ਅੰਤਰ-ਕਿਰਿਆ ਰਾਹੀਂ ਬਣਦਾ ਹੈ ਜਿਸ ਲਈ ਉਸ ਨੂੰ ਦੂਸਰਿਆਂ ਦੇ ਸਹਾਰੇ ਦੀ ਜ਼ਰੂਰਤ ਪੈਂਦੀ ਹੈ।ਇਹ ਸਹਾਰਾ ਸਮਾਜਕ ਸੰਰਚਨਾ ਦੇ ਨਿਰਮਾਣ ਦੀ ਲੋੜ ਬਣਦਾ ਹੈ। ਇਹ ਸਪਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਸਮਾਜਕ ਸੰਰਚਨਾ ਸਦੀਵੀਂ ਹੁੰਦੀ ਹੈ ਤਾਂ ਇਸ ਦਾ ਕਦਾਚਿਤ ਇਹ ਮਤਲਬ ਨਹੀਂ ਕਿ ਸੰਰਚਨਾ ਵਿਚ ਤਬਦੀਲੀ ਨਹੀਂ ਆਉਂਦੀ ਸਮਾਜਕ ਸੰਰਚਨਾ ਵਿਚ ਤਬਦੀਲੀ ਇਸ ਦੇ ਅੰਗਾਂ ਵਿਚ ਤਬਦੀਲੀ ਆਉਣ ਨਾਲ ਅਵੱਸ਼ ਆਉਂਦੀ ਹੈ ਸਮਾਜਕ ਸੰਰਚਨਾ ਦੇ ਸਮੁਚੇ ਅੰਗਾਂ ਵਿਚ ਤਬਦੀਲੀ ਇਸ ਵਿਚ ਤਬਦੀਲੀ ਲਿਆਉਂਦੀ ਹੈ। ਸਾਡੇ ਕਹਿਣ ਦਾ ਇਥੇ ਭਾਵ ਹੈ ਕਿ ਹਰ ਪ੍ਰਕਾਰ ਦੇ ਸਮਾਜਾਂ ਵਿਚ ਸੰਰਚਨਾ ਹੁੰਦੀ ਹੈ। ਸੰਰਚਨਾ ਤੋਂ ਬਿਨਾਂ ਸਮਾਜ ਦੀ ਹੋਂਦ ਨਹੀਂ ਹੁੰਦੀ।

ਇਸ ਪਾਠ ਦੇ ਅਧਿਐਨ ਤੋਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਸਮਾਜਕ ਸੰਰਚਨਾ ਤੋਂ ਭਾਵ ਸਮਾਜ ਦੇ ਵੱਖ-ਵੱਖ ਹਿੱਸਿਆਂ ਦਾ ਆਪਸ ਵਿਚ ਇਕ ਤਰਤੀਬ ਵਿਚ ਜੁੜ ਕੇ ਕਾਰਜ ਕਰਨਾ ਹੈ। ਸਮਾਜਕ ਸੰਰਚਨਾ ਜਿਥੇ ਸਮਾਜ ਵਿਗਿਆਨ ਸਾਹਿਤ ਵਿਚ ਇਕ ਮਹੱਤਵਪੂਰਨ ਧਾਰਨਾ ਹੈ ਉਥੇ ਇਹ ਸਮਾਜਕ ਵਰਤਾਰਿਆਂ ਨੂੰ ਸਮਝਣ ਦੀ ਇਕ ਵਿਧੀ ਵੀ ਹੈ। ਸਮਾਜਕ ਸੰਰਚਨਾ ਦੀ ਧਾਰਨਾ ਤੋਂ ਅੱਗੇ ਅਸੀਂ ਸੰਰਚਨਾਵਾਦ ਅਤੇ ਸੰਰਚਨਾਤਮਕ-ਕਿਰਿਆਤਮਕ (structural-functional) ਪਹੁੰਚ ਨੂੰ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਾਂ।

### 1.3.6 ਸਾਰ

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਮਾਜਿਕ ਸੰਰਚਨਾ ਕਿਸਨੂੰ ਆਖਦੇ ਹਨ ਅਤੇ ਵੱਖ ਵੱਖ ਸਮਾਜ ਵਿਗਿਆਨੀਆਂ ਅਤੇ ਮਾਨਵ ਵਿਗਿਆਨੀਆਂ ਨੇ ਇਸਨੂੰ ਕਿਵੇਂ ਬਿਆਨ ਕੀਤਾ ਹੈ। ਬੇਸ਼ਕ ਸਮਾਜ ਦੀ ਸੰਰਚਨਾ ਬਾਰੇ ਇਨ੍ਹਾਂ ਲੋਕਾਂ ਦੇ ਵਿਚਾਰਾਂ ਵਿਚ ਮੱਤ-ਭੇਦ ਪਾਏ ਜਾਂਦੇ ਹਨ ਪਰ

ਇਕ ਮੱਤ ਤੇ ਇਹਨਾਂ ਸਭ ਦੀ ਸਹਿਮਤੀ ਹੈ ਕਿ ਸਮਾਜ ਕੋਈ ਅਖੰਡ ਵਿਵਸਥਾ ਨਹੀਂ। ਅਨੇਕਾਂ ਛੋਟੇ ਛੋਟੇ ਅੰਗਾਂ ਅਤੇ ਇਕਾਈਆਂ ਨੂੰ ਮਿਲਾਕੇ ਸਮਾਜ ਬਣਦਾ ਹੈ। ਇਹ ਇਕਾਈਆਂ ਹਨ ਵਿਅਕਤੀ, ਸਮੂਹ, ਭੂਮਿਕਾਵਾਂ, ਆਦਰਸ਼ ਕੀਮਤਾਂ ਅਤੇ ਸੰਸਥਾਵਾਂ ਆਦਿ ਜਿਹੜੀਆਂ ਕਿ ਇਕ ਨਿਸ਼ਚਿਤ ਢੰਗ ਨਾਲ ਇਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ। ਇਸ ਵਿਵਸਥਾ ਦੇ ਫਲਸਰੂਪ ਹੀ ਸਮਾਜ ਦਾ ਬਾਹਰੀ ਰੂਪ ਪ੍ਰਗਟ ਹੁੰਦਾ ਹੈ ਜਿਸ ਨੂੰ ਸਮਾਜਿਕ ਸੰਰਚਨਾ ਕਿਹਾ ਜਾਂਦਾ ਹੈ। ਹਰੇਕ ਸਮਾਜ ਦੀ ਆਪਣੀ ਵੱਖਰੀ ਸੰਰਚਨਾ ਹੁੰਦੀ ਹੈ ਕਿਉਂਕਿ ਹਰੇਕ ਸਮਾਜ ਦੇ ਵਿਭਿੰਨ ਅੰਗਾਂ ਦੀ ਪ੍ਰਕ੍ਰਿਤੀ ਇਕ ਦੂਸਰੇ ਤੋਂ ਭਿੰਨ ਹੁੰਦੀ ਹੈ। ਹਰੇਕ ਸਮਾਜਿਕ ਸੰਰਚਨਾ ਦੇ ਅੰਦਰ ਉਸ ਦੀਆਂ ਨਿਆਇਕ ਇਕਾਈਆਂ ਦਾ ਸਥਾਨ ਤੇ ਸੀਮਾਂ ਨਿਸ਼ਚਿਤ ਹੁੰਦੀ ਹੈ ਤੇ ਆਖਿਰ ਵਿਚ ਇਹ ਕਹਿ ਸਕਦੇ ਹਾਂ ਕਿ ਸਮਾਜਕ ਸੰਰਚਨਾ ਤੋਂ ਭਾਵ ਸਮਾਜ ਦੇ ਬਾਹਰੀ ਢਾਂਚੇ ਤੋਂ ਹੁੰਦਾ ਹੈ ਨਾ ਕਿ ਉਸਦੇ ਕਾਰਜਾਂ ਤੋਂ।

### 1.3.7 ਮੁੱਖ ਸ਼ਬਦ

**ਸਮਾਜਿਕ ਵਿਵਸਥਾ** : ਸਮਾਜ ਇਕ ਅਖੰਡ ਵਿਵਸਥਾ ਹੈ। ਇਸਦੇ ਅਨੇਕ ਅੰਗ ਹੰਦੇ ਹਨ। ਸਮਾਜ ਦੇ ਇਹ ਨਿਰਮਾਣਕ ਅੰਗ, ਤੱਤ ਜਾਂ ਇਕਾਈਆਂ, ਆਪਣੇ ਨਿਰਧਾਰਿਤ ਕਾਰਜਾਂ ਦੇ ਆਧਾਰ ਤੇ ਪਰਸਪਰ ਸਬੰਧਿਤ ਰਹਿੰਦੇ ਹੋਏ ਜਿਸ ਸੰਤੁਲਨ ਨੂੰ ਉਤਪੰਨ ਕਰਦੇ ਹਨ ਉਸ ਨੂੰ ਸਮਾਜਿਕ ਵਿਵਸਥਾ ਦਾ ਨਾਂ ਦਿੱਤਾ ਜਾਂਦਾ ਹੈ।ਇਸਤੋ ਭਾਵ ਹੈ ਕਿ ਸਮਾਜਿਕ ਵਿਵਸਥਾ ਤੋ ਸਮਾਜ ਦੀਆਂ ਆਂਤਰਿਕ ਪ੍ਰਕਿਰਿਆਵਾਂ ਦਾ ਬੋਧ ਹੁੰਦਾ ਹੈ।

**ਸਮਾਜਿਕ ਸੰਰਚਨਾ** : ਜਦੋ ਸਮਾਜ ਦੇ ਵਿਭਿੰਨ ਤੱਤ ਵਿਵਸਥਿਤ ਢੰਗ ਨਾਲ ਸਯੁੰਕਤ ਹੋ ਕੇ ਇਕ ਢਾਂਚੇ ਜਾਂ ਰੂਪ ਰੇਖਾ ਦੀ ਰਚਨਾ ਕਰਦੇ ਹਨ ਤਾਂ ਇਸ ਨੂੰ ਸਮਾਜਿਕ ਸੰਰਚਨਾ ਦਾ ਨਾ ਦਿੱਤਾ ਜਾਂਦਾ ਹੈ।ਸਮਾਜਿਕ ਸੰਰਚਨਾ ਤੋ ਸਮਾਜ ਦੀ ਬਾਹਰੀ ਰੂਪ ਰੇਖਾ ਦਾ ਬੋਧ ਹੁੰਦਾ ਹੈ।

**ਰੋਲ ਜਾਂ ਭੂਮਿਕਾ** : ਸਮਾਜ ਵਿੱਚ ਹਰੇਕ ਵਿਅਕਤੀ ਦੀਆਂ ਵੱਖ ਵੱਖ ਪੁਜੀਸ਼ਨਾਂ ਹੁੰਦੀਆਂ ਹਨ। ਉਸ ਪੁਜੀਸ਼ਨ ਤੇ ਕੋਈ ਵਿਅਕਤੀ ਕੋਈ ਖਾਸ ਕਾਰਜ ਕਰਨ ਲਈ ਨਿਯੁਕਤ ਹੁੰਦਾ ਹੈ। ਇਸੇ ਨੂੰ ਰੋਲ ਕਿਹਾ ਜਾਂਦਾ ਹੈ।

**ਸਮਾਜਿਕ ਕਦਰਾਂ** : ਸਮਾਜਿਕ ਕਦਰਾਂ ਤੋ ਭਾਵ ਹੈ ਸਮਾਜ ਵਲੋ ਕਿਸੇ ਵਿਅਕਤੀ ਵਿਸ਼ੇਸ ਤੋ ਉਮੀਦ ਕੀਤਾ ਵਤੀਰਾ । ਇਹ ਸਮਾਜ ਵਲੋ ਵਿਅਕਤੀ ਨੂੰ ਮਿਲਣ ਵਾਲੀਆਂ ਸੇਧਾਂ ਹਨ ਜੋ ਓਸਦੇ ਕਾਰਜ ਨੂੰ ਪ੍ਰਭਾਵਿਤ ਕਰਦੀਆਂ ਹਨ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀ ? ਇਹ ਜੀਵਨ ਦੇ ਅਜਿਹੇ ਮਿਆਰ ਹਨ ਜਿਨ੍ਹਾਂ ਮੁਤਾਬਕ ਜੀਵਨ ਜਿਉਣ ਲਈ ਸਮਾਜ ਵਿਅਕਤੀ ਨੂੰ ਆਪਣੇ ਦਬਾਅ ਅਧੀਨ ਰੱਖਦਾ ਹੈ। ਇਹ ਵਿਅਕਤੀ ਦੇ ਜੀਵਨ ਨੂੰ ਨਿਯਮਿਤ ਕਰਦੀਆਂ ਹਨ। ਇਹਨਾਂ ਨੂੰ ਮੰਨਣਾ ਵਿਅਕਤੀ ਵਿਸ਼ੇਸ਼ ਲਈ ਲਾਜ਼ਮੀ ਹੁੰਦਾ ਹੈ।

### 1.3.8 ਅਭਿਆਸ ਲਈ ਪ੍ਰਸ਼ਨ

1. ਸਮਾਜਿਕ ਸੰਰਚਨਾ ਤੋਂ ਤਸੀਂ ਕੀ ਸਮਝਦੇ ਹੋ ? ਲੇਵੀ ਸਤਰਾਸ ਨੇ ਸਮਾਜਿਕ ਸੰਰਚਨਾ ਨੂੰ ਕਿਵੇਂ ਬਿਆਨ ਕੀਤਾ ਹੈ ?
2. ਸਮਾਜਿਕ ਸੰਰਚਨਾ ਕੀ ਹੁੰਦੀ ਹੈ ? ਰੈਡਕਲਿਫ ਬਰਾਊਨ ਨੇ ਸਮਾਜਿਕ ਸੰਰਚਨਾ ਦਾ ਕੀ ਸੰਕਲਪ ਦਿੱਤਾ ਹੈ ?
3. ਸਮਾਜਿਕ ਸੰਰਚਨਾ ਨੂੰ ਬਿਆਨ ਕਰਦੇ ਹੋਏ ਟੈਲਕਟ ਪਾਰਸਨਜ ਦੇ ਵਿਚਾਰ ਦੱਸੋ।
4. ਸਮਾਜਿਕ ਸੰਰਚਨਾ ਕਿਸਨੂੰ ਆਖਦੇ ਹਨ ? ਇਹਦੇ ਕਿਹੜੇ ਕਿਹੜੇ ਤੱਤ ਹਨ।

**ਸੰਖੇਪ ਸਵਾਲ :**

(ੳ) ਸੰਰਚਨਾ

(ਅ) ਉਪ ਸਮੂਹ

(ੲ) ਭੂਮਿਕਾ

(ਸ) ਸਮਾਜਕ ਕਦਰਾਂ

(ਹ) ਸਮਾਜਿਕ ਵਿਵਸਥਾ

**1.3.9 ਉਪਯੋਗੀ ਪੁਸਤਕਾਂ**


| | | |
|---|---|---|
| Samuel Koeing 1968 | : | Sociology : An Introduction to the Science of Society, New York, Barness and Noble. |
| Ogburn and Nimkoff | : | A Hand Book of Sociology, New Delhi, S. Chand and Company, Ltd. |
| P.S.J. Gisbert, 1993 | : | Fundanmentals of Sociology, Bombay Orient Longman. |
| Harry M. Johnson | : | Sociology A Systematic Introduction. |
| Savinderjit Kaur, 1972 | : | Samaj VigyanNal Jaan Pachan Punjabi University, Patiala. |

ਪਾਠ ਨੰ: 1.4 ਲੇਖਿਕਾ : ਡਾ. ਹਰਿੰਦਰ ਕੌਰ

Last Updated: August, 2023

# ਸਮਾਜ

**ਬਣਤਰ**


1.4.0 ਉਦੇਸ਼

1.4.1 ਜਾਣ ਪਛਾਣ

1.4.2 ਸਮਾਜ ਦੀਆਂ ਪਰਿਭਾਸ਼ਾਵਾਂ

1.4.3 ਸਮਾਜ ਦੀਆਂ ਵਿਸ਼ੇਸ਼ਤਾਵਾਂ

1.4.3.1 ਜਨਸੰਖਿਆ

1.4.3.2 ਆਪਸੀ ਚੇਤੰਨਤਾ

1.4.3.3 ਸਮਾਨਤਾ ਅਤੇ ਭਿੰਨਤਾ

1.4.3.4 ਸਹਿਯੋਗ ਅਤੇ ਸੰਘਰਸ਼

1.4.3.5 ਅੰਤਰ ਨਿਰਭਰਤਾ

1.4.3.6 ਅਮੂਰਤ ਵਿਵਸਥਾ

1.4.4 ਸਮਾਜ ਦਾ ਦਾਇਰਾ

1.4.5 ਮਨੁੱਖੀ ਸਮਾਜ ਅਤੇ ਪਸ਼ੂ ਸਮਾਜ ਵਿਚ ਅੰਤਰ

1.4.6 ਸਮਾਜ ਦੀ ਉਤੱਪਤੀ ਦੇ ਸਿਧਾਂਤ

1.4.6.1 ਕ੍ਰਮ ਵਿਕਾਸ ਦਾ ਸਿਧਾਂਤ

1.4.6.2 ਆਂਗਿਕ ਸਮਾਨਤਾ ਦਾ ਸਿਧਾਂਤ

1.4.7 ਮਨੁੱਖੀ ਸਮਾਜ ਦੀਆਂ ਕਿਸਮਾਂ

1.4.8 ਸਾਰ

1.4.9 ਮੁੱਖ ਸ਼ਬਦ

1.4.10 ਅਭਿਆਸ ਲਈ ਪ੍ਰਸ਼ਨ

1.4.11 ਉਪਯੋਗੀ ਪੁਸਤਕਾਂ


**1.4.0 ਉਦੇਸ਼** : ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ

> ਸਮਾਜ ਨੂੰ ਬਿਆਨ ਕਰ ਸਕੋਂ।

> ਸਮਾਜ ਦੀਆਂ ਵਿਸ਼ੇਸ਼ਤਾਈਆਂ ਦੱਸ ਸਕੋਂ।

> ਪਸ਼ੂ ਸਮਾਜ ਤੇ ਮਨੁੱਖੀ ਸਮਾਜ ਵਿੱਚ ਅੰਤਰ ਕਰ ਸਕੋਂ।

> ਸਮਾਜ ਦੀ ਉਤੱਪਤੀ ਦੇ ਕਰਮ ਵਿਕਾਸ ਸਿਧਾਂਤ ਤੇ ਰੋਸ਼ਨੀ ਪਾ ਸਕੋਂ।

> ਮਨੁੱਖੀ ਸਮਾਜ ਦੀਆਂ ਕਿਸਮਾਂ ਦੀ ਜਾਣਕਾਰੀ ਦੇ ਸਕੋਂ।

### 1.4.1 ਜਾਣ ਪਛਾਣ

ਆਮ ਲੋਕਾਂ ਦੀ ਭਾਸ਼ਾ ਵਿੱਚ ਸਮਾਜ ਸ਼ਬਦ ਦਾ ਅਰਥ ਲੋਕਾਂ ਦੇ ਸਮੂਹ ਜਾਂ ਇੱਕਠ ਤੋ ਲਿਆ ਜਾਂਦਾ ਹੈ। ਜਦੋ ਕੋਈ ਵੀ ਵਿਅਕਤੀ ਭਾਰਤੀ ਸਮਾਜ, ਅਮਰੀਕਨ ਸਮਾਜ ਜਾਂ ਯੂਰਪੀਅਨ ਸਮਾਜ ਦੀ ਉਦਾਹਰਣ ਦਿੰਦਾ ਹੈ ਤਾਂ ਉਸ ਦਾ ਭਾਵ ਕੇਵਲ ਲੋਕਾਂ ਦੇ ਸਮੂਹ ਤੋ ਹੀ ਹੁੰਦਾ ਹੈ। ਪਰ ਸਮਾਜ ਵਿਗਿਆਨ ਵਿੱਚ ਸਮਾਜ ਸ਼ਬਦ ਦੀ ਵਰਤੋ ਵਿਸ਼ੇਸ ਅਰਥ ਪ੍ਰਦਾਨ ਕਰਦੀ ਹੈ। ਇਥੇ ਇਸ ਦਾ ਅਰਥ ਕਿਸੇ ਖਾਸ ਸਮੂਹ ਦੇ ਮੈਬਰਾਂ ਲਈ ਨਹੀ ਹੁੰਦਾ ਬਲਕਿ ਉਨ੍ਹਾਂ ਵਿਅਕਤੀਆਂ ਦੇ ਸਮਾਜਿਕ ਸੰਬੰਧਾਂ ਅਤੇ ਉਨ੍ਹਾ ਵਿਚੋ ਉਪਜੇ ਅੰਤਰਕ੍ਰਿਆ ਦੇ ਨਿਯਮਾਂ ਦੇ ਜਟਿਲ ਜਾਂ ਗੁੰਝਲਦਾਰ ਨਮੂਨਿਆਂ ਨੂੰ ਪ੍ਰਗਟਾਉਂਦਾ ਹੈ ਜਿਸ ਦੁਆਰਾ ਸਮਾਜ ਦੇ ਮੈਬਰ ਆਪਣੇ ਆਪ ਨੂੰ ਨਿਯਮਿਤ (Regulate) ਕਰਦੇ ਹਨ। ਸੌਖੇ ਸ਼ਬਦਾ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਸਮਾਜਿਕ ਸੰਬੰਧਾਂ ਦਾ ਤਾਣਾ ਬਾਣਾ ਹੈ ਜੋ ਵਿਸ਼ੇਸ ਨਿਯਮਾਂ ਦੁਆਰਾ ਨਿਯਮਿਤ ਹੁੰਦੇ ਹਨ।

### 1.4.2 ਸਮਾਜ ਦੀਆਂ ਪਰਿਭਾਸ਼ਾਵਾਂ :

**ਮੈਕਾਈਵਰ ਤੇ ਪੇਜ** ਅਨੁਸਾਰ ਸਮਾਜ ਕਈ ਸਮੂਹਾਂ ਦੀਆਂ ਕਾਰਜ ਪ੍ਰਣਾਲੀਆਂ ਤੇ ਵਿਧੀਆਂ ਦੀ ਅਧਿਕਾਰ ਅਤੇ ਪ੍ਰਸਪਰ ਸੰਬੰਧਾਂ ਦੀ ਵਿਵਸਥਾ ਹੈ ਅਤੇ ਮਨੁੱਖੀ ਵਿਵਹਾਰ ਅਤੇ ਸੁੰਤਤਰਤਾਵਾਂ ਦੇ ਨਿਯੰਤਰਣ ਦੀ ਵੰਡ ਹੈ।

**ਗਿਡਨਜ** :"ਸਮਾਜ ਇਕੋ ਜਿਹੀ ਮਾਨਸਿਕ ਚੇਤਨਾ ਵਾਲੇ ਵਿਅਕਤੀਆ ਦਾ ਇਕੱਠ ਹੈ ਜੋ ਸਮਾਨ ਚੇਤਨਾ ਬਾਰੇ ਜਾਣੂ ਹਨ ਅਤੇ ਇਸ ਦਾ ਆਨੰਦ ਅਨੁਭਵ ਕਰਦੇ ਹਨ ਅਤੇ ਇਸੇ ਕਰਕੇ ਸਾਂਝੇ ਉਦੇਸ਼ਾਂ ਦੀ ਪੂਰਤੀ ਲਈ ਮਿਲਕੇ ਕੰਮ ਕਰਦੇ ਹਨ" ।

**ਪਾਰਸਨਸ** : ਟੈਲਕਟ ਪਾਰਸਨਸ ਨੇ ਸਮਾਜ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਿਆ ਹੈ ਕਿ ਸਮਾਜ ਨੂੰ ਮਨੁੱਖੀ ਸੰਬੰਧਾਂ ਦੀ ਉਸ ਪੂਰਨ ਜਟਿਲਤਾ ਦੇ ਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ ਜਿਥੋ ਤੱਕ ਉਹ ਸਥਾਨ ਟੀਚਾ ਸੰਬੰਧਾਂ ਜੋ ਕਿ ਅੰਦਰੂਨੀ ਵੀ ਹੋ ਸਕਦੇ ਹਨ ਅਤੇ ਸੰਕੇਤਕ ਵੀ ਦੇ ਸੰਬੰਧ ਵਿੱਚ ਕੀਤੇ ਕਾਰਜਾਂ ਵਿੱਚੋ ਉਤਪੰਨ ਹੁੰਦੇ ਹਨ।

**ਕੂਲੇ:** "ਸਮਾਜ ਉਨ੍ਹਾਂ ਸਰੂਪਾਂ ਅਤੇ ਪ੍ਰਕ੍ਰਿਆਵਾ ਦੀ ਜਟਿਲਤਾ ਨੂੰ ਆਖਦੇ ਹਨ ਜਿਨ੍ਹਾਂ ਵਿੱਚ ਹਰੇਕ ਦੂਜਿਆਂ ਨਾਲ ਅੰਤਰ ਕ੍ਰਿਆ ਕਰਕੇ ਜਿਉਂਦਾ ਹੈ ਅਤੇ ਪ੍ਰਫੁਲਿੱਤ ਹੁੰਦਾ ਹੈ ਅਤੇ ਇਸ ਤਰੀਕੇ ਨਾਲ ਇਕ ਜੁੱਟ ਹੋਇਆ ਹੁੰਦਾ ਹੈ ਕਿ ਕਿਸੇ ਇਕ ਹਿੱਸੇ ਵਿੱਚ ਕੁਝ ਵਾਪਰਦਾ ਹੈ ਤਾਂ ਇਸ ਦਾ ਅਸਰ ਬਾਕੀ ਸਾਰਿਆਂ ਤੇ ਹੁੰਦਾ ਹੈ।"

**ਲਾਪੀਅਰ** : "ਸਮਾਜ ਮਨੁੱਖਾਂ ਦੇ ਸਮੂਹ ਦਾ ਨਾਮ ਨਹੀਂ ਸਗੋ ਇਹ ਮਨੁੱਖਾਂ ਦੇ ਅੰਤਰ ਸੰਬੰਧਾਂ ਦੀ ਜਟਿਲ ਵਿਵਸਥਾ ਹੈ।"

**ਰਿਊਟਰ :** ਸਮਾਜ ਇੱਕ ਅਮੂਰਤ ਸ਼ਬਦ ਹੈ ਜੋ ਕਿ ਇਕ ਸਮੂਹ ਦੇ ਦੋ ਜਾਂ ਵਧੇਰੇ ਮੈਬਰਾਂ ਦੇ ਵਿਚਕਾਰ ਪ੍ਰਸਪਰ ਸੰਬੰਧਾ ਦੀ ਜਟਿਲਤਾ ਵਲ ਸੰਕੇਤ ਕਰਦਾ ਹੈ।

ਉਪਰੋਕਤ ਪਰਿਭਾਸ਼ਾਵਾਂ ਤੋਂ ਦੋ ਕਿਸਮ ਦੇ ਵਿਚਾਰ ਉਤਪੰਨ ਹੁੰਦੇ ਹਨ ਇੱਕ ਸਰੰਚਨਾਤਮਕਵਾਦੀ ਅਤੇ ਕਾਰਜਾਤਮਕਵਾਦੀ। ਕਾਰਜਾਤਮਕਵਾਦੀ ਵਿਚਾਰਧਾਰਾ ਅਨੁਸਾਰ ਸਮਾਜ ਨੂੰ ਸਮੂਹਾਂ ਦੀ ਜਟਿਲਤਾ ਦੇ ਸਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ ਜਿਸ ਵਿੱਚ ਸੰਬੰਧਾ ਦਾ ਆਦਾਨ ਪ੍ਰਦਾਨ ਇਕ ਦੂਜੇ ਨਾਲ ਅੰਤਰਕ੍ਰਿਆਂ ਅਤੇ ਇਕ ਦੂਜੇ ਦੀ ਇੱਛਾ ਪੂਰਤੀ ਲਈ ਮਦਦ ਕਰਨ ਅਤੇ ਉਨ੍ਹਾਂ ਨਾਲ

ਐਸੋਸ਼ਿਏਸ਼ਨ ਬਣਾਉਂਦੇ ਹਨ। ਮੈਕਾਈਵਰ, ਪਾਰਸ਼ਨਜ਼ ਅਤੇ ਕੂਲੇ ਇਸੇ ਵਿਚਾਰਧਾਰਾ ਨਾਲ ਸਮਾਜ ਨੂੰ ਪਰਿਭਾਸ਼ਿਤ ਕਰਦੇ ਹਨ। ਪਰੰਤੂ ਸੰਰਚਨਾਤਮਕਵਾਦੀ ਵਿਚਾਰਧਾਰਾ ਅਨੁਸਾਰ ਸਮਾਜ ਲੋਕ ਰੀਤਾਂ. ਰੂੜੀਆਂ ਸੰਸਥਾਵਾਂ. ਆਦਤਾਂ. ਭਾਵਨਾਵਾਂ ਅਤੇ ਵਿਚਾਰਧਾਰਾ ਦੀ ਸਮੁੱਚੀ ਸਮਾਜਿਕ ਵਿਰਾਸਤ ਹੈ। **ਗਿਡਨਜ** ਨੇ ਇਸੇ ਵਿਚਾਰਧਾਰਾ ਨੂੰ ਪੇਸ਼ ਕੀਤਾ ਹੈ। ਉਸ ਅਨੁਸਾਰ ਸਮਾਜ ਇਕ ਸੰਗਠਨ ਹੈ ਇਹ ਬਿਖਰੇ ਲੋਕਾਂ ਦਾ ਸੰਗ੍ਰਿਹ ਨਹੀ ਬਲਕਿ ਇਸ ਦੇ ਮੈਬਰ ਸਹਿਯੋਗਾਤਮਕ ਸੰਬੰਧਾਂ ਦੁਆਰਾ ਇਕ ਦੂਜੇ ਨਾਲ ਜੁੜੇ ਹੁੰਦੇ ਹਨ। **ਰਿਊਟਰ** ਦੁਆਰਾ ਦਿੱਤੀ ਸਮਾਜ ਦੀ ਪਰਿਭਾਸ਼ਾ ਵਿੱਚ ਵੀ ਇਹੀ ਚਾਰੇ ਗੱਲਾਂ ਪੇਸ਼ ਕੀਤੀਆਂ ਗਈਆਂ ਹਨ ਕਿ ਸਮਾਜ ਵਿਅਕਤੀਆਂ ਦੇ ਸਮੂਹ ਨੂੰ ਨਹੀ ਬਲਕਿ ਉਨ੍ਹਾਂ ਵਿਚਕਾਰ ਪਰਸਪਰ ਸੰਬੰਧਾਂ ਦਾ ਨਾ ਹੈ. ਦੂਜੀ ਇਹ ਸੰਬੰਧ ਸਰਲ ਨਹੀ ਬਲਕਿ ਬਹੁਤ ਜਟਿਲ ਹੁੰਦੇ ਹਨ, ਤੀਜੀ ਪ੍ਰਸਪਰ ਸੰਬੰਧਾਂ ਲਈ ਘੱਟੋ ਘੱਟ ਦੋ ਵਿਅਕਤੀਆਂ ਦਾ ਹੋਣਾ ਲਾਜ਼ਮੀ ਹੈ ਅਤੇ ਚੌਥੀ ਸਮਾਜ ਅਮੂਰਤ ਹੈ।

ਇਨ੍ਹਾਂ ਪਰਿਭਾਸ਼ਾਵਾਂ ਦਾ ਜੇਕਰ ਗੌਰ ਨਾਲ ਵਿਸ਼ਲੇਸ਼ਣ ਕਰੀਏ ਤਾਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸਮਾਜ ਅਨੇਕ ਪ੍ਰਕਾਰ ਦੇ ਸੰਬੰਧਾਂ ਤੋ ਮਿਲਕੇ ਬਣੀ ਵਿਵਸਥਾ ਹੈ ਜਿਸ ਵਿੱਚ ਵਿਭਿੰਨ ਪ੍ਰਕਾਰ ਦੇ ਸੰਬੰਧ ਨਿਸ਼ਚਿਤ ਪ੍ਰਕਾਰ ਨਾਲ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਪ੍ਰਭਾਵਿਤ ਹੁੰਦੇ ਹਨ ਜਿਸਦੇ ਸਿੱਟੇ ਵਜੋ ਇਕ ਜਟਿਲ ਸਮਾਜਿਕ ਸੰਬੰਧਾਂ ਦੀ ਵਿਵਸਥਾ ਉਪਜਦੀ ਹੈ। ਇਨ੍ਹਾਂ ਪਰਿਭਾਸ਼ਾਵਾਂ ਤੋ ਸਮਾਜ ਦੇ ਕੁਝ ਤੱਤ ਜਾਂ ਲੱਛਣ ਉਭੱਰ ਕੇ ਸਾਹਮਣੇ ਆਉਂਦੇ ਹਨ ਜੋ ਇਸ ਪ੍ਰਕਾਰ ਹਨ।

### 1.4.3 ਸਮਾਜ ਦੀਆਂ ਵਿਸ਼ੇਸ਼ਤਾਈਆਂ

**1.4.3.1 ਜਨ-ਸੰਖਿਆ** : ਕਿਸੇ ਵੀ ਸਮਾਜ ਦੀ ਰਚਨਾ ਵਿਅਕਤੀਆਂ ਅਤੇ ਉਨ੍ਹਾਂ ਵਿਚਕਾਰ ਉਪੱਜੇ ਸਮਾਜਿਕ ਸੰਬੰਧਾਂ ਨਾਲ ਹੁੰਦੀ ਹੈ। ਵਿਅਕਤੀਆਂ ਦੇ ਸਮੂਹ ਤੋਂ ਬਿਨਾਂ ਸਮਾਜ ਦੀ ਹੋਂਦ ਅੰਸਭਵਹੈ।ਇਸ ਲਈ **ਕਿੰਗਸਲੇ ਡੇਵਿਸ** ਨੇ ਆਪਣੀ ਪੁਸਤਕ ਹਿਊਮਨ ਸੋਸਾਇਟੀ ਵਿੱਚ ਲਿਖਿਆ ਹੈ ਕਿ ਜਨ ਸੰਖਿਆ ਨੂੰ ਕਾਇਮ ਰੱਖਣਾ ਸਮਾਜ ਦੇ ਅਸਤਿਤਵ ਲਈ ਲਾਜ਼ਮੀ ਹੈ। ਜਿਸ ਲਈ ਤਿੰਨ ਚੀਜਾਂ ਦਾ ਹੋਣਾ ਜਰੂਰੀ ਹੈ। ਪਹਿਲੇ ਉਸ ਜਗ੍ਹਾ ਤੇ ਕਾਫੀ ਮਾਤਰਾਂ ਵਿੱਚ ਭੋਜਨ ਹੋਵੇ ਦੂਜੇ ਉਸ ਜੰਨ ਸੰਖਿਆ ਦੀ ਮੁਸੀਬਤਾਂ ਤੋ ਰੱਖਿਆ ਕੀਤੀ ਜਾ ਸਕੇ ਅਤੇ ਤੀਸਰਾ ਪ੍ਰਜਨਨ ਭਾਵ ਰਿਪਰੋਡਕਸ਼ਨ ਹੋ ਸਕੇ।

**1.4.3.2 ਆਪਸੀ ਚੇਤੰਨਤਾ** : ਸਮਾਜ ਦੀ ਰਚਨਾ ਲਈ ਦੂਸਰੀ ਮੌਲਿਕ ਸ਼ਰਤ ਹੈ ਕਿ ਲੋਕਾਂ ਦੀ ਆਪਸੀ ਚੇਤਨੰਤਾ। ਜਿਥੇ ਲੋਕ ਸਮੂਹ ਵਿੱਚ ਰਹਿੰਦੇ ਹਨ ਉਨ੍ਹਾਂ ਵਿੱਚ ਸਮਾਜਿਕ ਸੰਬੰਧ ਪੈਦਾ ਹੁੰਦੇ ਹਨ । ਇਹ ਸੰਬੰਧ ਦੋ ਕਿਸਮ ਦੇ ਹੁੰਦੇ ਹਨ ਭੌਤਿਕ ਸੰਬੰਧ ਅਤੇ ਮਾਨਸਿਕ ਸੰਬੰਧ। ਭੌਤਿਕ ਸੰਬੰਧ ਉਹ ਹੁੰਦੇ ਹਨ ਜਿਥੇ ਦੋ ਵਸਤਾਂ ਇਕ ਦੂਜੇ ਨਾਲ ਸੰਬੰਧਿਤ ਤਾਂ ਹਨ ਪਰ ਉਹ ਇਕ ਦੂਜੇ ਬਾਰੇ ਚੇਤੰਨ ਨਹੀ ਹਨ ਜਿਵੇ ਕਾਗਜ਼ ਅਤੇ ਪੈਨ, ਮੇਜ਼ ਅਤੇ ਕੁਰਸੀ।ਦੂਜੇ ਪਾਸੇ ਮਾਨਸਿਕ ਸੰਬੰਧ ਹਨ ਜਿਥੇ ਇਕ ਵਿਅਕਤੀ ਦੂਜੇ ਬਾਰੇ ਪੂਰੀ ਤਰ੍ਹਾਂ ਚੇਤੰਨ ਹੈ ਜਿਵੇ ਮਾਂ ਬਾਪ ਤੇ ਬੱਚਿਆਂ ਦਾ ਰਿਸ਼ਤਾ, ਭੈਣ ਅਤੇ ਭਾਈਆਂ ਦਾ ਸੰਬੰਧ। ਪ੍ਰਸਪਰ ਚੇਤੰਨਤਾ ਤੋ ਬਿਨਾਂ ਸਮਾਜਿਕ ਸੰਬੰਧ ਨਹੀ ਹੋ ਸਕਦੇ ਅਤੇ ਸਮਾਜਿਕ ਸੰਬੰਧਾ ਤੋ ਬਿਨ੍ਹਾਂ ਸਮਾਜ ਦੀ ਰਚਨਾ ਸੰਭਵ ਨਹੀਂ। ਇਸ ਸਬੰਧ ਵਿੱਚ **ਮੈਕਾਈਵਰ** ਨੇ ਲਿਖਿਆ ਹੈ ਕਿ, ਸਮਾਜ ਉੱਥੇ ਹੈ ਜਿਥੇ ਸਮਾਜਿਕ ਜੀਵ ਇਕ ਦੂਜੇ ਦੀ ਜਾਣਕਾਰੀ ਰਖੱਦੇ ਹੋਏ ਵਰਤਾਓ ਕਰਦੇ ਹਨ। **ਕਿੰਗਸਲੇ ਡੇਵਿਸ** ਨੇ ਵੀ ਇਸ ਦੀ ਪ੍ਰੋੜਤਾ ਕੀਤੀ ਹੈ ਕਿ "ਵੱਖ ਵੱਖ ਵਿਅਕਤੀਆਂ ਵਿੱਚ ਅਰਥ ਭਰਪੂਰ ਅੰਤਰ ਕ੍ਰਿਆ ਹੀ ਸਮਾਜ ਦਾ ਮੁੱਖ

ਤੱਤ ਹੈ"

**1.4.3.3 ਸਮਾਨਤਾ ਅਤੇ ਭਿੰਨਤਾ** : ਹਰੇਕ ਸਮਾਜ ਵਿੱਚ ਸਮਾਨਤਾ ਅਤੇ ਭਿੰਨਤਾ ਦੋਵੇ ਪਾਈਆਂ ਜਾਂਦੀਆਂ ਹਨ। ਇਹ ਦੋਵੇ ਪ੍ਰਸਪਰ ਵਿਰੋਧੀ ਜਰੂਰ ਹਨ ਪ੍ਰੰਤੂ ਸਮਾਜ ਦੀ ਰਚਨਾ ਲਈ ਜਰੂਰੀ ਹਨ। ਮਨੱਖੀ ਜੀਵਾਂ ਵਿੱਚ ਸ਼ਰੀਰਕ ਅਤੇ ਮਾਨਸਿਕ ਸਮਾਨਤਾ ਹੁੰਦੀ ਹੈ। ਉਹ ਇਕੋ ਜਿਹੇ ਸਮਾਜਿਕ ਨਿਯਮਾਂ ਦੀ ਪਾਲਣਾ ਕਰਦੇ ਹਨ ਬੇਸ਼ਕ ਉਨ੍ਹਾਂ ਦੀ ਭੂਮਿਕਾ ਅਤੇ ਕੰਮ ਕਰਨ ਦੀ ਸਮਰੱਥਾ ਵਖੋ ਵਖਰੀ ਹੁੰਦੀ ਹੈ। ਇਸੇ ਸਮਾਨਤਾ ਦੁਆਰਾ ਸਮਾਜਿਕ ਸੰਬੰਧ ਸਥਾਪਿਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਸਮਾਜਿਕ ਸੰਬੰਧਾ ਨਾਲ ਹੀ ਸਮਾਜ ਦੀ ਰਚਨਾ ਹੁੰਦੀ ਹੈ। ਇਸ ਨੂੰ ਕੂਲੇ ਨੇ 'ਅਸੀ ਭਾਵਨਾ' ਦਾ ਨਾ ਦਿੱਤਾ ਹੈ।

ਸਮਾਨਤਾ ਦੇ ਨਾਲ ਨਾਲ ਭਿੰਨਤਾ ਵੀ ਮਨੁੱਖੀ ਸਮਾਜ ਦਾ ਇਕ ਜਰੂਰੀ ਤੱਤ ਹੈ। ਇਸ ਤੋਂ ਬਿਨਾ ਵੀ ਸਮਾਜ ਦੀ ਰਚਨਾ ਸੰਭਵ ਨਹੀ। ਮਨੱਖੀ ਸਮਾਜ ਵਿੱਚ ਅਨੇਕ ਕਿਸਮ ਦੀਆਂ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ ਜਿਹੜੀਆ ਲਿੰਗ, ਉਮਰ, ਯੋਗਤਾ, ਕੰਮ, ਰੁਚੀਆਂ ਤੇ ਸਵਾਰਥਾ ਆਦਿ ਤੇ ਨਿਰਭਰ ਹੁੰਦੀਆਂ ਹਨ। ਔਰਤ ਅਤੇ ਮਰਦ ਦੀ ਭਿੰਨਤਾ, ਬੱਚੇ, ਜਵਾਨ ਅਤੇ ਬੁੱਢੇ ਦੀ, ਪੜ੍ਹੇ ਅਤੇ ਅਨਪੜ੍ਹ ਦੀ, ਅਮੀਰ ਅਤੇ ਗਰੀਬ ਦੀ ਆਦਿ ਇਨ੍ਹਾਂ ਸਾਰੀਆਂ ਭਿੰਨਤਾਵਾਂ ਨਾਲ ਹੀ ਸਮਾਜ ਦੀ ਨਿਰੰਤਰਤਾ ਬਣੀ ਹੋਈ ਹੈ। ਸਾਰੇ ਵਿਅਕਤੀ ਆਪਣੀਆਂ ਲੋੜਾਂ ਲਈ ਇਕ ਦੂਜੇ ਤੇ ਨਿਰਭਰ ਹਨ ਉਹ ਇਕ ਦੂਜੇ ਨੂੰ ਸਹਿਯੋਗ ਦਿੰਦੇ ਹਨ ਅਤੇ ਸੰਬੰਧ ਸਥਾਪਿਤ ਕਰਦੇ ਹਨ ਜਿਸ ਵਿਚੋ ਹੀ ਸਮਾਜ ਦੀ ਸਿਰਜਣਾਂ ਹੁੰਦੀ ਹੈ।

ਇਸੇ ਸੰਬੰਧ ਵਿੱਚ **ਮੈਕਾਈਵਰ** ਲਿਖਦਾ ਹੈ ਕਿ ਸਮਾਨਤਾ ਅਤੇ ਭਿੰਨਤਾ ਦੋਵਾਂ ਤੋ ਬਿਨਾ ਸਮਾਜ ਕਾਇਮ ਨਹੀ ਰਹਿ ਸਕਦਾ ਭਾਵੇ ਇਹ ਇਕ ਦੂਜੇ ਦੇ ਵਿਰੋਧੀ ਹਨ। ਪ੍ਰੰਤੂ ਸਮਾਜ ਲਈ ਦੋਵੇ ਲਾਜ਼ਮੀ ਹਨ। ਕਈ ਵਾਰ ਸੰਬੰਧਾਂ ਦੇ ਪੇਚੀਦਾ ਜਾਲ ਵਿੱਚ ਇਕਰੂਪਤਾ ਨਾਲੋ ਭਿੰਨਤਾ ਵਿੱਚ ਵਧੇਰੇ ਖਿਚ ਹੁੰਦੀ ਹੈ।

ਉਪਰੋਕਤ ਚਰਚਾ ਤੋ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਸਮਾਜ ਦੇ ਨਿਰਮਾਣ ਲਈ ਸਮਾਨਤਾ ਅਤੇ ਭਿੰਨਤਾਵਾਂ ਦੋਵੇਂ ਜਰੂਰੀ ਹਨ। ਕਿਸੇ ਇਕ ਦੀ ਅਣਹੋਦ ਬਿਨਾਂ ਸਮਾਜ ਦੀ ਰਚਨਾ ਸੰਭਵ ਨਹੀ।

**1.4.3.4 ਸਹਿਯੋਗ ਅਤੇ ਸੰਘਰਸ਼** : ਸਮਾਨਤਾ ਅਤੇ ਭਿੰਨਤਾ ਦੀ ਤਰ੍ਹਾਂ ਹੀ ਸਮਾਜ ਵਿੱਚ ਸਹਿਯੋਗ ਅਤੇ ਸੰਘਰਸ਼ ਪਾਇਆ ਜਾਂਦਾ ਹੈ। ਜਦੋ ਮਨੁੱਖ ਆਪਣੀਆਂ ਲੋੜਾਂ ਲਈ ਇਕ ਦੂਜੇ ਨਾਲ ਮਿਲਦੇ ਹਨ ਤਾਂ ਸੰਬੰਧ ਸਥਾਪਿਤ ਕਰਦੇ ਹਨ ਅਤੇ ਅੰਤਰ ਕ੍ਰਿਆ ਕਰਦੇ ਹਨ। ਇਸ ਅੰਤਰ ਕ੍ਰਿਆ ਦੇ ਫਲਸਰੂਪ ਪ੍ਰਕ੍ਰਿਆ ਹੁੰਦੀ ਹੈ ਜੋ ਦੋ ਪ੍ਰਕਾਰ ਦੀ ਹੁੰਦੀ ਹੈ ਇਕ ਉਹ ਜਿਹੜੀ ਵਿਅਕਤੀਆਂ ਨੂੰ ਇਕ ਕੜੀ ਵਿੱਚ ਬੰਨਦੀ ਹੈ ਉਨ੍ਹਾਂ ਨੂੰ ਇਕੱਠੇ ਕਰਦੀ ਹੈ ਅਤੇ ਦੂਸਰੀ ਜਿਹੜੀ ਵਿਅਕਤੀਆਂ ਨੂੰ ਇਕ ਦੂਜੇ ਤੋ ਦੂਰ ਕਰਦੀ ਭਾਵ ਨਿਖੇੜਦੀ ਹੈ। ਇਸੇ ਸਦਕਾ ਹੀ ਸਹਿਯੋਗ ਅਤੇ ਸੰਘਰਸ਼ ਦੀ ਭਾਵਨਾ ਸਮਾਜ ਵਿੱਚ ਉਤਪੰਨ ਹੁੰਦੀ ਹੈ।

ਸਮਾਜ ਦੇ ਨਿਰਮਾਣ ਲਈ ਸਹਿਯੋਗ ਦਾ ਹੋਣਾ ਲਾਜ਼ਮੀ ਹੈ ਸਹਿਯੋਗ ਤੇ ਬਿਨ੍ਹਾਂ ਕੋਈ ਵੀ ਵਿਅਕਤੀ ਆਪਣੀਆਂ ਮੁੱਢਲੀਆਂ ਜਰੂਰਤਾਂ ਦੀ ਪੂਰਤੀ ਨਹੀ ਕਰ ਸਕਦਾ ਅਤੇ ਨਾ ਹੀ ਸਮੂਹ ਸਥਾਪਿਤ ਹੋ ਸਕਦਾ ਹੈ। ਸਾਂਝੇ ਉਦੇਸ਼ਾਂ ਦੀ ਪੂਰਤੀ ਲਈ ਵਿਅਕਤੀ ਇਕੱਠੇ ਹੋ ਕੇ ਇਕ ਦੂਜੇ ਨੂੰ ਸਹਿਯੋਗ ਦਿੰਦੇ ਹਨ ਸੰਗਠਿਤ ਹੁੰਦੇ ਹਨ ਅਤੇ ਸਮਾਜ ਦਾ ਨਿਰਮਾਣ ਕਰਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਜੀਵਨ ਲਈ ਸਹਿਯੋਗ ਦੀ ਪ੍ਰਕ੍ਰਿਆ ਲਾਜਮੀ ਹੈ ਜਿਵੇ

ਂ ਪਰਿਵਾਰ ਵਿੱਚ ਪਤੀ, ਪਤਨੀ ਅਤੇ ਬੱਚਿਆ ਦਾ ਇਕ ਦੂਜੇ ਨੂੰ ਸਹਿਯੋਗ।

ਦੂਜੇ ਪਾਸੇ ਕਈ ਸਮਾਜ ਵਿਗਿਆਨੀ ਸਹਿਯੋਗ ਦੀ ਬਜਾਇ ਸੰਘਰਸ਼ ਨੂੰ ਸਮਾਜਿਕ ਜੀਵਨ ਲਈ ਮੂਲ ਪ੍ਰਕ੍ਰਿਆ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸੰਘਰਸ਼ ਸਮਾਜਿਕ ਵਿਕਾਸ ਅਤੇ ਉਨੱਤੀ ਦੀ ਬੁਨਿਆਦ ਹੈ। **ਹਰਬਰਟ ਸਪੈਸਰ** ਅਤੇ **ਸਮਨਰ** ਜਿਹੇ ਸਮਾਜ ਵਿਗਿਆਨੀ ਜਿਹੜੇ **ਡਾਰਵਿਨ** ਦੇ ਸਿਧਾਂਤ ਤੋ ਪ੍ਰਭਾਵਿਤ ਹਨ ਉਨ੍ਹਾਂ ਨੇ ਵੀ ਡਾਰਾਵਿਨ ਦੇ ਸਿਧਾਂਤ **Survival of the fittest** ਨੂੰ ਅਪਣਾਇਆ। ਇਸ ਸਿਧਾਂਤ ਅਨੁਸਾਰ ਕੇਵਲ ਤਾਕਤਵਰ ਵਿਅਕਤੀ ਹੀ ਸਮਾਜ ਅੰਦਰ ਆਪਣੀ ਹੋਦ ਬਣਾ ਕੇ ਰੱਖ ਸਕਦਾ ਹੈ। ਉੱਘੇ ਵਿਗਿਆਨੀ **ਕਾਰਲ ਮਾਰਕਸ** ਨੇ ਸਮਾਜ ਤੇ ਇਤਿਹਾਸ ਦੀ ਵਿਆਖਿਆ ਜਮਾਤੀ ਸੰਘਰਸ਼ ਦੇ ਆਧਾਰ ਤੇ ਕੀਤੀ ਹੈ। **ਸਿਮਲ** ਦਾ ਮੰਨਣਾ ਹੈ ਕਿ ਸੰਘਰਸ਼ ਤੋ ਬਿਨਾ ਕਿਸੇ ਵੀ ਸਮੂਹ ਲਈ ਇਕਸੁਰ ਹੋਣਾ ਅਸੰਭਵ ਹੈ। **ਸੈਮੂਅਲ ਕੋਇਨਿੰਗ** ਅਨੁਸਾਰ ਵੀ ਕਿਸੇ ਸਮਾਜ ਦੇ ਨਿਰਮਾਣ ਅਤੇ ਵਿਕਾਸ ਲਈ ਇਕਸੁਰਤਾ ਅਤੇ ਬੇਸੁਰਤਾ ਅਤੇ ਸਹਿਕਾਰਤਾ ਅਤੇ ਅਸਹਿਕਾਰਤਾ ਦੋਵਾਂ ਦੀ ਲੋੜ ਹੈ। ਇਨ੍ਹਾਂ ਸਾਰੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਸੰਘਰਸ਼ ਸਮਾਜਿਕ ਵਿਕਾਸ ਅਤੇ ਉਨਤੀ ਦੀ ਬੁਨਿਆਦ ਹੈ। ਸੰਘਰਸ਼ ਕੇਵਲ ਵਿਨਾਸ਼ਕਾਰੀ ਅਤੇ ਨਾਕਾਰਾਤਮਕ ਹੀ ਨਹੀ ਹੁੰਦਾ ਸਗੋ ਉਹ ਉਸਾਰੂ ਅਤੇ ਸਾਕਾਰਾਤਮਕ ਰੋਲ ਵੀ ਅਦਾ ਕਰਦਾ ਹੈ। ਸਮਾਜਿਕ ਜੀਵਨ ਦੇ ਹਰੇਕ ਪਹਿਲੂ ਵਿੱਚ ਸਹਿਯੋਗ ਅਤੇ ਸੰਘਰਸ਼ ਦੋਵਾਂ ਦੀ ਲੋੜ ਹੁੰਦੀ ਹੈ। ਬੇਸ਼ਕ ਸਮਾਜ ਵਿੱਚ ਸਹਿਯੋਗ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਸੰਘਰਸ਼ ਦਾ ਦਾਇਰਾ ਸੀਮਿਤ ਹੁੰਦਾ ਹੈ ਪਰ ਹਕੀਕਤ ਇਹ ਹੈ ਕਿ ਹਰੇਕ ਪ੍ਰਕਾਰ ਦਾ ਸੰਘਰਸ਼ ਸਹਿਯੋਗ ਤੇ ਹੀ ਆਧਾਰਿਤ ਹੈ (ਕੇਵਲ ਯੁੱਧ ਨੂੰ ਛੱਡ ਕੇ) ਦੂਜੇ ਪਾਸੇ ਕੋਈ ਵੀ ਅਜਿਹਾ ਸਹਿਯੋਗ ਕਾਰਜ ਨਹੀ ਜਿਸ ਵਿੱਚ ਸੰਘਰਸ਼ ਮੌਜੂਦ ਨਾ ਹੋਵੇ। ਇਸ ਲਈ ਤਾਂ **ਮੈਕਾਇਵਰ ਅਤੇ ਪੇਜ** ਨੇ ਕਿਹਾ ਹੈ ਕਿ ''ਸਮਾਜ ਸੰਘਰਸ਼ ਦੁਆਰਾ ਪਾਰ ਕੀਤਾ ਹੋਇਆ ਸਹਿਯੋਗ ਹੈ।"

**1.4.3.5 ਅੰਤਰ ਨਿਰਭਰਤਾ** : ਮਨੁੱਖ ਸਮਾਜਿਕ ਪ੍ਰਾਣੀ ਹੈ। ਉਹ ਆਪਣੀਆ ਲੋੜਾਂ ਲਈ ਦੂਸਰਿਆ ਤੇ ਨਿਰਭਰ ਹੁੰਦਾ ਹੈ। ਜਨਮ ਤੋ ਬੱਚਾ ਆਪਣੀ ਮਾਂ ਤੇ ਵੱਡਾ ਹੋ ਕੇ ਪਰਿਵਾਰ ਅਤੇ ਸਮੂਹ ਤੇ ਨਿਰਭਰ ਹੁੰਦਾ ਹੈ ਜਿਉ ਹੀ ਉਹ ਵੱਡਾ ਹੁੰਦਾ ਹੈ ਅਤੇ ਉਸਦੀਆਂ ਲੋੜਾਂ ਵਧੱਦੀਆਂ ਹਨ ਅਤੇ ਉਸਦੀ ਦੂਜੇ ਲੋਕਾਂ ਤੇ ਨਿਰਭਰਤਾ ਵੀ ਵੱਧਦੀ ਜਾਂਦੀ ਹੈ। ਇਸ ਆਪਸੀ ਨਿਰਭਤਾ ਵਿੱਚੋ ਹੀ ਸਮਾਜ ਦਾ ਨਿਰਮਾਣ ਹੁੰਦਾ ਹੈ। ਮਨੱਖ ਦੀਆਂ ਜੀਵ ਵਿਗਿਆਨਕ ਲੋੜਾਂ ਹੀ ਉਸ ਨੂੰ ਸਮਾਜਿਕ ਪ੍ਰਾਣੀ ਬਣਨ ਲਈ ਮਜਬੂਰ ਕਰਦੀਆਂ ਹਨ ।

**1.4.3.6 ਸਮਾਜ ਇਕ ਅਮੂਰਤ ਵਿਵਸਥਾ** : ਸਮਾਜ ਲੋਕਾਂ ਦਾ ਉਹ ਸਮੂਹ ਹੈ ਜਿਥੇ ਵਿਅਕਤੀਆ ਵਿੱਚ ਆਪਸੀ ਚੇਤਨਾ ਅਤੇ ਸਾਂਝੇ ਉਦੇਸ਼ ਜਾਂ ਹਿੱਤ ਹੁੰਦੇ ਹਨ। ਇਨ੍ਹਾਂ ਹਿੱਤਾ ਦੀ ਪੂਰਤੀ ਲਈ ਉਹ ਇਕ ਦੂਜੇ ਤੇ ਨਿਰਭਰ ਕਰਦੇ ਹਨ ਉਨ੍ਹਾਂ ਵਿੱਚ ਖਾਸ ਕਿਸਮ ਦੇ ਅੰਤਰ ਸਬੰਧ ਹੁੰਦੇ ਹਨ ਹਰੇਕ ਵਿਅਕਤੀ ਦੀ ਖਾਸ ਭੂਮਿਕਾ ਅਤੇ ਰੁਤਬਾ ਹੁੰਦਾ ਹੈ। ਜਿਸ ਅਨੁਸਾਰ ਉਹ ਕਾਰਜ ਕਰਦਾ ਹੈ। ਇਨ੍ਹਾਂ ਤੋ ਸਮਾਜਿਕ ਸਬੰਧਾਂ ਦੀ ਇਕ ਵਿਵਸਥਾ ਪੈਦਾ ਹੁੰਦੀ ਹੈ। ਵਿਅਕਤੀਆਂ ਵਿਚਕਾਰ ਇਹ ਸਬੰਧ ਅਮੂਰਤ ਹੁੰਦੇ ਹਨ ਇਸੇ ਲਈ ਅਸੀ ਕਹਿ ਸਕਦੇ

**1.4.4 ਸਮਾਜ ਦਾ ਦਾਇਰਾ** : ਕੇਵਲ ਮਨੁੱਖਾਂ ਦਾ ਸਮਾਜ ਨਹੀ ਹੁੰਦਾ ਬਲਕਿ ਪਸ਼ੂ, ਪੰਛੀਆਂ ਅਤੇ ਦੂਜੇ ਜੀਵਾਂ ਵਿੱਚ ਵੀ ਇਹ ਵਿਵਸਥਾ ਪਾਈ ਜਾਂਦੀ ਹੈ। ਉਹਨਾਂ ਵਿਚ ਵੀ ਸਹਿਯੋਗ, ਕਾਇਦੇ ਕਾਨੂੰਨ ਅਤੇ ਕਿਰਤ ਵੰਡ ਦੀ ਵਿਵਸਥਾ ਹੁੰਦੀ ਹੈ ਕੀੜੀਆਂ ਦੀ ਉਦਾਹਰਣ ਲੈ ਲਵੋ, ਰਾਣੀ ਕੀੜੀ ਅੰਡੇ ਦੇਣ ਅਤੇ ਨਿਰਦੇਸ਼ ਦੇਣ ਦਾ ਕੰਮ ਹੀ ਕਰਦੀ ਹੈ ਨਰ ਕੀੜੀਆਂ ਕੁਝ ਨਹੀ ਕਰਦੀਆਂ।

ਕੁਝ ਸਾਫ ਸਫਾਈ ਵਾਲੀਆ ਕੀੜੀਆਂ ਹੁੰਦੀਆਂ ਹਨ। ਸੁਰੂ ਤੋਂ ਹੀ ਹਰੇਕ ਕੀੜੀ ਨੂੰ ਆਪਣੀ ਸ੍ਰੇਣੀ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਉਸੇ ਮੁਤਾਬਿਕ ਕੰਮ ਕਰਦੀ ਹੈ। ਮਨੁੱਖੀ ਸਮਾਜ ਦੀ ਤਰ੍ਹਾਂ ਉਨ੍ਹਾਂ ਵਿੱਚ ਵੀ ਅੰਤਰ ਨਿਰਭਰਤਾ, ਪ੍ਰਸਪਰ ਸਹਿਯੋਗ, ਕ੍ਰਿਤ ਵੰਡ, ਆਪਸੀ ਚੇਤਨੰਤਾ ਅਤੇ ਅੰਤਰ ਸਬੰਧ ਹੁੰਦੇ ਹਨ। ਇਸੇ ਤਰੀਕੇ ਨਾਲ ਸ਼ਹਿਦ ਦੀਆਂ ਮੱਖੀਆਂ, ਹਾਥੀਆਂ, ਬਾਂਦਰਾਂ, ਚਿੜੀਆ ਆਦਿ ਵਿੱਚ ਵੀ ਇਕ ਖਾਸ ਕਿਸਮ ਦੀ ਵਿਵਸਥਾ ਪਾਈ ਜਾਂਦੀ ਹੈ। ਇਨ੍ਹਾਂ ਵਿੱਚ ਵੀ ਪਿਆਰ, ਨਫਰਤ, ਦੋਸਤੀ, ਦੁਸ਼ਮਣੀ, ਹਮਦਰਦੀ ਤੇ ਘ੍ਰਿਣਾ, ਮੌਤ ਤੇ ਦੁੱਖ, ਖੁਸ਼ੀ ਆਦਿ ਸਾਮੂਹਿਕ ਏਕਤਾ ਵਾਲੇ ਚਿੰਨ੍ਹ ਪਾਏ ਜਾਂਦੇ ਹਨ। ਇਸ ਲਈ ਅਸੀ ਕਹਿ ਸਕਦੇ ਹਾ ਕਿ ਸਮਾਜ ਕੇਵਲ ਮਨੁੱਖਾਂ ਤੱਕ ਹੀ ਸੀਮਿਤ ਨਹੀ ਬਲਕਿ ਪਸੂ ਅਤੇ ਜੀਵ ਵੀ ਆਪਣੀਆਂ ਲੋੜਾਂ ਲਈ ਦੂਜਿਆਂ ਨਾਲ ਮਿਲ ਕੇ ਰਹਿੰਦੇ ਹਨ।

**1.4.5 ਮਨੁੱਖੀ ਸਮਾਜ ਅਤੇ ਪਸੂ ਸਮਾਜ ਵਿੱਚ ਅੰਤਰ** : ਬੇਸ਼ਕ ਮਨੁੱਖੀ ਸਮਾਜ ਅਤੇ ਪਸੂ ਸਮਾਜ ਵਿੱਚ ਬਹੁਤ ਕੁਝ ਇਕੋ ਜਿਹਾ ਹੈ ਪਰ ਫਿਰ ਵੀ ਪਸੂ ਸਮਾਜ ਦੀ ਪ੍ਰਕ੍ਰਿਤੀ ਅਤੇ ਪੱਧਰ ਮਨੁੱਖੀ ਸਮਾਜ ਤੋ ਵੱਖਰੇ ਹਨ। ਮਨੁੱਖ ਸਮਾਜ ਵਿੱਚ ਸਮਾਜਿਕਤਾ, ਸਮਾਜੀਕਰਨ ਦੀ ਪ੍ਰਕ੍ਰਿਆ ਦੁਆਰਾ ਹੀ ਸਿੱਖਦਾ ਹੈ ਅਤੇ ਪਸ਼ੂਆ ਵਿੱਚ ਇਹ ਸਮਾਜਿਕਤਾ ਮਕੈਨਕੀ ਹੁੰਦੀ ਹੈ ਪਸ਼ੂਆ ਦਾ ਜੀਵਨ ਪੂਰੀ ਤਰ੍ਹਾਂ ਮੂਲ ਪ੍ਰਵਿਰਤੀਆਂ (Basic instincts)ਅਤੇ ਸਹਿਜ ਕ੍ਰਿਆਵਾਂ **(reflex behaviour)** ਉੱਤੇ ਹੀ ਨਿਰਭਰ ਹੁੰਦਾ ਹੈ। ਜਿਸ ਕਰਕੇ ਪੀੜ੍ਹੀ ਦਰ ਪੀੜ੍ਹੀ ਕੋਈ ਸੰਚਾਰ ਨਹੀਂ ਹੋ ਸਕਦਾ। ਉਨ੍ਹਾਂ ਕੋਲ ਸਿਰਫ ਵੀਰਜ **(genes)**ਦੁਆਰਾ ਪ੍ਰਾਪਤ ਵਿਰਸਾ ਹੀ ਹੁੰਦਾ ਹੈ। ਦੂਜਾ ਫਰਕ ਹੈ ਭਾਸ਼ਾ ਦਾ ਪਸੂ ਸਮਾਜ ਕੋਲ ਕੋਈ ਵਿਕਸਿਤ ਭਾਸ਼ਾ ਨਹੀਂ ਜਿਸ ਕਰਕੇ ਉਨ੍ਹਾਂ ਵਿੱਚ ਹਾਵਭਾਵ ਤੇ ਵਿਚਾਰਾਂ ਦੇ ਆਦਾਨ ਪ੍ਰਦਾਨ ਦੀ ਯੋਗਤਾ ਬਹੁਤ ਹੀ ਸੀਮਿਤ ਹੈ। ਉਹ ਇਨ੍ਹਾਂ ਦਾ ਪੀੜ੍ਹੀ ਦਰ ਪੀੜ੍ਹੀ ਸੰਚਾਰ ਨਹੀਂ ਕਰਦੇ।ਪ੍ਰੰਤੂ ਮਨੁੱਖ ਦਾ ਬੌਧਿਕ ਪੱਧਰ ਉੱਚਾ ਹੋਣ ਕਰਕੇ ਉਸ ਨੇ ਸੰਸਕ੍ਰਿਤੀ ਨੂੰ ਵਿਕਸਤ ਕੀਤਾ। ਬੋਲੀ ਰਾਹੀਂ ਉਹ ਸੰਪਰਕ ਸਥਾਪਿਤ ਕਰਦਾ ਹੈ ਅਤੇ ਭਾਸ਼ਾ ਦੁਆਰਾ ਆਪਣੇ ਵਿਚਾਰਾਂ ਤੇ ਭਾਵਾਂ ਦਾ ਦੂਜੀ ਪੀੜ੍ਹੀ ਵਿੱਚ ਸੰਚਾਰ ਕਰਦਾ ਹੈ। ਮਨੁੱਖ ਕੋਲ ਸੰਸਕ੍ਰਿਤੀ ਹੈ ਇਹ ਵੀ ਇਕ ਸਿਖਿਆ ਹੋਇਆ ਵਿਵਹਾਰ ਹੈ ਜੋ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ। ਇਹ ਸੰਸਕ੍ਰਿਤੀ ਹੀ ਹੈ। ਜੋ ਮਨੁੱਖਾਂ ਨੂੰ ਪਸੂਆਂ ਤੋ ਵੱਖ ਕਰਦੀ ਹੈ। ਪਸੂਆਂ ਕੋਲ ਕੋਈ ਸੁਸਕ੍ਰਿਤੀ ਨਹੀਂ ਹੁੰਦੀ। ਜੇਕਰ ਮਨੁੱਖ ਕੋਲੋ ਸੰਸਕ੍ਰਿਤੀ ਖੋਹ ਲਈ ਜਾਵੇ ਤਾਂ ਉਹ ਪਸੂ ਸਮਾਨ ਹੀ ਹੁੰਦਾ ਹੈ। ਇਨ੍ਹਾਂ ਦੋਵੇ ਸਮਾਜਾਂ ਵਿੱਚ ਅਸੀ ਹੇਠ ਲਿਖੇ ਅਨੁਸਾਰ ਅੰਤਰ ਕਰ ਸਕਦੇ ਹਾਂ:

| ਪਸ਼ੂ ਸਮਾਜ | ਮਨੁੱਖੀ ਸਮਾਜ |
|---|---|
| ੳ) ਪਸ਼ੂ ਸਮਾਜ ਨੂੰ ਉਜੱਡ ਜਾਂ ਹੈਵਾਨਾਂ ਦਾ ਸਮਾਜ ਕਿਹਾ ਜਾਂਦਾ ਹੈ ਕਿਉਕਿ ਇਨ੍ਹਾਂ ਕੋਲ ਨਾ ਤਾਂ ਕੋਈ ਸੰਸਕ੍ਰਿਤੀ ਹੁੰਦੀ ਹੈ ਅਤੇ ਨਾ ਹੀ ਸਭਿਅਤਾ। | ਮਨੁੱਖੀ ਸਮਾਜ ਨੂੰ ਸਭਿਅਕ ਸਮਾਜ ਆਖਿਆ ਜਾਂਦ ਹੈ ਕਿਉਕਿ ਇਸ ਕੋਲ ਆਪਣੀ ਵਿਕਸਤ ਸੰਸਕ੍ਰਿਤੀ ਹੁੰਦੀ ਹੈ। |
| ਅ) ਪਸ਼ੂ ਸਮਾਜ ਦੇ ਕੋਈ ਕਾਇਦੇ ਕਾਨੂੰਨ ਨਹੀ ਹੁੰਦੇ ਅਤੇ ਨਾ ਹੀ ਉਹ ਦੂਸਰਿਆਂ ਪ੍ਰਤੀ ਜਾਗਰੂਕ ਹੋ ਕੇ ਕਾਰਜ ਕਰਦੇ ਹਨ। | ਮਨੁੱਖੀ ਸਮਾਜ ਦੇ ਆਪਣੇ ਕਾਇਦੇ ਕਾਨੂੰਨ ਹੁੰਦੇ ਹਨ ਜਿਨ੍ਹਾਂ ਦੀ ਪਾਲਣਾ ਕਰਨ ਨਾਲ ਹੀ ਸਮਾਜ ਵਿੱਚ ਵਿਚਰਿਆਂ ਜਾ ਸਕਦਾ ਹੈ। ਅਤੇ ਹਰੇਕ ਵਿਅਕਤੀ ਦੂਸਰਿਆਂ ਪ੍ਰਤੀ ਚੇਤੰਨ ਹੋ ਕੇ ਕਾਰਜ ਕਰਦਾ ਹੈ। |
| ੲ) ਪਸ਼ੂ ਸਮਾਜ ਮੂਲ ਪ੍ਰਵਿਰਤੀਆਂ ਤੇ ਹੀ ਆਧਾਰਿਤ ਹੁੰਦਾ ਹੈ। | ਮਨੁੱਖੀ ਸਮਾਜ ਤਾਰਕਿਕ ਵਿਵਹਾਰ ਤੇ ਅਧਾਰਿਤ ਹੁੰਦਾ ਹੈ। |

| | |
|---|---|
| ਸ) ਪਸ਼ੂ ਸਮਾਜ ਵਿੱਚ ਸਮਾਜਿਕ ਜਾਗਰੂਕਤਾ ਨਾ ਮਾਤਰ ਹੀ ਹੁੰਦੀ ਹੈ ਅਤੇ ਕਿਰਤ ਵੰਡ ਵੀ ਸਿੱਖੇ ਢੰਗ ਨਾਲ ਨਹੀ ਬਲਕਿ ਜੀਵ ਵਿਗਿਆਨਕ ਨਿਪੁੰਨਤਾਂ ਤੇ ਤੇ ਅਧਾਰਿਤ ਹੁੰਦੀ ਹੈ। | ਮਨੁੱਖੀ ਸਮਾਜ ਵਿੱਚ ਸਮਾਜਿਕ ਜਾਗਰੂਕਤਾ ਭਾਵ ਦੂਸਰਿਆਂ ਪ੍ਰਤੀ ਚੇਤੰਨਤਾ ਹੁੰਦੀ ਹੈ। ਇਕ ਵਿਅਕਤੀ ਦਾ ਕਾਰਜ ਦੂਜੇ ਵਿਅਕਤੀ ਨੂੰ ਮੁੱਖ ਰਖੱਕੇ ਹੁੰਦਾ ਹੈ। ਕਿਰਤ ਵੰਡ ਨਿਪੁੰਨਤਾ ਅਤੇ ਯੋਗਤਾ ਤੇ ਆਧਾਰਿਤ ਹੁੰਦੀ ਹੈ। |
| ਹ) ਪਸ਼ੂਆਂ ਵਿੱਚ ਸੰਗਠਿਤ ਹੋਣ ਦਾ ਤਰੀਕਾ ਕਾਫੀ ਹੱਦ ਤੱਕ ਨਿਸ਼ਚਿਤ ਅਤੇ ਕਠੋਰ ਹੁੰਦਾ ਹੈ। | ਮਨੁੱਖੀ ਸਮਾਜ ਵਿੱਚ ਸੰਗਠਿਤ ਹੋਣ ਦਾ ਢੰਗ ਕਾਫ਼ੀ ਹੱਦ ਤੱਕ ਲਚੀਲਾ ਅਤੇ ਅਨੁਕੂਲਿਤ ਹੁੰਦਾ ਹੈ। |
| ਕ) ਪਸ਼ੂਆਂ ਵਿੱਚ ਭਾਸ਼ਾ ਅਤੇ ਬੋਲੀ ਦੀ ਅਣਹੋਂਦ ਕਾਰਨ ਸੰਚਾਰ ਦੀ ਨਾ ਮੌਜੂਦਗੀ ਹੁੰਦੀ ਹੈ ਜਿਸ ਨਾਲ ਉਹ ਆਪਣੀ ਸੰਸਕ੍ਰਿਤੀ ਨੂੰ ਪੀੜ੍ਹੀ ਦਰ ਪੀੜ੍ਹੀ ਸੰਚਾਰਿਤ ਕਰਨ ਤੋਂ ਅਸਮਰੱਥ ਹੁੰਦੇ ਹਨ। | ਮਨੁੱਖਾਂ ਵਿੱਚ ਭਾਸ਼ਾ ਦੇ ਵਿਕਸਿਤ ਹੋਣ ਨਾਲ ਇਹ ਆਪਣੇ ਵਿਚਾਰਾਂ ਤੇ ਭਾਵਾਂ ਦਾ ਆਦਾਨ ਪ੍ਰਦਾਨ ਕਰ ਸਕਦੇ ਹਨ। ਅਤੇ ਆਪਣੀ ਸੰਸਕ੍ਰਿਤੀ ਨੂੰ ਇਕ ਪੀੜ੍ਹੀ ਤੋ ਦੂਸਰੀ ਪੀੜ੍ਹੀ ਸੰਚਾਰਿਤ ਕਰ ਸਕਦੇ ਹਨ। |

ਉਪਰੋਕਤ ਚਰਚਾ ਤੋ ਸਪਸ਼ਟ ਹੁੰਦਾ ਹੈ ਕਿ ਮਨੁੱਖਾਂ ਅਤੇ ਜੀਵਾਂ ਵਿੱਚ ਕਾਫੀ ਚੀਜਾਂ ਦੇ ਇਕੋ ਜਿਹਾ ਹੋਣ ਦੇ ਬਾਵਜੂਦ ਮਨੁੱਖੀ ਸਮਾਜ ਪਸੂ ਸਮਾਜ ਤੋਂ ਭਿੰਨ ਹੈ। ਭਾਸ਼ਾ ਅਤੇ ਬੋਲੀ ਕਾਰਨ ਅਤੇ ਵਿਕਸਿਤ ਸੰਸਕ੍ਰਿਤੀ ਕਰਕੇ ਇਹ ਪਸ਼ੂਆਂ ਦੇ ਸਮਾਜ ਤੋ ਵਖੱਰਾ ਹੈ। ਮਨੁੱਖੀ ਸਮਾਜ ਦਾ ਆਗਮਨ ਕਦੋਂ ਹੋਇਆ ਇਸ ਬਾਰੇ ਵੱਖ ਵੱਖ ਵਿਗਿਆਨੀਆਂ ਦੀ ਵੱਖ ਵੱਖ ਰਾਏ ਹੈ। ਬਹੁਤ ਸਾਰੇ ਸਿਧਾਂਤ ਦਿੱਤੇ ਗਏ ਹਨ ਜਿਹੜੇ ਆਪਣੇ ਆਪਣੇ ਤਰੀਕੇ ਨਾਲ ਸਮਾਜ ਦੀ ਉਤਪੱਤੀ ਨੂੰ ਬਿਆਨ ਕਰਦੇ ਹਨ। ਇਥੇ ਉਨ੍ਹਾਂ ਸਾਰੇ ਸਿਧਾਂਤਾ ਬਾਰੇ ਰੌਸ਼ਨੀ ਪਾਉਣਾ ਸੰਭਵ ਨਹੀ। ਸਿਰਫ ਪ੍ਰਮੁੱਖ ਦੋ ਸਿਧਾਂਤਾ ਦਾ ਹੀ ਜ਼ਿਕਰ ਕਰਾਂਗੇ।

**1.4.6 ਸਮਾਜ ਦੀ ਉਤਪੱਤੀ ਦੇ ਸਿਧਾਂਤ** : ਵੱਖ ਵੱਖ ਸਮਾਜ ਵਿਗਿਆਨੀਆ ਨੇ ਆਪਣੀ ਸੋਚ ਮੁਤਾਬਿਕ ਸਮਾਜ ਦੀ ਉਤਪੱਤੀ ਦੇ ਵੱਖਰੇ ਸਿਧਾਂਤ ਪੇਸ਼ ਕੀਤੇ ਹਨ। ਕਈ ਵਿਗਿਆਨੀ ਇਸਨੂੰ ਕਰਮ ਵਿਕਾਸ ਦਾ ਨਾਂ ਦਿੰਦੇ ਹਨ ਅਤੇ ਕਈ ਇਸ ਨੂੰ ਗਰੁੱਪ ਮਾਂਈਡ ਸਿਧਾਂਤ ਨਾਲ ਪੇਸ਼ ਕਰਦੇ ਹਨ।ਇਥੇ ਅਸੀਂ ਸਮਾਜ ਨੂੰ ਕ੍ਰਮ ਵਿਕਾਸ ਦੇ ਸਿਧਾਂਤ ਤੇ ਹੀ ਰੋਸ਼ਨੀ ਪਾਵਾਂਗੇ।

**1.4.6.1 ਕ੍ਰਮ ਵਿਕਾਸ ਦਾ ਸਿਧਾਂਤ (Evolutionary Theory)** : ਇਸ ਸਿਧਾਂਤ ਦੇ ਮੁਤਾਬਿਕ ਸਮਾਜ ਨੂੰ ਬਣਾਇਆ ਨਹੀ ਗਿਆ ਬਲਕਿ ਇਸ ਦਾ ਵਿਕਾਸ ਹੋਇਆ ਹੈ। ਇਹ ਹੌਲੀ ਹੌਲੀ ਸਹਿਜ ਵਿਕਾਸ ਦੀ ਪ੍ਰਕਿਆ ਦਾ ਨਤੀਜਾ ਹੈ ਜਿਸਦਾ ਅਸੰਗਠਿਤ ਤ੍ਰੋ ਸੰਗਠਿਤ ਅਤੇ ਸਧਾਰਣ ਤੋਂ ਸਾਧਾਰਣ ਵੱਲ ਵਿਕਾਸ ਹੋਇਆ ਹੈ। ਸਮਾਜ ਨੂੰ ਮੌਜੂਦਾ ਜਟਿਲ ਸਥਿਤੀ ਤੱਕ ਪਹੁੰਚਣ ਲਈ ਕਈ ਪੜ੍ਹਾਵਾਂ ਵਿਚੋ ਲੰਘਣਾ ਪਿਆ ਹੈ। **ਅਗਸਤ ਕੌਂਤ** ਨੇ ਸਮਾਜ ਦੀਆਂ ਤਿੰਨ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ ਉਹ ਹਨ ਅਧਿਆਤਮਕ-ਅਧਿਭੌਤਕੀ ਅਤੇ ਸਕਾਰਾਤਮਕਵਾਦ। ਇਸ ਤੋ ਭਾਵ ਹੈ ਕਿ ਲੋਕਾਂ ਦੀ ਲੋੜਾ ਵਿੱਚੋ ਉਪੱਜੀ ਸੰਗਠਤਾ ਜਿਹੜੀ ਕੁਝ ਕਾਇਦੇ ਕਾਨੂੰਨਾਂ ਤੇ ਆਧਾਰਿਤ ਹੁੰਦੀ ਹੈ ਉਸ ਵਿਚੋ ਸਮੇ ਸਮੇ ਸਿਰ ਤਬਦੀਲੀਆਂ ਨਾਲ ਸਮਾਜ ਵਿਕਸਿਤ ਹੁੰਦਾ ਗਿਆ। ਇਹ ਕਿਸੇ ਇਕਦਮ ਪੈਦਾ ਹੋਣ ਵਾਲੀ ਪ੍ਰਕ੍ਰਿਆ

ਦਾ ਨਤੀਜਾ ਨਹੀਂ ਹੈ। ਇਸੇ ਸੰਦਰਭ ਵਿੱਚ **ਹਰਬਰਟ ਸਪੈ਼ਸਰ** ਨੇ ਵੀ ਆਂਗਿਕ ਸਮਾਨਤਾ ਸਿਧਾਂਤ ਦਿੱਤਾ ਹੈ। ਉਸ ਅਨੁਸਾਰ ਸਮਾਜ ਦੇ ਵਿਕਾਸ ਦੇ ਵੀ ਉਹੀ ਨਿਯਮ ਹਨ ਜੋ ਜੀਵ ਵਿਕਾਸ ਦੇ ਹਨ।

**1.4.6.2 ਆਂਗਿਕ ਸਮਾਨਤਾ ਦਾ ਸਿਧਾਂਤ (Organic Analogy) :** ਉਨੀਵੀ ਸਦੀ ਵਿੱਚ ਜੀਵ ਵਿਗਿਆਨ ਦੀ ਚੜ੍ਹਤ ਸੀ ਭਾਵ ਚਾਰਲਸ ਡਾਰਵਿਨ ਜਿਸਨੂੰ ਕ੍ਰਮ ਵਿਕਾਸ ਦੇ ਸਿਧਾਂਤ ਦਾ ਬਾਨੀ ਮੰਨਿਆ ਜਾਂਦਾ ਹੈ, ਦਾ ਹਰਬਰਟ ਸਪੈਸਰ ਤੇ ਬਹੁਤ ਪ੍ਰਭਾਵ ਪਿਆ। ਡਾਰਵਿਨ ਦਾ ਕਰਮ ਵਿਕਾਸ ਦਾ ਸਿਧਾਂਤ ਇਹ ਦਰਸਾਉਦਾ ਹੈ ਕਿ ਕਿਵੇ ਇਕ ਸਧਾਰਨ ਸੈੱਲ ਦੇ ਜੀਵ ਅਮੀਬਾ ਤੋ ਮੱਛੀ, ਡੱਡੂ, ਬਾਂਦਰ ਆਦਿ ਤੋ ਬਾਆਦ ਇਕ ਜਟਿਲ ਜੀਵ ਮਨੁੱਖ ਬਣਿਆ। ਕਹਿਣ ਤੋ ਭਾਵ ਇਹ ਹੈ ਕਿ ਜੀਵ ਜਗਤ ਇਕੋ ਟਾਈਮ ਉਤੇ ਰੱਬ ਵਲੋ ਨਹੀ ਸਿਰਜਿਆ ਗਿਆ ਪ੍ਰੰਤੂ ਇਹ ਤਾਂ ਸਹਿਜੇ ਸਹਿਜੇ ਬਹੁਤ ਲੰਮੇ ਅਰਸੇ ਦੌਰਾਨ ਜੀਵਾਂ ਦੇ ਆਪਸੀ ਘੋਲਾਂ ਕਾਰਣ ਸਾਧਾਰਣ ਤੋ ਜਟਿਲ ਹੁੰਦਾ ਗਿਆ।

**ਹਰਬਰਟ ਸਪੈਸਰ** ਇਸ ਸਹਿਜ ਵਿਕਾਸ ਦੀ ਪ੍ਰੀਕ੍ਰਿਆ ਨੂੰ ਸਮਝਾਉਣ ਲਈ ਦਸੱਦਾ ਹੈ ਕਿ ਜੇਕਰ ਅਸੀ ਮੁੱਢਲੀ ਅਵਸਥਾ ਵਿੱਚ ਕੁੱਤੇ, ਬਿੱਲੀ, ਮਨੁੱਖ ਆਦਿ ਦੇ ਭਰੂਣ ਵੇਖੀਏ ਤਾਂ ਇਨ੍ਹਾਂ ਨੂੰ ਇਕ ਦੂਸਰੇ ਤੋ ਵੱਖ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਇਨ੍ਹਾ ਵਿੱਚ ਬਹੁਤ ਜਿਆਦਾ ਅਵਿਭੇਦੀਕਰਣ ਤੇ ਸਮਰੂਪਤਾ ਹੁੰਦੀ ਹੈ ਪਰ ਜਿਉ ਇਨ੍ਹਾਂ ਦਾ ਆਕਾਰ ਵੱਡਾ ਹੁੰਦਾ ਹੈ ਉਸੇ ਤਰ੍ਹਾਂ ਨਾਲ ਇਨ੍ਹਾਂ ਦੇ ਅੰਗਾ ਵਿੱਚ ਵੀ ਵਖਰੇਵਾਂ ਆਉਦਾ ਹੈ ਜਿਹੜਾ ਕਿ ਪੂਰਨ ਰੂਪ ਅਖਤਿਆਰ ਕਰਨ ਤੱਕ ਬਿਲਕੁਲ ਵੱਖਰਾ ਰੂਪ ਤੇ ਅਕਾਰ ਧਾਰਨ ਕਰ ਲੈਦਾ ਹੈ। ਜੇਕਰ ਅਸੀ ਨੀਵੇ ਪੱਧਰ ਦੇ ਜੀਵਾਂ ਦੇ ਹਦਮਾਗ ਅਤੇ ਮਨੁੱਖੀ ਦਿਮਾਗ ਦੀ ਗਹੁ ਨਾਲ ਪਰਖ ਕਰੀਏ ਤਾਂ ਵੇਖਾਂਗੇ ਕਿ ਜੀਵਾਂ ਦੇ ਦਿਮਾਗ ਨਾਲੋਂ ਮਨੱਖੀ ਦਿਮਾਗ ਬਹੁਤ ਹੀ ਜਿਆਦਾ ਜਟਿਲ ਹੁੰਦਾ ਹੈ। ਇਸ ਜਟਿਲਤਾ ਤੋ ਭਾਵ ਹੈ ਕਿ ਜੀਵ ਦੇ ਅੰਸ਼ਾ ਦੇ ਵੱਖ ਵੱਖ ਕਾਰਜ ਵੱਖ ਵੱਖ ਕੇਦਰਾਂ ਤੋ ਕੰਟਰੋਲ ਕੀਤੇ ਜਾਂਦੇ ਹਨ। ਇਨ੍ਹਾਂ ਵਿੱਚ ਬੇਹਦ ਵੱਖਰੇਵਾ ਹੁੰਦਾ ਹੈ।ਪਰ ਇਸ ਦੇ ਬਾਵਜੂਦ ਇਹ ਇਕ ਦੂਜੇ ਨਾਲ ਜੁੜੇ ਹੋਏ ਹੁੰਦੇ ਹਨ। ਉਨ੍ਹਾਂ ਦੀ ਇਕ ਦੂਜੇ ਉਤੇ ਕਾਰਜ ਨਿਰਭਰਤਾ ਹੈ। ਇਹ ਨਿਰਭਰਤਾ ਇਸ ਹੱਦ ਤੱਕ ਵੱਧ ਜਾਂਦੀ ਹੈ ਕਿ ਜੇਕਰ ਇਕ ਦੇ ਕਾਰਜ ਵਿੱਚ ਵਿਘਨ ਪੈ ਜਾਵੇ ਤਾਂ ਉਸਦੀ ਕਮੀ ਪੂਰੀ ਨਹੀ ਕੀਤੀ ਜਾ ਸਕਦੀ । ਇਸੇ ਦਾ ਨਾ ਹੀ ਜਟਿਲਤਾ ਹੈ। ਜਿਵੇ ਅਮੀਬਾ ਕੇਵਲ ਇਕ ਸੈਲ ਵਾਲਾ ਜੀਵ ਹੈ ਪ੍ਰੰਤੂ ਮਨੁੱਖ ਦੇ ਇਕ ਛੋਟੇ ਜਿਹੇ ਅੰਗ ਵਿੱਚ ਅਜਿਹੇ ਹਜਾਰਾਂ ਸੈਲ ਹੁੰਦੇ ਹਨ। ਅਮੀਬੇ ਦਾ ਕੋਈ ਮੂੰਹ, ਸਿਰ, ਪੈਰ,ਅੱਖ, ਨੱਕ ਦਿਮਾਗ ਦਿਲ ਨਹੀ ਹੁੰਦਾ ਪ੍ਰੰਤੂ ਮਨੁੱਖ ਦੇ ਵਿੱਚ ਇਹ ਸਭ ਕੁਝ ਇਕ ਦੂਜੇ ਨਾਲੋ ਇਨ੍ਹਾਂ ਭਿੰਨ ਹੁੰਦਾ ਹੈ ਕਿ ਉਨ੍ਹਾਂ ਦੀ ਸੰਰਚਨਾ ਜਾਂ ਢਾਂਚੇ ਅਤੇ ਕਾਰਜਾਂ ਵਿੱਚ ਕੁਝ ਵੀ ਸਾਂਝਾ ਨਹੀ। ਪਰ ਫਿਰ ਵੀ ਉਹ ਇਕ ਦੂਜੇ ਉੱਤੇ ਨਿਰਭਰ ਹੁੰਦੇ ਹਨ।

ਹਰਬਰਟ ਸਪੈਸਰ ਲਿਖਦਾ ਹੈ ਕਿ ਠੀਕ ਇਸੇ ਤਰੀਕੇ ਨਾਲ ਸਮਾਜ ਅਤੇ ਸਮਾਜਿਕ ਪਰਪੰਚਾ ਵਿੱਚ ਹੁੰਦਾ ਹੈ। ਜਿਸ ਤਰੀਕੇ ਨਾਲ ਸੈਲ ਨਾਲ ਸੈਲ ਜੁੜ ਕੇ ਅੰਗ ਅਤੇ ਅੰਗ ਨਾਲ ਜੁੜਕੇ ਪੂਰਨ ਜੀਵ ਬਣਾਉਦੇ ਹਨ, ਠੀਕ ਉਸੇ ਤਰ੍ਹਾਂ ਹੀ ਮਨੁੱਖ ਨਾਲ ਇਕਠੇ ਹੋ ਕੇ ਗਰੁੱਪ ਜਾਂ ਪਰਿਵਾਰ ਬਣਾਉਦੇ ਹਨ ਜੋ ਆਪਸ ਵਿੱਚ ਮਿਲਕੇ ਕਲੈਨ (ਖਾਨਦਾਨ) ਕਈ ਖਾਨਦਾਨ ਮਿਲਕੇ ਕਬਿਲਾ ਅਤੇ ਆਖਰ ਵਿੱਚ ਰਾਸ਼ਟਰ ਬਣਦਾ ਹੈ ਇਹੋ ਇਸੇ ਕਰਕੇ ਸੰਭਵ ਹੈ ਕਿਉਕਿ ਸਮਾਜ ਵੀ ਜੀਵਾਂ ਦੀ ਤਰ੍ਹਾਂ ਜਾਨਦਾਰ ਹੁੰਦੇ ਹਨ ਜੋ ਹੋਲੀ ਹੋਲੀ ਛੋਟੇ ਤੋ ਵੱਡੇ ਹੁੰਦੇ ਹਨ ਅਤੇ ਆਖਰ ਵਿੱਚ ਮਿਟ ਮੁੱਕ ਜਾਂਦੇ ਹਨ। ਕਿਉਕਿ ਸਮਾਜ ਜੀਵਾਂ ਵਰਗੇ ਹੁੰਦੇ ਹਨ ਇਸੇ ਕਰਕੇ ਉਨ੍ਹਾਂ ਦੇ ਵਿਕਾਸ ਤੇ ਸਿਧਾਂਤ ਵੀ ਸਾਂਝੇ ਹਨ। ਹਰਬਰਟ ਸਪੈਸਰ ਦਾ ਸਮਾਜ ਦੇ ਵਿਕਾਸ ਦਾ ਆਂਗਿਕ ਸਮਾਨਤਾ ਦਾ ਇਹੀ ਸਿਧਾਂਤ ਹੈ

ਜਿਸਦਾ ਜ਼ਿਕਰ ਉਸ ਨੇ ਆਪਣੀ ਕਿਤਾਬ ਪ੍ਰਿਸੀਪਲ ਆਫ ਸੋਸ਼ਿਆਲੋਜੀ ਵਿੱਚ ਕੀਤਾ ਹੈ।

**ਆਪਣਾ ਗਿਆਨ ਪਰਖੋ :**

1. ਸਮਾਜ ਤੋਂ ਕੀ ਭਾਵ ਹੈ? ਆਪਣੇ ਸ਼ਬਦਾ ਵਿੱਚ ਲਿਖੋ।

   ..........................................................................................................

   ..........................................................................................................

   ..........................................................................................................

2. ਸਮਾਜ ਦੀ ਰਚਨਾ ਲਈ ਆਪਸੀ ਚੇਤੰਨਤਾ ਕਿਉਂ ਜਰੂਰੀ ਹੈ?

   ..........................................................................................................

   ..........................................................................................................

   ..........................................................................................................

3. ਕੀ ਸਮਾਜ ਦੇ ਨਿਰਮਾਣ ਲਈ ਸਹਿਯੋਗ ਅਤੇ ਸੰਘਰਸ਼ ਜਰੂਰੀ ਹੈ?

   ..........................................................................................................

   ..........................................................................................................

   ..........................................................................................................

**1.4.7 ਸਮਾਜ ਦੀਆਂ ਕਿਸਮਾਂ** : ਵੱਖ ਵੱਖ ਸਮਾਜ ਵਿਗਿਆਨੀਆਂ ਨੇ ਸਮਾਜ ਦੀਆਂ ਵੱਖ ਵੱਖ ਕਿਸਮਾਂ ਦਾ ਜ਼ਿਕਰ ਕੀਤਾ ਹੈ। ਸਮਾਜ ਵਿਗਿਆਨ ਦੇ ਪਿਤਾਮਾ ਅਗਸਤ ਕਾਮਤੈ ਨੇ ਸਮਾਜ ਦੇ ਤਿੰਨ ਪੜ੍ਹਾਵਾਂ ਦਾ ਜ਼ਿਕਰ ਕੀਤਾ ਹੈ ਉਹ ਹਨ ਅਧਿਆਤਮਕ **(Theological).** ਅਧਿਭੌਤਕੀ **(Metaphysical)**. ਸਾਕਾਰਾਤਮਕਵਾਦ **(Positive)** ਮਾਰਗਨ ਨੇ ਇਨ੍ਹਾਂ ਨੂੰ **Savagery-Barbarism** ਅਤੇ **Civilization** ਦੇ ਨਾਂ ਦਿੱਤੇ ਹਨ। ਮਾਰਕਸ ਵਰਗੇ ਚਿੰਤਕ ਨੇ ਸਮਾਜ ਦੇ ਵਿਕਾਸ ਦੀ ਗੱਲ ਕਰਦੇ ਹੋਏ ਇਸਨੂੰ ਪੁਰਾਤਨ **(Primtive or Anceint),** ਜਾਗੀਰਦਾਰੀ **(Feudal)** ਫਿਰ ਸਰਮਾਏਦਾਰੀ **(Capitalist)** ਅਤੇ ਸਮਾਜਵਾਦ **(Socialist)** ਸਮਾਜਾਂ ਵਿੱਚ ਭਿੰਨਤਾ ਦਰਸਾਈ ਹੈ। ਕੁਝ ਵਿਗਿਆਨੀ ਸਮਾਜ ਨੂੰ ਪੁਰਾਤਨ **(Primtive)** ਜਾਂ ਆਧੁਨਿਕ **(Modern)** ਦੀ ਸੰਗਿਆ ਦਿੰਦੇ ਹਨ ਅਤੇ ਕੁਝ ਨੇ ਇਸ ਦੀ ਵੰਡ ਸਧਾਰਨ **(Simple)** ਅਤੇ ਜਟਿਲ **(Complex)**ਸਮਾਜ ਵਜੋਂ ਕੀਤੀ ਹੈ।

ਜਿਵੇ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਸਮਾਜ ਦਾ ਵਿਕਾਸ ਵੀ ਜੀਵ ਦੇ ਵਿਕਾਸ ਦੀ ਤਰ੍ਹਾਂ ਹੀ ਹੁੰਦਾ ਹੈ ਜਿਸ ਨਾਲ ਉਸ ਦੀ ਸੰਰਚਨਾ ਅਤੇ ਕਾਰਜ ਦੋਨਾਂ ਦਾ ਵਿਕਾਸ ਸਧਾਰਨ ਤੋ ਜਟਿਲ ਹੋਣ ਵੱਲ ਵੱਧਦਾ ਹੈ। ਇਸ ਸਿਧਾਂਤ ਦੇ ਤਹਿਤ ਹੀ ਸਪੈਸਰ ਨੇ ਸਮਾਜ ਨੂੰ ਕਾਰਜ ਅਤੇ ਸਰੰਚਨਾ ਦੇ ਅਧਾਰ ਤੇ ਵੰਡਿਆ ਹੈ। ਉਸ ਅਨੁਸਾਰ ਸਰੰਚਨਾ ਦੇ ਆਧਾਰ ਤੇ ਸਮਾਜ ਚਾਰ ਕਿਸਮ ਦੇ ਹੁੰਦੇ ਹਨ। ਸਾਧਾਰਨ (Simple), ਸੰਯੁਕਤ (Compound), ਦੂਹਰੇ ਸੰਯੁਕਤ (Double compound) ਤੀਹਰੇ ਸੰਯੁਕਤ **(Trebly Compoud)** ਕਿਸਮ ਦੇ ਹੁੰਦੇ ਹਨ।

ਦੂਸਰੇ ਪਾਸੇ ਕਾਰਜ ਦੇ ਆਧਾਰ ਤੇ ਸਮਾਜ ਦੋ ਕਿਸਮਾਂ ਦੇ ਹੁੰਦੇ ਹਨ। ਇਕ ਜੰਗਜੂ ਜਾਂ ਸੈਨਿਕ ਸਮਾਜ **(Military Society)** ਅਤੇ ਦੂਸਰੇ ਉਦਯੋਗਿਕ ਸਮਾਜ **(Industrial Society)** ਪੈਂਸਰ ਅਨੁਸਾਰ ਜਿਵੇਂ ਜਿਵੇਂ ਆਕਾਰ ਵੱਡਾ ਹੁੰਦਾ ਹੈ ਸਮਾਜ ਵਿੱਚ ਵਿਭੇਦੀਕਰਣ **(Differentiation)** ਹੁੰਦਾ ਹੈ ਅਤੇ ਨਾਲ ਹੀ ਉਸਦੀ ਸਰੰਚਨਾ ਵੀ ਬਦਲਦੀ ਹੈ ਅਤੇ ਇਹ ਸਧਾਰਨ ਤੋਂ ਜਟਿਲਤਾ ਵੱਲ ਵੱਧਦੇ ਹਨ। ਮਨੁੱਖਾਂ ਦਾ ਮੁੱਢਲਾ ਸਮਾਜ ਸਾਧਾਰਨ ਸੀ ਜਿਸ ਵਿਚ ਸਮਰੂਪਤਾ ਅਤੇ ਵਿਭੇਦੀਕਰਨ ਸੀ। ਇਹ ਸਮਾਜ ਆਮ ਤੌਰ ਤੇ ਪਰਿਵਾਰਾ ਦਾ ਇਕਠ ਹੀ ਸੀ ਜਿਸਤੋ ਫਿਰ ਖਾਨਦਾਨ, ਖਾਨਦਾਨਾਂ ਦੇ ਇਕਠ ਤੋ ਕਬੀਲੇ ਅਤੇ ਫਿਰ ਰਾਸ਼ਟਰ ਅਤੇ ਇਸੇ ਤਰ੍ਹਾਂ ਸਧਾਰਣ ਸਮਾਜ ਤੋ ਸੰਯੁਕਤ, ਸੰਯੁਕਤ ਤੋ ਦੂਹਰੇ ਸੰਯੁਕਤ ਤੇ ਤੀਹਰੇ ਸੰਯੁਕਤ ਹੋਂਦ ਵਿਚ ਆਏ।ਜਿਵੇ ਜਿਵੇ ਸਮਾਜ ਵਿਕਾਸ ਵੱਲ ਵੱਧੇ ਉਸੇ ਤਰ੍ਹਾਂ ਹੀ ਉਨ੍ਹਾਂ ਵਿੱਚ ਸੱਤਾ ਸ਼ਕਤੀ ਵੀ ਅਸਥਿਰਤਾ ਤੋ ਸਥਿਰਤਾ ਵੱਲ ਵਧੀ। ਇਸੇ ਕਰਕੇ ਆਧੁਨਿਕ ਯੁੱਗ ਵਿੱਚ ਕੋਈ ਅਜਿਹਾ ਦੇਸ਼ ਜਾਂ ਰਾਜ ਨਹੀ ਜਿਸ ਵਿੱਚ ਰਾਜਸ਼ਕਤੀ ਕੇਦਰਿਤ ਨਾ ਹੋਵੇ ਮੁਢਲੇ ਸਮਾਜ ਇਸ ਤੋ ਬਿਨਾਂ ਹੁੰਦੇ ਸਨ ਜਿਨ੍ਹਾਂ ਨੂੰ ਅਸਥਿਰ **(Headless or acephalous)** ਸਮੂਹ ਕਿਹਾ ਜਾਂਦਾ ਸੀ। ਅਜਿਹੇ ਸਮਾਜਾਂ ਵਿੱਚ ਰਾਜ ਸੱਤਾ ਕਿਸੇ ਇਕ ਮੁੱਖੀ ਵਿੱਚ ਕੇਦਰਿਤ ਨਹੀ ਸੀ। ਅੱਜ ਕਲ੍ਹ ਕੋਈ ਵੀ ਰਾਜ ਪੱਕੀ ਸਰਕਾਰ ਤੋ ਬਿਨਾਂ ਨਹੀ ਹੈ। ਇਥੇ ਇਨ੍ਹਾਂ ਸਾਰੀਆਂ ਕਿਸਮਾਂ ਦਾ ਵਿਸਥਾਰ ਵਿੱਚ ਵਰਨਣ ਕਰਨਾ ਮੁਮਕਿਨ ਨਹੀਂ। ਸੋ, ਅਸੀ ਕੇਵਲ ਸਮਾਜ ਦੀਆਂ ਮੁੱਖ ਕਿਸਮਾਂ ਤੇ ਹੀ ਰੋਸ਼ਨੀ ਪਾਵਾਂਗੇ। ਆਮ ਤੌਰ ਤੇ ਸਮਾਜ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਉਹ ਹਨ ਸਧਾਰਨ ਸਮਾਜ ਅਤੇ ਜਟਿਲ ਸਮਾਜ ।

**(ੳ) ਸਧਾਰਨ ਸਮਾਜ** : ਸਧਾਰਨ ਸਮਾਜ ਤੋ ਭਾਵ ਉਸ ਸਮਾਜ ਤੋ ਹੈ ਜਿਸ ਵਿੱਚ ਤਕਨੀਕ ਸਧਾਰਨ ਸੀ ਅਤੇ ਵਿਅਕਤੀਆਂ ਦਾ ਵਾਤਾਵਰਨ ਉੱਤੇ ਨਿਯੰਤਰਣ ਨਹੀ ਸੀ । ਸਮਾਜ ਦਾ ਆਕਾਰ ਬਹੁਤ ਛੋਟਾ ਸੀ ਅਤੇ ਇਸ ਵਿੱਚ ਕੰਮ ਦੀ ਵੰਡ ਅਤੇ ਨਿਪੁੰਨਤਾ ਬਹੁਤ ਹੀ ਘੱਟ ਸੀ। ਅਸੀ ਸਾਰੇ ਕਬਾਇਲੀ ਸਮਾਜਾਂ ਨੂੰ ਇਸ ਸ੍ਰੇਣੀ ਵਿੱਚ ਪਾ ਸਕਦੇ ਹਾਂ। ਜਰੂਰਤਾਂ ਦੀ ਪੂਰਤੀ ਲਈ ਹੀ ਪੈਦਾਵਾਰ ਕੀਤੀ ਜਾਂਦੀ ਸੀ ਅਤੇ ਕਰੰਸੀ ਨਹੀ਼ ਸੀ ਜਿਸ ਕਰਕੇ ਵਸਤਾਂ ਦਾ ਲੈਣ ਦੇਣ ਹੀ ਹੁੰਦਾ ਸੀ।ਆਰਥਿਕਤਾ ਚਾਰ ਕਿਸਮਾਂ ਵਿੱਚ ਵੰਡੀ ਜਾ ਸਕਦੀ ਹੈ।

(ੳ) ਸ਼ਿਕਾਰ ਅਤੇ ਭੋਜਨ ਇਕੱਠਾ ਕਰਨਾ।

(ਅ) ਪਸ਼ੂ ਪਾਲਣ

(ੲ) ਅਸਥਾਈ ਖੇਤੀਬਾੜੀ

(ਸ) ਸਥਾਈ ਖੇਤੀਬਾੜੀ, ਆਦਿ।

ਚੀਜਾਂ ਵਸਤਾਂ ਦਾ ਵਟਾਂਦਰਾਂ ਮਾਰਕਿਟ ਤੋ ਬਿਨਾਂ ਹੀ ਹੋ ਜਾਂਦਾ ਸੀ। ਜੇਕਰ ਮਾਰਕਿਟ ਲੱਗਦੀ ਵੀ ਸੀ ਤਾਂ ਬਹੁਤ ਹੀ ਛੋਟੇ ਸਕੇਲ ਤੇ। ਸਧਾਰਨ ਸਮਾਜਾਂ ਵਿੱਚ ਸੰਗਠਿਤ ਹੋਣ ਦਾ ਤਰੀਕਾ ਵੀ ਬਹੁਤ ਸਾਦਾ ਹੀ ਸੀ। ਬੇਸ਼ਕ ਨਾਤੇਦਾਰੀ, ਵਿਆਹ, ਧਰਮ, ਰਾਜਨੀਤੀ ਆਦਿ ਦਾ ਇਕ ਵਿਸਤ੍ਰਿਤ ਸਿਸਟਮ ਸੀ ਪ੍ਰੰਤੂ ਅੱਜ ਕਲ ਦੇ ਆਧੁਨਿਕ ਸਮਾਜ ਦੇ ਮੁਕਾਬਲੇ ਇਹ ਬਹੁਤ ਹੀ ਸਧਾਰਨ ਸੀ। ਜੇਕਰ ਅਸੀ ਕਬਾਇਲੀ ਸਮਾਜ ਵਿੱਚੋ ਨਾਤੇਦਾਰੀ ਦੀ ਗੱਲ ਕਰੀਏ ਤਾਂ ਪਤਾ ਚਲਦਾ ਹੈ ਕਿ ਕਬੀਲਾ ਇਕ ਛੋਟੇ ਜਿਹੇ ਭੂ-ਖੇਤਰ ਤੇ ਰਹਿਣ ਵਾਲਾ ਇਕੱਠ ਜਿਨ੍ਹਾਂ ਦੀ ਇਕ ਆਪਣੀ ਭਾਸ਼ਾ ਧਰਮ, ਅਤੇ ਰਾਜਨੀਤੀ ਹੁੰਦੀ ਹੈ ਇਹ ਆਮ ਤੌਰ ਤੇ ਦੋ ਹਿਸਿਆਂ ਵਿੱਚ ਵੰਡਿਆਂ ਹੁੰਦਾ ਹੈ। ਜਿਸਦੇ ਹਰੇਕ ਹਿੱਸੇ ਨੂੰ ਮੋਇਟੀ **(Moiety)** ਕਿਹਾ ਜਾਂਦਾ ਹੈ।ਜੇਕਰ ਇਹ ਦੋ ਤੋ ਵੱਧ ਹਿੱਸਿਆ ਵਿੱਚ ਵੰਡਿਆਂ

ਹੋਵੇ ਤਾਂ ਹਰੇਕ ਹਿੱਸੇ ਨੂੰ ਫਰੈਟਰੀ **(Phratry)** ਕਿਹਾ ਜਾਂਦਾ ਹੈ। ਇਹ ਗਰੁੱਪ ਬਾਹਰੀ ਵਿਆਹ ਗਰੁੱਪ ਹੁੰਦੇ ਹਨ ਪ੍ਰੰਤੂ ਕਿਤੇ ਕਿਤੇ ਅੰਤਰ-ਵਿਵਾਹ ਵੀ ਵੇਖਣ ਨੂੰ ਮਿਲਦਾ ਹੈ। ਬਹੁ ਵਿਆਹ ਅਤੇ ਇਕ ਵਿਆਹ ਦੋਨਾ ਦੀ ਪ੍ਰਥਾ ਪ੍ਰਚਲੱਤ ਹੈ। ਕਈ ਕਬੀਲੇ ਜਿਵੇ ਉਤਰ ਪ੍ਰਦੇਸ ਦੇ ਖਾਸਾ **(Khasa)** ਅਤੇ ਤਾਮਿਲ ਨਾਡੂ ਦੇ ਟੋਡਾ ਵਿੱਚ ਬਹੁ-ਵਿਆਹ ਪ੍ਰਥਾ ਪ੍ਰਚਲਿੱਤ ਹੈ। ਬੋਧਿਕ ਸੱਤਰ ਦਾ ਵਿਕਾਸ ਨਾ ਹੋਣ ਕਰਕੇ ਅਤੇ ਸਾਇੰਸ ਤੇ ਟੈਕਨਾਲੋਜੀ ਦੀ ਘਾਟ ਕਾਰਨ ਲੋਕਾਂ ਦਾ ਆਪਣੇ ਆਲੇ ਦੁਆਲੇ ਭਾਵ ਵਾਤਾਵਰਨ ਤੇ ਕੰਟਰੋਲ ਨਹੀ ਸੀ। ਅਤੇ ਉਨ੍ਹਾਂ ਨੂੰ ਅਗਿਆਨਤਾ ਕਾਰਨ ਕੁਦਰਤੀ ਆਫਤਾਂ ਜਿਵੇ ਭੁਚਾਲ, ਹੜ੍ਹ,ਜੰਗਲੀ ਜਾਨਵਰ, ਬਿਜਲੀ ਦਾ ਚਮਕਣਾ ਆਦਿ ਕਿਸੇ ਦੈਵੀ ਸ਼ਕਤੀ ਦੇ ਕਾਰਨ ਲੱਗਦੀਆਂ ਸਨ। ਇਹ ਸਭ ਚੀਜਾਂ ਉਨ੍ਹਾਂ ਨੂੰ ਡਰਾਉਣੀਆਂ ਲਗਦੀਆਂ ਸਨ ਜਿਸ ਕਰਕੇ ਉਹ ਬਹੁਤ ਸਾਰੇ ਦੇਵੀ ਦੇਵਤੇ ਅਤੇ ਆਤਮਾਵਾਂ ਵਿੱਚ ਵਿਸ਼ਵਾਸ ਕਰਦੇ ਸਨ। ਇਸ ਲਈ ਇਹਨ੍ਹਾਂ ਦੀ ਪੂਜਾ ਕਰਦੇ ਸਨ ਅਤੇ ਬਹੁਤ ਸਾਰੇ ਜਾਦੂ ਟੂਣੇ ਵੀ ਕਰਦੇ ਸਨ।

ਪਹਿਲਾਂ ਕਬੀਲਿਆਂ ਦੇ ਸਰਦਾਰ ਹੁੰਦੇ ਸਨ ਜੋ ਸਭ ਤੋ ਜਿਆਦਾ ਤਾਕਤਵਰ ਮਨੁੱਖ ਨੂੰ ਬਣਾਇਆ ਜਾਂਦਾ ਸੀ ਅਤੇ ਬਾਕੀ ਉਸ ਤੋ ਡਰਦੇ ਸਨ। ਫਿਰ ਹੋਲੀ ਹੋਲੀ ਰਾਜੇ ਰਾਜ ਕਰਨ ਲੱਗ ਪਏ ਰਾਜਿਆਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਸੀ ਅਤੇ ਉਸ ਦੀ ਹਰੇਕ ਆਗਿਆ ਦਾ ਪਾਲਨ ਹੁੰਦਾ ਸੀ । 18 ਵੀ ਸਦੀ ਵਿੱਚ ਬਸਤੀਵਾਦ **(Colonialism)** ਨੇ ਇਸ ਸਧਾਰਣ ਸਮਾਜ ਦੇ ਸਮਾਜਿਕ ਆਰਥਿਕ ਧਾਰਮਿਕ ਸੰਸਕ੍ਰਿਤਿਕ, ਰਾਜਨੈਤਿਕ, ਆਦਿ ਸਾਰੇ ਪੱਖਾਂ ਨੂੰ ਪ੍ਰਭਾਵਿੱਤ ਕੀਤਾ।

ਬਸਤੀਵਾਦ **(Colonial rule)** ਰਾਜ ਨੇ ਕਬਾਇਲੀ ਜੀਵਨ ਉੱਤੇ ਸਿੱਧੇ ਅਤੇ ਅਸਿੱਧੇ ਦੋਹਾਂ ਤਰੀਕਿਆਂ ਨਾਲ ਆਪਣੀ ਛਾਪ ਛੱਡੀ। ਜਿਸ ਨਾਲ ਨਵੀਆਂ ਫਸਲਾਂ, ਨਵੇ ਸੰਦ ਕਰੰਸੀ ਆਦਿ ਹੋਂਦ ਵਿੱਚ ਆਏ ਤੇ ਇਸ ਨੇ ਸਧਾਰਣ ਸਮਾਜ ਦੇ ਹਰੇਕ ਪਹਿਲੂ ਨੂੰ ਪ੍ਰਭਾਵਿੱਤ ਕੀਤਾ। ਸਧਾਰਣ ਸਮਾਜ ਵਿੱਚ ਕਿਤਾ ਜਿਆਦਾ ਪਿਤਾ ਪੁਰਖੀ ਜਾਂ ਜਾਤ ਤੇ ਆਧਾਰਿਤ ਸੀ। ਕਿਰਤ ਵੰਡ ਅਤੇ ਨਿਪੁੰਨਤਾ ਦੀ ਘਾਟ ਕਰਕੇ ਲੋਕਾਂ ਵਿੱਚ ਅੰਤਰ ਨਿਰਭਰਤਾ ਵੀ ਘੱਟ ਸੀ ਅਤੇ ਉਹ ਆਤਮ ਨਿਰਭਰ ਸੀ। ਮੁੱਖ ਪੈਦਾਵਾਰ ਦਾ ਸਾਧਨ ਖੇਤੀਬਾੜੀ ਸੀ। ਲੋਕ ਘਰਾਂ ਵਿੱਚ ਹੀ ਗਿਲਡ ਸਥਾਪਿਤ ਕਰਦੇ ਸੀ ਜਿਥੇ ਕੰਮ ਸਿੱਖਣ ਵਾਲਿਆਂ ਨੰ ਸਿਖਲਾਈ ਦਿੱਤੀ ਜਾਂਦੀ ਸੀ ਅਤੇ ਥੋੜੇ ਬਹੁਤ ਛੋਟੇ ਛੋਟੇ ਘਰੇਲੂ ਉਦਯੋਗ ਜਿਵੇ ਖੱਡੀ ਤੇ ਕਪੜਾ ਬੁਣਨਾ ਆਦਿ ਲਗਾਏ ਜਾਂਦੇ ਸਨ। ਜਿਥੇ ਘਰ ਦੇ ਮੈਬਰ ਹੀ ਰਲਕੇ ਕੰਮ ਕਰਦੇ ਸਨ।

**(ਅ) ਮਾਡਰਨ, ਆਧੁਨਿਕ ਜਾਂ ਜਟਿਲ ਸਮਾਜ** : ਜਿਵੇ ਜਿਵੇ ਆਬਾਦੀ ਵੱਧਦੀ ਗਈ ਅਤੇ ਸਮਾਜ ਵੱਡੇ ਹੁੰਦੇ ਗਏ ਉਸ ਨਾਲ ਮਨੁੱਖੀ ਸਬੰਧਾਂ ਦੀ ਜਟਿਲਤਾ ਵੀ ਵੱਧਦੀ ਗਈ। ਸਾਇੰਸ ਅਤੇ ਟੈਕਨੋਲੋਜੀ ਦੇ ਪਸਾਰ ਨਾਲ ਲੋਕਾਂ ਦੀ ਵਿਚਾਰਧਾਰਾ ਵਿੱਚ ਤਬਦੀਲੀ ਆਈ ਅਗਿਆਨਤਾ ਤੋ ਲੋਕ ਸਕਾਰਾਤਮਕਵਾਦ ਵੱਲ ਵੱਧੇ। ਇਸ ਆਧੁਨਿਕ ਸਮਾਜ ਦਾ ਅਸਲੀ ਧੁਰਾ ਇੰਗਲੈਡ ਵਿੱਚ ਹੋਈ ਉਦਯੋਗਿਕ ਕ੍ਰਾਂਤੀ ਹੈ ਜਿਸਨੇ ਦੁਨਿਆਵੀ ਢਾਂਚੇ ਨੂੰ ਬੁਨਿਆਦੀ ਪੱਧਰ ਤੇ ਬਦਲ ਦਿੱਤਾ। ਆਧੁਨਿਕ ਉਦਯੋਗਿਕ ਦਾ ਅਰਥ ਹੈ ਸਾਇੰਸ ਅਤੇ ਟੈਕਨੋਲੋਜੀ ਦੀ ਮਦਦ ਨਾਲ ਮਨੁੱਖ ਲਈ ਉਤਪਾਦਨ ਵਿਧੀ ਨੂੰ ਸੁਖਾਲਾ ਬਣਾਉਣਾ ਅਤੇ ਉਤਪਾਦਨ ਦੀ ਦਰ ਵਿੱਚ ਬੇਮਿਸਾਲ ਵਾਧਾ ਕਰਨਾ। ਅਜਿਹੇ ਸਮਾਜ ਵਿੱਚ ਰਾਜ ਸੱਤਾ ਦਾ ਵਿਕੇਦਰੀਕਰਨ ਹੋਣਾ ਜਰੂਰੀ ਹੈ ਰਾਜੇ ਸਿਰਫ ਨਾ ਦੇ ਹੀ ਹਨ ਜਿਵੇ ਇੰਗਲੈਡ ਦੀ ਰਾਣੀ । ਰਾਜ ਸਰਕਾਰਾਂ ਲੋਕਾਂ ਦੁਆਰਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਬਣਾਈਆ ਜਾਂਦੀਆਂ ਹਨ। ਧਰਮ ਅਤੇ ਰਾਜ ਸੱਤਾ ਨੂੰ ਇਕ ਦੂਜੇ ਨਾਲੋ ਵੱਖ ਕੀਤਾ ਜਾਂਦਾ ਹੈ। ਹਰੇਕ ਵਿਅਕਤੀ ਕਿਸੇ ਖਾਸ ਰਾਜ ਦਾ ਨਾਗਰਿਕ ਹੁੰਦਾ ਹੈ। ਉਹ ਆਪਣੀ ਮਰਜੀ ਨਾਲ ਰਾਜ ਨਹੀ

ਬਦਲ ਸਕਦਾ। ਉਸ ਨੂੰ ਸਰਕਾਰ ਕੁਝ ਮੌਲਿਕ ਅਧਿਕਾਰ ਦਿੰਦੀ ਹੈ।

ਟੈਕਨੋਲੋਜੀ ਦੇ ਪਸਾਰ ਨਾਲ ਸ਼ਿਕਾਰ ਕਰਨ ਅਤੇ ਭੋਜਨ ਇਕਠਾ ਕਰਨ ਵਾਲੇ ਸਮਾਜ ਤੋ ਲੈ ਕੇ ਚੰਦ ਤੇ ਪਹੁੰਚਣ ਵਾਲੇ ਸਮਾਜ ਤੱਕ ਦਾ ਸਫਰ ਤਹਿ ਕੀਤਾ ਹੈ। ਇਸੇ ਟੈਕਨਾਲੋਜੀ ਦੇ ਫੈਲਾਅ ਨਾਲ ਹੀ ਮੌਜੂਦਾ ਆਧੁਨਿਕ ਤੇ ਜਟਿਲ ਸਮਾਜ ਹੋਦ ਵਿੱਚ ਆਇਆ ਹੈ ਸਧਾਰਣ ਸਮਾਜ ਦੇ ਮੁਕਾਬਲੇ ਇਹ ਸਮਾਜ ਵੱਡੇ ਭੂ-ਖੇਤਰ ਤੇ ਫੈਲਿਆ ਹੋਇਆ ਹੈ। ਅਤੇ ਹਰੇਕ ਵਿਅਕਤੀ ਕਿਸੇ ਖਾਸ ਰਾਜ ਦਲ ਤੇ ਸਭਾ ਦਾ ਮੈਬਰ ਹੈ। ਲੋਕਾਂ ਵਿੱਚ ਕਿੱਤਿਆਂ ਦੀ ਭਿੰਨਤਾ ਬਹੁਤ ਜਿਆਦਾ ਹੈ। ਜਿਸ ਕਰਕੇ ਕਿਰਤ ਵੰਡ, ਨਿਪੁੰਨਤਾ ਅਤੇ ਅੰਤਰ ਨਿਰਭਰਤਾ ਵੀ ਦਿਨੋ ਦਿਨ ਵੱਧ ਰਹੀ ਹੈ। ਸਧਾਰਣ ਸਮਾਜ ਦੀ ਤਰ੍ਹਾਂ ਹੁਣ ਪੈਦਾਵਾਰ ਸਿਰਫ ਨਿੱਜੀ ਖਪੱਤ ਲਈ ਨਹੀ ਹੁੰਦੀ ਬਲਕਿ ਮਾਰਕਿਟ ਵਿੱਚ ਵੇਚਣ ਲਈ ਹੁੰਦੀ ਹੈ। ਜਿਸ ਲਈ ਨਵੀ ਨਵੀ ਤਕਨੀਕ ਦੀ ਵਰਤੋ ਕੀਤੀ ਜਾਂਦੀ ਹੈ ਅਤੇ ਬਹੁਤ ਵੱਡੇ ਪੱਧਰ ਤੇ ਪੈਦਾਵਾਰ ਕੀਤੀ ਜਾਂਦੀ ਹੈ। ਇਸ ਜਟਿਲ ਸਮਾਜ ਨੂੰ ਚਲਾਈ ਰਖਣ ਲਈ ਬਹੁਤ ਜਿਆਦਾ ਤਾਲਮੇਲ ਦੀ ਜਰੂਰਤ ਪੈਦੀ ਹੈ। ਸਮਾਜਿਕ ਸੰਸਥਾਵਾਂ ਦੇ ਵਿੱਚ ਬਹੁਤ ਤੇਜੀ ਨਾਲ ਬਦਲਾਓ ਆਉਣਾ ਹੈ ਅਤੇ ਪਦਾਰਥਕ ਸੰਸਕ੍ਰਿਤੀ ਵੀ ਬਹੁਤ ਤੇਜ਼ੀ ਨਾਲ ਬਦਲਦੀ ਹੈ ਮਨੁੱਖੀ ਰਿਸ਼ਤਿਆ ਵਿੱਚ ਵਿਅਕਤੀਵਾਦਤਾ ਵੱਧ ਰਹੀ ਹੈ।ਨਵੀਆਂ ਨਵੀਆਂ ਸ੍ਰੇਣੀਆਂ ਦੇ ਵਰਗ ਪੈਦਾ ਹੋ ਗਏ ਹਨ। ਸ਼ਹਿਰਾਂ ਵਿੱਚ ਜਨਸੰਖਿਆ ਵੱਧਦੀ ਜਾ ਰਹੀ ਹੈ। ਸਧਾਰਣ ਸਮਾਜ ਵਿੱਚ ਪੈਦਾਵਾਰ ਖੇਤੀ ਬਾੜੀ ਤੋ ਸੀ ਪ੍ਰੰਤੂ ਅੱਜ ਦੇ ਆਧੁਨਿਕ ਸਮਾਜ ਵਿੱਚ ਇਹ ਵੱਡੇ ਵੱਡੇ ਉਦਯੋਗਾਂ ਤੋ ਹੈ ਅਤੇ ਉਦਯੋਗਪਤੀ ਇਹ ਸਾਰੀ ਪੈਦਾਵਾਰ ਲਾਭ ਪ੍ਰਾਪਤ ਕਰਨ ਲਈ ਕਰਦੇ ਹਨ ਜਿਸ ਨਾਲ ਕਾਮਿਆ ਦਾ ਸੋਸ਼ਣ ਦਿਨੋ ਦਿਨ ਵੱਧ ਰਿਹਾ ਹੈ। ਕਿੱਤਾ ਜਾਂ ਪੈਸਾ ਹੁਣ ਪਿਤਾ ਪੁਰਖੀ ਨਹੀਂ ਰਿਹਾ ਬਲਕਿ ਇਹ ਵਿਅਕਤੀ ਦੀ ਯੋਗਤਾ ਤੇ ਨਿਰਭਰ ਕਰਦਾ ਹੈ।

ਵਿਦਿਆ ਦਾ ਪਸਾਰ ਹੋ ਰਿਹਾ ਹੈ ਅਨੇਕਾ ਨਵੇ ਵਿਸ਼ੇ ਹੋਦ ਵਿੱਚ ਆ ਗਏ ਹਨ ਅਤੇ ਸਿਖਿਅਕ ਸੰਸਥਾਵਾ ਦੀ ਜਟਿਲਤਾ ਵੀ ਦਿਨੋ ਦਿਨ ਵੱਧ ਰਹੀ ਹੈ। ਪਰਿਵਾਰ ਦੀ ਸੰਸਥਾ ਵਿੱਚ ਵੀ ਬਦਲਾਓ ਆਇਆ ਹੈ। ਸਾਂਝੇ ਪਰਿਵਾਰ ਤੋ ਹੁਣ ਮੂਲ ਪਰਿਵਾਰ ਹੁੰਦੇ ਜਾ ਰਹੇ ਹਨ। ਵਿਆਹ ਵੀ ਹੁਣ ਅੰਦਰ ਜਾਤ ਹੀ ਨਹੀ ਰਹੇ ਬਲਕਿ ਬਾਹਰੀ ਜਾਤ ਵੀ ਹੋਣ ਲੱਗ ਪਏ ਹਨ। ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਤਨਾਓ, ਦਬਾਓ, ਸੰਘਰ੍ਹ, ਪ੍ਰਤੀਯੋਗਤਾ ਵਿਅਕੀਤਵਾਦਤਾ ਅਤੇ ਹੋਰ ਅਨੇਕ ਪ੍ਰਕਾਰ ਦੀਆਂ ਅਲਾਮਤਾਂ ਇਸ ਆਧੁਨਿਕ ਸਮਾਜ ਵਿੱਚ ਪਾਈਆ ਜਾਂਦੀਆਂ ਹਨ।

**1.4.8 ਸਾਰ** : ਉਪਰੋਕਤ ਚਰਚਾ ਤੋ ਸਾਨੂੰ ਸਮਾਜ ਬਾਰੇ ਜਾਣਕਾਰੀ ਹਾਸਿਲ ਹੋਈ ਕਿ ਕੇਵਲ ਲੋਕਾਂ ਦੇ ਇਕਠ ਨੂੰ ਅਸੀ ਸਮਾਜ ਦਾ ਨਾ ਨਹੀ ਦੇ ਸਕਦੇ ਬਲਕਿ ਉਨ੍ਹਾਂ ਵਿਚਕਾਰ ਹੋਈ ਅੰਤਰ ਕ੍ਰਿਆਂ ਦੇ ਫਲਸਰੂਪ ਉਪਜੇ ਰਿਸ਼ਤਿਆ ਤੋ ਸਮਾਜ ਬਣਦਾ ਹੈ। ਸਮਾਜ ਦੇ ਲਈ ਜੰਨ ਸੰਖਿਆ, ਸਮਾਨਤਾ ਅਤੇ ਭਿੰਨਤਾ ਆਪਸੀ ਚੇਤਨੰਤਾ, ਸਹਿਯੋਗ ਅਤੇ ਸੰਘਰਸ਼, ਅੰਤਰ ਨਿਰਭਰਤਾ ਆਦਿ ਕਈ ਕਿਸਮ ਦੀਆਂ ਵਿਸ਼ੇਸ਼ਤਾਈਆਂ ਲਾਜ਼ਮੀ ਹਨ। ਸਮਾਜ ਕੇਵਲ ਮਨੁੱਖਾਂ ਦਾ ਹੀ ਨਹੀ ਹੁੰਦਾ ਬਲਕਿ ਜਾਨਵਰਾਂ ਦਾ ਵੀ ਸਮਾਜ ਹੁੰਦਾ ਹੈ। ਫਰਕ ਸਿਰਫ ਸੰਸਕ੍ਰਿਤੀ ਦਾ ਹੈ, ਜੋ ਕੇਵਲ ਵਿਅਕਤੀਆਂ ਦੀ ਵਿਰਾਸਤ ਹੈ ਮਨੁੱਖੀ ਸਮਾਜ ਨੂੰ ਵੱਖ ਵੱਖ ਤਰੀਕੇ ਨਾਲ ਵੰਡਿਆਂ ਹੈ। ਪਰ ਆਮ ਤੌਰ ਤੇ ਮਨੁੱਖੀ ਸਮਾਜ ਦੀ ਵੰਡ ਦੋ ਹਿੱਸਿਆਂ ਵਿੱਚ ਕੀਤੀ ਜਾ ਸਕਦੀ ਹੈ। ਉਹ ਸਧਾਰਣ ਸਮਾਜ ਅਤੇ ਜਟਿਲ ਸਮਾਜ । ਸਧਾਣ ਸਮਾਜ ਵਿੱਚ ਰਿਸ਼ਤੇ ਨਾਤੇ ਵੀ ਸਧਾਰਣ ਹੀ ਸਨ ਆਬਾਦੀ ਘੱਟ ਸੀ ਅਤੇ ਸਮਾਜਿਕ ਸੰਸਥਾਵਾਂ ਵੀ ਸਧਾਰਣ ਕਿਸਮ ਦੀਆਂ ਸਨ । ਜਿਨ੍ਹਾਂ ਵਿੱਚ ਅੰਤਰ ਨਿਰਭਰਤਾ ਬਹੁਤ ਘੱਟ ਸੀ ਪ੍ਰੰਤੂ ਅਜੋਕੇ ਮਾਡਰਾਨ ਸਮਾਜ ਬਹੁਤ ਹੀ ਜਟਿਲ ਹਨ। ਲੋਕ ਇਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਉਨ੍ਹਾਂ ਵਿੱਚ ਗਹਿਰੀ ਅੰਤਰ ਨਿਰਭਰਤਾ ਹੈ।

### 1.4.9 ਮੁੱਖ ਸ਼ਬਦ :

**ਅਸਿਰ (acephalous)** : ਜਿਸ ਸਮਾਜ ਵਿੱਚ ਕੋਈ ਮਾਨਤਾ ਪ੍ਰਾਪਤ ਮੁੱਖੀਆ ਨਾ ਹੋਵੇ।

**(Cephalous)** : ਉਹ ਸਮਾਜ ਜਿਸ ਦਾ ਇਕ ਮਾਨਤਾ ਪ੍ਰਾਪਤ ਮੁੱਖੀ ਹੋਵੇ ਜਿਵੇ ਰਾਜਾ

**ਅੰਤਰ-ਵਿਆਹ (Edogamous)** : ਜਿਸ ਗਰੁੱਪ ਦੇ ਅੰਤਰ ਵਿਆਹ ਕੀਤਾ ਜਾਂਦਾ ਹੈ ਜਿਵੇ ਇਕੋ ਹੀ ਜਾਤ ਅੰਦਰ

**ਬਾਹਰੀ-ਵਿਆਹ (Exogamous)**: ਜਿਸ ਗਰੁੱਪ 'ਚ ਅੰਤਰ ਵਿਆਹ ਕੀਤਾ ਜਾਂਦਾ ਹੈ ਜਿਵੇ ਆਪਣਾ ਗੋਤ ਛੱਡਕੇ

**ਮੋਇਟੀ (Moiety)** : ਜਦੋ ਕਿਸੇ ਕਬੀਲੇ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਤਾਂ ਹਰੇਕ ਭਾਗ ਨੂੰ ਮੋਇਟੀ ਕਿਹਾ ਜਾਂਦਾ ਹੈ।

**ਫਰੈਟਰੀ (Phratry)** : ਜਦੋ ਕਿਸੇ ਕਬੀਲੇ ਦੀ ਦੋ ਤੋ ਵੱਧ ਭਾਗਾਂ ਵਿੱਚ ਵੰਡ ਕੀਤੀ ਜਾਂਦੀ ਹੈ ਤਾਂ ਹਰੇਕ ਭਾਗ ਨੂੰ ਫਰੈਟਰੀ ਕਿਹਾ ਜਾਂਦਾ ਹੈ।

### 1.4.10 ਅਭਿਆਸ ਲਈ ਪ੍ਰਸ਼ਨ

1. ਸਮਾਜ ਤੋ, ਕੀ ਭਾਵ ਹੈ? ਇਸ ਦੀਆਂ ਮੁੱਖ ਵਿਸ਼ੇਸ਼ਤਾਈਆਂ ਤੇ ਚਾਨਣਾ ਪਾਓ।
2. ਸਮਾਜ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੀਆਂ ਮੁੱਖ ਕਿਸਮਾਂ ਨੂੰ ਬਿਆਨ ਕਰੋ।
3. ਸਮਾਜ ਸ਼ਬਦ ਤੋ ਤੁਸੀ ਕੀ ਸਮਝਦੇ ਹੋ ? ਪਸ਼ੂ ਸਮਾਜ ਅਤੇ ਮਨੁੱਖੀ ਸਮਾਜ ਵਿੱਚ ਭੇਦ ਦਰਸਾਓ।
4. ਸਮਾਜ ਦੀ ਪਰਿਭਾਸ਼ਾ ਦਿਓ ਅਤੇ ਇਸ ਦੇ ਕਰਮ ਵਿਕਾਸ ਸਿਧਾਂਤ ਨੂੰ ਬਿਆਨ ਕਰੋ।

**ਸੰਖੇਪ ਸਵਾਲ**

(ੳ) ਸਮਾਜ
(ਅ) ਮੋਇਟੀ
(ੲ) ਫਰੈਟਰੀ
(ਸ) ਸਧਾਰਨ ਸਮਾਜ
(ਹ) ਜਟਿਲ ਸਮਾਜ

### 4.11 ਉਪਯੋਗੀ ਪੁਸਤਕਾਂ :-

ਸੋਸਾਇਟੀ : ਕਿੰਗਸਲੇ ਡੇਵਿਸ

ਪ੍ਰਿੰਸੀਪਲਜ਼ ਆਫ ਸੋਸ਼ਿਆਲੋਜੀ : ਹਰਬਰਟ ਸਪੈਸਰ

ਸਮਾਜ ਵਿਗਿਆਨ ਦੇ ਮੂਲ ਸੰਕਲਪ: ਸੁਵਿੰਦਰਜੀਤ ਕੌਰ

**ਨੋਟ** : ਇਹ ਪਾਠ ਡੈਕ ਦੀ ਮਾਲੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ: 1.5 ਲੇਖਿਕਾ : ਡਾ. ਸੁਨੀਤ

Last updated: August, 2023

# ਸਮਾਜਿਕ ਸੰਗਠਨ
# (Social Organisation)

**ਬਣਤਰ**


1.5.0 ਉਦੇਸ਼
1.5.1 ਜਾਣ ਪਛਾਣ
1.5.2 ਸੰਗਠਨ ਦੀ ਲੋੜ ਕਿਉਂ ਹੈ?
1.5.3 ਸੰਗਠਨ ਦੇ ਪੜਾਅ
1.5.3.1 ਕੰਮ ਦੀ ਵੰਡ
1.5.3.2 ਕ੍ਰਿਆਵਾਂ ਦਾ ਵਰਗੀਕਰਣ
1.5.3.3 ਉਚੱਤ ਵਿਅਕਤੀ ਦੀ ਨਿਯੁਕਤੀ ਕਰਨਾ
1.5.3.4 ਸੱਤਾ ਦੀ ਸਪੁੱਰਦਗੀ
1.5.3.5 ਭਿੰਨ-ਭਿੰਨ ਕ੍ਰਿਆਵਾਂ ਵਿਚ ਤਾਲਮੇਲ
1.5.4 ਔਗਬਰਨ ਤੇ ਨਿਮਕੌਫ਼ ਅਨੁਸਾਰ ਸਮਾਜਿਕ ਸੰਗਠਨ ਦੀਆਂ ਵਿਸ਼ੇਸ਼ਤਾਵਾਂ
1.5.5 ਸੰਗਠਨ ਦੀਆਂ ਕਿਸਮਾਂ
1.5.5.1 ਰਸਮੀ ਸੰਗਠਨ
1.5.5.1.1 ਉਪਭੋਗਤਾ ਪ੍ਰਤੀ ਸੰਗਠਨ
1.5.5.1.2 ਆਦਰਸ਼ਕ ਸੰਗਠਨ
1.5.5.1.3 ਦਬਾਅ ਪੂਰਨ ਸੰਗਠਨ
1.5.5.2 ਰਸਮੀ ਸੰਗਠਨ ਦੀਆਂ ਵਿਸ਼ੇਸ਼ਤਾਵਾਂ
1.5.5.2.1 ਨਿਸ਼ਚਿਤ ਕੰਮ
1.5.5.2.2 ਕਿਰਤ ਵੰਡ
1.5.5.2.3 ਸੱਤਾ ਅਤੇ ਸ਼ਕਤੀ
1.5.5.2.4 ਪ੍ਰਸ਼ਾਸਨ
1.5.5.2.5 ਸਾਪੇਖ ਸਥਾਈ ਧਨ
1.5.5.3 ਗੈਰ ਰਸਮੀ ਸੰਗਠਨ
1.5.6 ਰਸਮੀ ਤੇ ਗੈਰ ਰਸਮੀ ਸੰਗਠਨਾਂ ਵਿਚ ਭਿੰਨਤਾ
1.5.6.1 ਮੈਂਬਰਸ਼ਿਪ ਦਾ ਆਧਾਰ
1.5.6.2 ਸੰਬੰਧ
1.5.6.3 ਆਦਰਸ਼ ਨਿਯਮ
1.5.6.4 ਸਥਾਈ ਅਤੇ ਅਸਥਾਈ ਪ੍ਰਕ੍ਰਿਤੀ

1.5.7.5 ਪੁੜਬੰਦੀ ਜਾਂ ਦਰਜਾਬੰਦੀ
1.5.7.6 ਸੰਚਾਰ
1.5.7.7 ਸਮਾਨਤਾ ਅਤੇ ਸੱਤਾ ਦੇ ਸੰਬੰਧ
1.5.7.8 ਉਦੇਸ਼
1.5.7.9 ਗਤੀਸ਼ੀਲਤਾ ਦੀ ਦਰ
1.5.7.10 ਆਕਾਰ
1.5.7 ਸਾਰ
1.5.8 ਅਭਿਆਸ ਲਈ ਪ੍ਰਸ਼ਨ
1.5.9 ਉਪਯੋਗੀ ਪੁਸਤਕਾਂ

**1.5.0 ਉਦੇਸ਼ :**

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

* ਸਮਾਜਿਕ ਸੰਗਠਨ ਨੂੰ ਬਿਆਨ ਕਰ ਸਕੋਂ।
* ਸਮਾਜਿਕ ਸੰਗਠਨ ਦੇ ਪੜਾਵਾਂ ਤੇ ਚਾਨਣਾ ਪਾ ਸਕੋਂ।
* ਸਮਾਜਿਕ ਸੰਗਠਨ ਦੀਆਂ ਕਿਸਮਾਂ ਵਰਨਣ ਕਰ ਸਕੋਂ।
* ਰਸਮੀ ਤੇ ਗੈਰ ਰਸਮੀ ਸੰਗਠਨਾਂ ਦਾ ਭੇਦ ਦਸ ਸਕੋ।

**1.5.1 ਸਮਾਜਿਕ ਸੰਗਠਨ ਦੀ ਪ੍ਰਕ੍ਰਿਤੀ (Nature of Organisation) :**

ਆਧੁਨਿਕ ਸਭਿਅ ਅਤੇ ਵਿਕਸਿਤ ਸਮਾਜ ਕਈ ਤਰ੍ਹਾਂ ਦੇ ਸੰਗਠਨਾਂ ਨਾਲ ਜੁੜਿਆ ਹੋਇਆ ਹੈ। ਭਾਰਤੀ ਸਮਾਜ ਇੱਕ ਸੰਗਠਿਤ ਸਮਾਜ ਹੈ ਤੇ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ; ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੂਜਿਆਂ ਨਾਲ ਅੰਤਰਕ੍ਰਿਆਵਾਂ; ਸਮਾਜ ਵਿਚ ਰਹਿਣਾ, ਇਕੱਠੇ ਕੰਮ ਕਰਨਾ, ਇਹ ਸਭ ਸੰਗਠਨ ਰਾਹੀਂ ਹੀ ਪੂਰਾ ਹੁੰਦਾ ਹੈ। Organisation ਸ਼ਬਦ 'Organ' ਤੋਂ ਲਿਆ ਗਿਆ ਹੈ। ਜਿਸਦਾ ਭਾਵ ਸ਼ਰੀਰ ਦੇ ਭਿੰਨ ਭਾਗ ਹਨ। ਸੰਗਠਨ ਸ਼ਬਦ ਦਾ ਪ੍ਰਯੋਗ ਸਮਿਤੀ ਜਾਂ ਸਮੂਹ ਵਿੱਚ ਕੀਤਾ ਜਾਂਦਾ ਹੈ। ਸੰਖੇਪ ਸ਼ਬਦਾਂ ਵਿੱਚ ਇਸਦਾ ਭਾਵ ਸਥਿਤੀ ਅਤੇ ਕੰਮ ਦੀ ਵਿਵਸਥਾ ਹੈ; ਜਿਵੇਂ ਅਫਸਰਸ਼ਾਹੀ, ਵਪਾਰੀ-ਸੰਗਠਨ, ਸਰਕਾਰ ਅਤੇ ਉਦਯੋਗ। ਸਮਾਜਸ਼ਾਸਤਰੀ ਅਤੇ ਸਮਾਜਿਕ ਦਾਰਸ਼ਨਿਕਾਂ ਨੇ ਸਮਾਜਿਕ ਸੰਗਠਨ ਸ਼ਬਦ ਦਾ ਪ੍ਰਯੋਗ ਵਿਸ਼ਾ ਸ਼ਬਦਾਂ ਵਿੱਚ ਕੀਤਾ ਹੈ। ਅਗਸਤ ਕੌਂਤ, ਸਪੈਂਸਰ, ਦੁਰਖਾਈਮ ਦੇ ਅਨੁਸਾਰ ਸੰਗਠਨ ਸਮੂਹ ਦੇ ਭਿੰਨ ਭਿੰਨ ਭਾਗਾਂ ਦੀ ਅੰਤਰਨਿਰਭਰਤਾ ਹੈ। ਇਨ੍ਹਾਂ ਦਾ ਆਕਾਰ ਤੇ ਪ੍ਰਕ੍ਰਿਤੀ ਵਿੱਚ ਫਰਕ ਹੁੰਦਾ ਹੈ, ਜਿਵੇਂ ਮਜਦੂਰ ਸੰਘ ਤੋਂ ਲੈ ਕੇ ਵੱਡੇ ਹਸਪਤਾਲ ਤੱਕ ਇਸਦੀ ਵਰਤੋਂ ਹੋ ਸਕਦੀ ਹੈ। ਅਮਰੀਕਨ ਸਮਾਜਸ਼ਾਸਤਰੀ ਅਮੀਤਾਈ ਏਟਜੋਨੀ (Amitai Etzioni) ਦੇ ਸ਼ਬਦਾਂ ਵਿੱਚ ਸੰਗਠਿਤ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਸਿੱਖਿਆ ਖੇਡਾਂ, ਕਿੱਤਾ ਆਦਿ ਹਰ ਖੇਤਰ ਸੰਗਠਿਤ ਹੈ। ਸੰਗਠਨ ਦਾ ਸੰਬੰਧ ਉਨ੍ਹਾਂ ਸਮਾਜਿਕ ਇਕਾਈਆਂ ਜਾਂ ਅਧਿਐਨ ਨਾਲ ਹੈ ਜੋ ਕਿਸੇ ਵਿਸ਼ੇਸ਼ ਉਦੇਸ਼ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ।'' ਸੰਗਠਨਾਂ ਦਾ ਇਤਿਹਾਸ ਪੁਰਾਣਾ ਹੀ ਹੈ। ਇਹ ਕੋਈ ਨਵੀਂ ਕਾਢ ਨਹੀਂ ਹੈ। ਆਦਿਮ ਸਮਾਜ ਵਿੱਚ ਕੰਮ ਤਾਂ ਸੰਗਠਿਤ ਢੰਗ ਨਾਲ ਹੁੰਦੇ ਹਨ ਅਤੇ ਦਿਸ਼ਾ ਇੱਕ ਉਦੇਸ਼ ਵੱਲ ਸੀ ਪਰ ਆਧੁਨਿਕ ਸਮਾਜ ਜਟਿਲ, ਬਹੁਮੁਖੀ ਹੈ। ਇਨ੍ਹਾਂ ਸੰਗਠਨਾਂ ਦਾ ਆਕਾਰ ਤੇ ਵਿਸ਼ਾ ਖੇਤਰ ਵੀ ਵੱਖ ਹੋ ਗਿਆ ਹੈ।

**1.5.2 ਪਰਿਭਾਸ਼ਾਵਾਂ :**

ਸਮਾਜਿਕ ਸੰਗਠਨ ਦੇ ਸੰਬੰਧ ਵਿੱਚ ਭਿੰਨ ਵਿਚਾਰਕਾਂ ਨੇ ਨਿਮਨਲਿਖਿਤ ਪਰਿਭਾਸ਼ਾ ਦਿੱਤੀਆਂ ਹਨ।

**ਆਗਬਰਨ ਅਤੇ ਨਿਮਕਾਫ ਦੇ ਅਨੁਸਾਰ,** ''ਸੰਗਠਨ ਉਨ੍ਹਾਂ ਭਿੰਨ ਹਿੱਸਿਆਂ ਨੂੰ ਜੋੜਦਾ ਹੈ ਜੋ ਵਿਭਿੰਨ ਕੰਮ ਕਰਦੇ ਹਨ। ਇਹ ਕਿਸੇ ਵੀ ਕੰਮ ਨੂੰ ਪੂਰਾ ਕਰਨ ਲਈ ਇੱਕ ਕ੍ਰਿਆਸ਼ੀਲ ਸਮੂਹਕ ਢੰਗ ਹੈ।''

**Ogburn & Nimkoff :** "An organization is an articulation of different parts which perform various functions. It is an active group device for getting something above".

**ਈਲਿਅਟ ਅਤੇ ਮੈਰਿਲ ਦੇ ਅਨੁਸਾਰ,** ''ਸਮਾਜਿਕ ਸੰਗਠਨ ਉਹ ਸਥਿਤੀ ਹੈ ਜਿਸ ਵਿੱਚ ਸਮਾਜ ਦੀਆਂ ਵਿਭਿੰਨ ਸੰਸਥਾਵਾਂ ਇੱਕ ਵਿਸ਼ੇਸ਼ ਉਦੇਸ਼ ਨਾਲ ਜੁੜ ਕੇ ਕੰਮ ਕਰਦੀਆਂ ਹਨ।

**Elliot & Merrill :** "Social organization is a state of being a condition in which the various institutions in a society are functioning in accordance with their recognized or implied purposes".

**ਹੈਰੀ.ਐਮ. ਜਾਨਸਨ ਦੇ ਅਨੁਸਾਰ,** ''ਸੰਗਠਨ ਅੰਤਰਕ੍ਰਿਆ ਵਿਵਸਥਾ ਦੇ ਪਹਿਲੂਆਂ ਨਾਲ ਸੰਬੰਧਿਤ ਹੈ।''

**Harry. M. Johnson :** "Organisation refers to an aspect of interaction system".

ਇਨ੍ਹਾਂ ਵਿਭਿੰਨ ਪਰਿਭਾਸ਼ਾਵਾਂ ਦੇ ਆਧਾਰ ਤੇ ਸੰਗਠਨ ਤੋਂ ਭਾਵ ਦੂਜਿਆਂ ਦੀ ਮੱਦਦ ਨਾਲ ਉਦੇਸ਼ਾਂ ਨੂੰ ਪੂਰਾ ਕਰਨਾ ਮੰਨਿਆ ਜਾ ਸਕਦਾ ਹੈ।

### 1.5.3 ਸੰਗਠਨ ਦੀ ਲੋੜ ਕਿਉਂ ਹੈ?

ਸੰਗਠਨ ਦੀ ਲੋੜ ਇਸ ਕਰਕੇ ਹੈ ਕਿ ਸਮਾਜਿਕ ਸੰਗਠਨ ਸਮਾਜ ਦਾ ਜਰੂਰੀ ਹਿੱਸਾ ਹਨ। ਇਹ ਮਨੁੱਖ ਦੀਆਂ ਲੋੜਾਂ ਹੀ ਹਨ ਜੋ ਉਸ ਨੂੰ ਸੰਗਠਨ ਨਾਲ ਜੋੜਦੀਆਂ ਹਨ। ਇਕ ਵਿਅਕਤੀ ਦਾ ਸਮਾਜ ਵਿੱਚ ਮਾਨ ਸਨਮਾਨ ਪ੍ਰਤਿਸ਼ਠਾ ਸੰਗਠਨ ਕਾਰਨ ਹੀ ਹੈ। ਕਿਸੇ ਵੀ ਸੰਗਠਨ ਦੀ ਸਫਲਤਾ ਇਸ ਪੱਖ ਨਾਲ ਜੁੜੀ ਹੈ ਕਿ ਇਸਦੇ ਮੈਂਬਰ ਆਪਣੀ ਪਛਾਣ ਉਸ ਨਾਲ ਕਰਵਾਉਂਦੇ ਹਨ। ਅਸੀਂ ਜੀਵਨ ਦੇ ਵਿਭਿੰਨ ਪਹਿਲੂਆਂ ਲਈ ਇਨ੍ਹਾਂ ਦੇ ਨਿਰਭਰ ਕਰਦੇ ਹਾਂ। ਸੰਗਠਿਤ ਹੋਏ ਬਿਨਾਂ ਕੋਈ ਵੀ ਕੰਮ ਪੂਰਾ ਨਹੀਂ ਹੋ ਸਕਦਾ। ਅੱਜ ਦੀਆਂ ਭਿੰਨਤਾਵਾਂ ਤੇ ਜਟਿਲਤਾਵਾਂ ਦੇ ਸਮਾਜ ਵਿੱਚ ਸੰਗਠਨ ਦੀ ਹੋਰ ਵੀ ਜ਼ਿਆਦਾ ਮਹਤੱਤਾ ਹੈ।

### 1.5.4 ਸੰਗਠਨ ਵਿੱਚ ਪੜਾਅ (Steps in Organization) :

ਕਿਸੇ ਵੀ ਸੰਗਠਨ ਦੀ ਸਫਲਤਾ ਲਈ ਕੁਝ ਜ਼ਰੂਰੀ ਕਦਮ ਨਿਮਨਲਿਖਤ ਹਨ :

#### 1.5.4.1 ਕੰਮ ਦੀ ਵੰਡ (Division of Work) :

ਕੰਮ ਦੀ ਵੰਡ ਤੋਂ ਭਾਵ ਇੱਕ ਕੰਮ ਨੂੰ ਕਈ ਹਿੱਸਿਆਂ ਵਿੱਚ ਵੰਡਿਆ ਹੁੰਦਾ ਹੈ। ਹਰ ਸੰਗਠਨ ਕਈ ਉਪ-ਸੰਗਠਨਾਂ ਵਿੱਚ ਵੰਡਿਆ ਹੁੰਦਾ ਹੈ। ਕੰਮ ਦੀ ਵੰਡ ਦਾ ਉਦੇਸ਼ ਭਿੰਨ ਭਿੰਨ ਵਿਅਕਤੀਆਂ ਦੇ ਵਿਭਿੰਨ ਕੰਮਾਂ ਨੂੰ ਪੂਰਾ ਕਰਨ ਲਈ ਉਸ ਵਿੱਚ ਮਾਹਿਰ ਹੋਣਾ ਜ਼ਰੂਰੀ ਹੈ। ਮਾਹਿਰ ਹੋਣ ਦੇ ਨਾਲ ਹੀ ਉਨ੍ਹਾਂ ਦੀ ਯੋਗਤਾ ਵੀ ਵੱਧਦੀ ਹੈ।

#### 1.5.4.2 ਕ੍ਰਿਆਵਾਂ ਦਾ ਵਰਗੀਕਰਨ (Classifications of Activities) :

ਕ੍ਰਿਆਵਾਂ ਕਈ ਸ਼੍ਰੇਣੀਆਂ ਵਿੱਚ ਹੁੰਦੀਆਂ ਹਨ। ਇਹਨਾਂ ਸਭ ਨੂੰ ਇਕੱਠਾ ਕੀਤਾ ਜਾਂਦਾ ਹੈ। ਇਹ ਕ੍ਰਿਆਵਾਂ ਵੱਖੋ-ਵੱਖ ਕੰਮਾਂ ਨਾਲ ਸੰਬੰਧਿਤ ਵਿਭਿੰਨ ਵਿਭਾਗਾਂ ਨਾਲ ਜੁੜੀਆਂ ਹਨ ਉਦਾਹਰਨ ਲਈ

ਹਸਪਤਾਲ ਵਿੱਚ ਹਰ ਬੀਮਾਰੀ ਦੇ ਵਿਸ਼ੇਸ਼ ਸੰਗਠਨ ਹੁੰਦੇ ਹਨ ਤੇ ਇਹ ਵਿਭਾਗ ਮਿਲ ਕੇ ਇਸ ਸੰਗਠਨ ਨੂੰ ਚਲਾਉਂਦੇ ਹਨ।

**1.5.4.3 ਉੱਚਤ ਵਿਅਕਤੀ ਦੀ ਨਿਯੁਕਤੀ ਕਰਨਾ (Appointing suitable persons) :**
ਕੰਮ ਨੂੰ ਭਿੰਨ ਹਿੱਸਿਆਂ ਵਿੱਚ ਵੰਡਨ ਤੋਂ ਬਾਅਦ ਉਸ ਵਿੱਚ ਵਿਸ਼ੇਸ਼ ਵਿਅਕਤੀਆਂ ਨੂੰ ਨਿਯੁਕਤ ਕਰਨਾ ਹੁੰਦਾ ਹੈ। ਵਿਸ਼ੇਸ਼ੀਕਰਨ ਵਾਲੇ ਲੋਕਾਂ ਨੂੰ ਵਿਸ਼ੇਸ਼ ਵਿਭਾਗਾਂ ਦਾ ਮੁੱਖੀ ਬਣਾਇਆ ਜਾਂਦਾ ਹੈ। ਲੋਕਾਂ ਨੂੰ ਹਰ ਕੰਮ ਲਈ ਨਿਯੁਕਤ ਕੀਤਾ ਜਾਂਦਾ ਹੈ। ਇਸਦਾ ਮੁੱਖ ਉਦੇਸ਼ ਕਿਸੇ ਵੀ ਕੰਮ ਨੂੰ ਪੂਰਾ ਕਰਨ ਲਈ ਹੁੰਦਾ ਹੈ।

**1.5.4.4 ਸੱਤਾ ਦੀ ਸਪੁਰਦਗੀ (Delegation of Authority) :**
ਵਿਅਕਤੀ ਆਪਣੀ ਜ਼ਿੰਮੇਵਾਰੀ ਚੰਗੀ ਤਰ੍ਹਾਂ ਨਿਭਾ ਸਕਦਾ ਹੈ, ਜਦੋਂ ਉਸਨੂੰ ਉਸ ਨਾਲ ਜੁੜੀ ਸੱਤਾ ਮਿਲ ਜਾਵੇ। ਜੇ ਉਹ ਕੰਮ ਬਿਨਾਂ ਕਿਸੇ ਸੱਤਾ ਦੇ ਹੈ ਤਾਂ ਉਹ ਬੇਅਰਥ (Meaningless) ਹੈ। ਇੱਕ ਵਿਅਕਤੀ ਨੂੰ ਉਹ ਕੰਮ ਲਈ ਜ਼ਿੰਮੇਵਾਰ ਤਾਂ ਹੀ ਠਹਿਰਾਇਆ ਜਾ ਸਕਦਾ ਹੈ ਜੇ ਉਸ ਕੋਲ ਅਧਿਕਾਰ ਹੈ।ਸੱਤਾ ਅਤੇ ਜ਼ਿੰਮੇਵਾਰੀ ਨਾਲ ਨਾਲ ਚਲਦੇ ਹਨ। ਇਹ ਇੱਕ ਦੂਜੇ ਦੇ ਬਿਨਾਂ ਬੇਅਰਥ ਹਨ। ਅਸਲ ਵਿੱਚ ਇਹ ਇੱਕ ਦੂਸਰੇ ਦੇ ਪੂਰਕ ਹਨ।

**1.5.4.5 ਭਿੰਨ ਕ੍ਰਿਆਵਾਂ ਵਿੱਚ ਤਾਲਮੇਲ (Coordination of Various Activities) :**
ਕਿਸੇ ਵੀ ਸੰਗਠਨ ਦੇ ਕੰਮ ਦੀਆਂ ਭਿੰਨ ਕ੍ਰਿਆਵਾਂ ਵਿੱਚ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ ਇਸ ਲਈ ਇੱਕ ਕੇਂਦਰੀ ਏਜੰਸੀ ਹੋਵੇ ਜੋ ਇਨ੍ਹਾਂ ਸਾਰੀਆਂ ਕ੍ਰਿਆਵਾਂ ਵਿਚ ਤਾਲਮੇਲ ਰੱਖੇ। ਸੰਗਠਨ ਦੀ ਸਫਲਤਾ ਲਈ ਸਾਰੇ ਮੈਂਬਰ ਦੀਆਂ ਕ੍ਰਿਆਵਾਂ ਵਿੱਚ ਸਹਿਯੋਗ ਜਰੂਰੀ ਹੈ। ਸੰਗਠਨ ਦੇ ਹਰ ਵਿਭਾਗ ਨੂੰ ਕੰਮ ਵਿੱਚ ਉਨੱਤੀ ਬਾਰੇ ਪਤਾ ਹੋਣਾ ਚਾਹੀਦਾ ਹੈ।

**1.5.5 ਸਮਾਜਿਕ ਸੰਗਠਨ ਦੀ ਵਿਸ਼ੇਸ਼ਤਾਵਾਂ (Characteristics of Social Organization) :**
**ਆਗਬਰਨ ਅਤੇ ਨਿਮਕਾਫ (Ogburn & Nimkoff)** ਨੇ ਸਮਾਜਿਕ ਸੰਗਠਨ ਦੀਆਂ ਨਿਮਨਲਿਖਤ ਮਹੱਤਵਪੂਰਨ ਵਿਸ਼ੇਸ਼ਤਾਵਾਂ ਦਿੱਤੀਆਂ ਹਨ।

(ੳ) ਸਮਾਜਿਕ ਸੰਗਠਨ ਦੇ ਕੰਮ ਹਰ ਸਮਾਜ ਵਿੱਚ ਅਲੱਗ ਅਲੱਗ ਰੂਪ ਵਿੱਚ ਹੁੰਦੇ ਹਨ। ਆਦਿਮ ਸਮਾਜ ਵਿੱਚ ਲੋਕਾਂ ਦਾ ਜੀਵਨ ਸਿੱਧਾ-ਸਾਦਾ ਸੀ। ਲੋਕ ਜੰਗਲਾਂ ਵਿੱਚ ਰਹਿੰਦੇ ਸਨ, ਕੰਦ ਮੂਲ ਇਕੱਠਾ ਕਰਦੇ ਸੀ, ਉਨ੍ਹਾਂ ਦੀ ਹਰ ਕ੍ਰਿਆ ਉਪਰ ਧਰਮ ਅਤੇ ਜਾਦੂ ਦਾ ਪ੍ਰਭਾਵ ਸੀ, ਪਰ ਅੱਜ ਦਾ ਸਭਿਆ ਸਮਾਜ ਬਹੁਤ ਭਿੰਨ ਹੈ।

(ਅ) ਹਰ ਸਮਾਜ ਵਿੱਚ ਸੰਗਠਨਾਂ ਦੀ ਸੰਖਿਆ ਸਮਾਨ ਨਹੀਂ ਹੁੰਦੀ। ਸਰਲ ਸਮਾਜ ਵਿੱਚ ਸੰਗਠਨਾਂ ਦੀ ਸੰਖਿਆ ਘੱਟ ਸੀ ਅਤੇ ਇਹ ਆਤਮ ਨਿਰਭਰ ਸਨ। ਹਰ ਕੰਮ ਕਰਨ ਵਿੱਚ ਸਮਰੱਥ ਸਨ ਅਤੇ ਵਿਸ਼ੇਸ਼ੀਕਰਨ ਨਹੀਂ ਸੀ। ਅੱਜ ਦੇ ਸਮਾਜਿਕ ਸੰਗਠਨ ਇੱਕ ਵਿਸ਼ੇਸ਼ ਕੰਮ ਕਰਨ ਵਿਚ ਹੀ ਮਾਹਿਰ ਹਨ। ਇਕ ਸੰਗਠਨ ਵਿੱਚ ਕਈ ਵਿਸ਼ੇਸ਼ਗ (Specialist) ਉਸ ਸੰਗਠਨ ਨੂੰ ਸੰਭਾਲਦੇ ਹਨ।

(ੲ) ਹਰੇਕ ਸੰਗਠਨ ਦਾ ਇੱਕ ਆਪਣਾ ਸੱਭਿਆਚਾਰ ਹੁੰਦਾ ਹੈ। ਸਰਲ ਸਮਾਜਾਂ ਵਿੱਚ ਇਹ ਸਭਿਆਚਾਰ ਧਰਮ ਤੇ ਜਾਦੂ ਨਾਲ ਪ੍ਰਭਾਵਿਤ ਸੀ ਅਤੇ ਸਾਰੀਆਂ ਕ੍ਰਿਆਵਾਂ ਉਸਦੇ ਪ੍ਰਭਾਵ ਹੇਠ ਹੀ ਕਰਦੇ ਸਨ। ਅੱਜ ਦੇ ਜਟਿਲ ਸੰਗਠਨ ਵਿੱਚ ਇਹ ਸਭਿਆਚਾਰ ਵੀ ਜਟਿਲ ਹੋ ਗਿਆ ਹੈ ਅਤੇ ਕੰਮ ਨਾਲ ਜੁੜਿਆ ਵਿਸ਼ੇਸ਼ੀਕਰਨ ਹੀ ਪ੍ਰਭਾਵਸ਼ਾਲੀ ਹੈ। ਬੈਂਕ, ਕਲੱਬ, ਡਾਕਖਾਨਾ, ਹਸਪਤਾਲ ਕੋਈ ਵੀ ਸੰਗਠਨ ਦੂਜੇ ਸੰਗਠਨ ਦਾ ਕੰਮ ਨਹੀਂ ਕਰ ਸਕਦਾ।

(ਸ) ਸਮਾਜਿਕ ਸੰਗਠਨ ਦਾ ਇੱਕ ਵਿਸ਼ੇਸ਼ ਉਦੇਸ਼ ਹੁੰਦਾ ਹੈ। ਅੱਜ ਦੇ ਸੰਗਠਨ ਬਹੁਪੱਖੀ ਕੰਮਾਂ ਵਿੱਚ

ਲੱਗੇ ਹੋਏ ਹਨ ਇਸ ਲਈ ਇਨ੍ਹਾਂ ਨੂੰ ਪੂਰਾ ਕਰਨ ਲਈ ਦੂਜਿਆਂ ਤੇ ਨਿਰਭਰ ਕਰਦੇ ਹਨ। ਉਦਾਹਰਨ ਦੇ ਰੂਪ ਵਿੱਚ ਪਰਿਵਾਰ ਦਾ ਕੰਮ ਬਹੁਪੱਖੀ ਸੀ। ਬੱਚੇ ਦੇ ਜਨਮ ਤੋਂ ਲੈ ਕੇ ਵਿਆਹ ਹੋਣ ਤੱਕ ਜ਼ਿੰਮੇਵਾਰੀ ਪਰਿਵਾਰ ਦੀ ਸੀ। ਅੱਜ ਦੇ ਸਮੇਂ ਵਿੱਚ ਪਰਿਵਾਰ ਦੇ ਕੰਮ ਸਿੱਖਿਆ, ਮਨੋਰੰਜਨ, ਖੇਡਾਂ ਸਭ ਕ੍ਰਿਆਵਾਂ ਵਿਸ਼ੇਸ਼ ਸੰਗਠਨ ਕੋਲ ਹਨ।

(ਹ) ਸਮਾਜਿਕ ਸੰਗਠਨ ਵੀ ਸਭਾ ਅਤੇ ਸੰਸਥਾ ਦੇ ਰੂਪ ਵਿੱਚ ਕੰਮ ਕਰਦੇ ਹਨ। ਉਹ ਸੰਗਠਨ ਜੋ ਸੀਮਤ ਉਦੇਸ਼ ਅਤੇ ਸੀਮਤ ਸਮੇਂ ਲਈ ਹਨ, ਸਭਾ ਦੇ ਰੂਪ ਵਿਚ ਹੁੰਦੇ ਹਨ। ਸਿੱਖਿਆ ਸੰਸਥਾ ਨਾਲ ਪੀ.ਟੀ.ਏ (P.T.A.) ਮਾਪੇ-ਅਧਿਆਪਕ ਸੰਸਥਾ; ਸੰਘਰਸ਼ ਕਮੇਟੀ, ਇਹ ਨਿਸ਼ਚਿਤ ਸਮੇਂ ਲਈ ਹੁੰਦੇ ਹਨ ਤੇ ਹਰ ਸਾਲ ਬਦਲ ਜਾਂਦੇ ਹਨ, ਸੰਸਥਾ ਦੇ ਰੂਪ ਵਿੱਚ ਸਮਾਜਿਕ ਸੰਗਠਨ ਲੰਬੇ ਸਮੇਂ ਤੱਕ ਚਲਦੇ ਰਹਿੰਦੇ ਹਨ।

**ਆਪਣਾ ਗਿਆਨ ਪਰਖੋ:**

1. ਸੰਗਠਨ ਦੀ ਲੋੜ ਸਮਾਜ ਵਿਚ ਕਿਉ ਹੈ?
2. ਸਮਾਜਿਕ ਸੰਗਠਨ ਦੀ ਕੋਈ ਦੋ ਪਰਿਭਾਸ਼ਾਂ ਦਿਉ?
3. ਸੱਤਾ ਦੀ ਸਪੁਰਦਗੀ ਤੋਂ ਕੀ ਭਾਵ ਹੈ?

### 1.5.6 ਸੰਗਠਨ ਦੀਆਂ ਕਿਸਮਾਂ–ਰਸਮੀ ਅਤੇ ਗੈਰ ਰਸਮੀ (Types of Organization) :

ਸਮਾਜਿਕ ਸੰਗਠਨ ਦੀਆਂ ਰਸਮੀ ਅਤੇ ਗੈਰ–ਰਸਮੀ ਦੋ ਮੁੱਖ ਕਿਸਮਾਂ ਹਨ। ਰਸਮੀ ਸੰਗਠਨ ਵਿੱਚ ਸੰਬੰਧ ਰਸਮੀ ਹੀ ਹੁੰਦੇ ਹਨ ਅਤੇ ਇਹ ਲਿੱਖਤ ਨਿਯਮਾਂ ਅਨੁਸਾਰ ਚਲਦੇ ਹਨ ਉਦਾਹਰਨ ਲਈ ਬੈਂਕ, ਹਸਪਤਾਲ, ਸੈਨਾ, ਕਚਹਿਰੀ, ਸਰਕਾਰੀ ਦਫਤਰ, ਰਾਜਨੀਤਕ ਦਲ ਆਦਿ। ਗੈਰ–ਰਸਮੀ ਸੰਗਠਨ ਦੀ ਹੋਂਦ ਕਈ ਵਾਰ ਰਸਮੀ ਸੰਗਠਨ ਵਿਚੋਂ ਹੀ ਹੁੰਦੀ ਹੈ ਜਿਵੇਂ ਮਿੱਤਰ–ਦਲ, ਮਜਦੂਰ ਦਲ। ਅੱਜ ਦੇ ਜਟਿਲ ਆਧੁਨਿਕ ਬਹੁਪੱਖੀ ਸਮਾਜ ਵਿੱਚ ਦੋ ਸੰਗਠਨ ਹੀ ਸਮਾਜ ਦਾ ਹਿੱਸਾ ਹਨ। ਇਨ੍ਹਾਂ ਦੋਵੇਂ ਸੰਗਠਨਾਂ ਦੀ ਵਿਸਤਾਰਪੂਰਵਕ ਵਿਆਖਿਆ ਨਿਮਨਲਿਖਤ ਹੈ :

### 1.5.6.1 ਰਸਮੀ ਸੰਗਠਨ (The Formal Organization) :

ਆਧੁਨਿਕ ਉਦਯੋਗਿਕ ਸਭਿਆ ਸਮਾਜ ਵਿਚ ਰਸਮੀ ਸੰਗਠਨ ਜ਼ਿਆਦਾ ਸੰਖਿਆ ਵਿੱਚ ਹਨ। ਸਮਾਜ ਦੀ ਵਧਦੀ ਹੋਈ ਜਟਿਲਤਾ, ਅਕਾਰ, ਸੰਖਿਆ ਇਸਦਾ ਕਾਰਨ ਹਨ। ਇਹ ਸੰਗਠਨ ਹਰ ਖੇਤਰ ਜਿਵੇਂ ਆਰਥਿਕ, ਰਾਜਨੀਤਕ, ਸਿੱਖਿਅਕ ਅਤੇ ਧਾਰਮਿਕ ਵਿੱਚ ਪਾਏ ਜਾਂਦੇ ਹਨ। ਰਸਮੀ ਸੰਗਠਨ ਤੋਂ ਭਾਵ ਰਸਮੀ ਨਿਯਮ, ਵਿਸ਼ੇਸ਼ ਕੰਮ ਦੀ ਵੰਡ, ਸੱਤਾ ਪੁੜਬੰਦੀ, ਤਰਕਸ਼ੀਲਤਾ ਹੈ। ਇਨ੍ਹਾਂ ਸੰਗਠਨਾਂ ਵਿੱਚ ਸਥਿਤੀ ਅਤੇ ਕੰਮ ਵਿੱਚ ਤਾਲਮੇਲ ਹੁੰਦਾ ਹੈ। ਇਹ ਯੋਜਨਾਬੱਧ, ਕ੍ਰਮਬੱਧ ਹੁੰਦੇ ਹਨ। ਉਦਾਹਰਨ ਲਈ ਬੈਂਕ, ਕਾਲਜ, ਯੂਨੀਵਰਸਿਟੀ, ਉਦਯੋਗ, ਕਾਰਪੋਰੇਸ਼ਨ, ਸਰਕਾਰ, ਰਾਜਨੀਤਕ ਪਾਰਟੀ, ਮਜਦੂਰ ਦਲ, ਕਚਹਿਰੀ, ਪੁਲਿਸ, ਫੌਜ, ਧਾਰਮਿਕ ਸੰਗਠਨ, ਸੰਸਕ੍ਰਿਤਕ ਸੰਗਠਨ ਆਦਿ।

ਮੈਕਸ ਵੈਬਰ ਨੇ ਸਭ ਤੋਂ ਪਹਿਲਾਂ ਰਸਮੀ ਸੰਗਠਨ ਦਾ ਸਮਾਜਿਕ ਵਰਗੀਕਰਨ ਕੀਤਾ। ਉਸਨੇ ਅਫ਼ਸਰਸ਼ਾਹੀ (Bureaucracy) ਨੂੰ ਇਸ ਸੰਗਠਨ ਵਿਚ ਸ਼ਾਮਿਲ ਕੀਤਾ। Amitai Elzioni ਨੇ ਰਸਮੀ ਸੰਗਠਨ ਦੀਆ ਤਿੰਨ ਕਿਸਮਾਂ ਦਿੱਤੀਆਂ ਹਨ।

#### 1.5.6.1.1 ਉਪਯੋਗਤਾ ਸੰਬੰਧੀ ਸੰਗਠਨ (Utilitarian Organisation) :

ਇਹ ਸੰਗਠਨ ਪੈਸਾ ਅਤੇ ਭੌਤਿਕ ਪਹਿਲੂਆਂ ਨਾਲ ਸੰਬੰਧਿਤ ਹਨ ਜੋ ਇਹ ਆਪਣੇ ਮੈਂਬਰਾਂ ਨੂੰ ਉਨ੍ਹਾਂ ਦੇ ਕੰਮ ਦੇ ਭੁਗਤਾਨ ਦੇ ਰੂਪ ਵਿੱਚ ਦਿੰਦਾ ਹੈ। ਇਸਦੀ ਮੈਂਬਰਸ਼ਿਪ ਇਛੁੱਕ ਹੈ। ਕੋਈ ਵਿਅਕਤੀ ਕਿੰਨੀ ਦੇਰ ਤੱਕ ਇਸਦਾ ਮੈਂਬਰ ਬਣਨਾ ਚਾਹੁੰਦਾ ਹੈ ਉਸਦੀ ਇੱਛਾ ਤੇ ਆਧਾਰਿਤ ਹੈ। ਜੇ ਮੈਂਬਰਾਂ ਨੂੰ

ਇਨ੍ਹਾਂ ਸੰਗਠਨ ਦਾ ਹਿੱਸਾ ਬਣਨ ਨਾਲ ਕੋਈ ਫਾਇਦਾ ਹੁੰਦਾ ਤਾਂ ਇਹ ਇਸਦਾ ਹਿੱਸਾ ਬਣੇ ਰਹਿੰਦੇ ਹਨ ਨਹੀਂ ਤਾਂ ਆਪਣੀ ਇੱਛਾ ਅਨੁਸਾਰ ਕਿਸੇ ਵੀ ਸਮੇਂ ਛੱਡ ਸਕਦੇ ਹਨ।

**1.5.6.1.2 ਆਦਰਸ਼ਕ ਸੰਗਠਨ (Normative Organisation) :**

ਇਹ ਸੰਗਠਨ ਵਿਸ਼ੇਸ਼ ਉਦੇਸ਼ ਨਾਲ ਜੋ ਨੈਤਿਕ ਰੂਪ ਵਿੱਚ ਸਹੀ ਹੁੰਦਾ ਹੈ ਦੇ ਆਧਾਰ ਦੇ ਬਣਦੇ ਹਨ। ਜਿਵੇਂ ਪੀ.ਟੀ.ਏ. ਲਾਈਨਜ਼ ਕੱਲਬ, ਰੈਡ-ਕਰਾਸ, ਕਈ ਰਾਜਨੀਤਕ, ਧਾਰਮਿਕ ਸੰਗਠਨ ਆਦਿ। ਇਨ੍ਹਾਂ ਸੰਗਠਨਾਂ ਦੀ ਮੈਂਬਰਸ਼ਿਪ ਵੀ ਉਨ੍ਹਾਂ ਦੀ ਇੱਛਾ ਤੇ ਹੈ।

**1.5.6.1.3 ਦਬਾਅ ਪੂਰਨ ਸੰਗਠਨ (Coercive Organization) :**

ਇਨ੍ਹਾਂ ਸੰਗਠਨ ਦਾ ਮੈਂਬਰ ਬਣਨ ਲਈ ਕੋਈ ਇਛੁੱਕ ਨਹੀਂ ਹੁੰਦਾ ਇਹ ਸੰਗਠਨ, ਬੱਲ, ਸ਼ਕਤੀ ਦੇ ਜ਼ੋਰ ਨਾਲ ਬਣਦੇ ਹਨ ਜਿਵੇਂ : ਜੇਲ, ਇਸ ਵਿੱਚ ਅਪਰਾਧੀ ਸਜ਼ਾ ਭੁਗਤਾਨ ਲਈ ਆਉਂਦਾ ਹੈ। ਇਸ ਸੰਗਠਨ ਵਿੱਚ ਮੈਂਬਰ ਨੂੰ ਇੱਕ ਦੂਜੇ ਨੂੰ ਅਲੱਗ ਰੱਖਿਆ ਜਾਂਦਾ ਹੈ।

ਕਈ ਵਾਰ ਇੱਕ ਹੀ ਸੰਗਠਨ ਵਿੱਚ ਹਿਸਾ ਲੈਣ ਵਾਲੇ ਮੈਂਬਰ ਅਲੱਗ ਅਲੱਗ ਕਿਸਮ ਵਿੱਚ ਸ਼ਾਮਿਲ ਹੋ ਜਾਂਦੇ ਹਨ। ਉਦਾਹਰਨ ਲਈ ਮਨੋਰੋਗੀ, ਹਸਪਤਾਲ ਵਿੱਚ ਇੱਕ ਮਰੀਜ ਲਈ ਇਹ ਦਬਾਅ ਹੈ ਡਾਕਟਰ ਲਈ ਉਪਯੋਗੀ ਹੈ ਅਤੇ ਵਲੰਟੀਅਰ ਲਈ ਆਦਰਸ਼ਕ ਹੈ।

**1.5.6.2 ਰਸਮੀ ਸਮਾਜਿਕ ਸੰਗਠਨ ਦੀਆਂ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ (Characteristics of Formal Social Organisation) :**

**1.5.6.2.1 ਨਿਸ਼ਚਿਤ ਕੰਮ (Definite Task) :**

ਰਸਮੀ ਸੰਗਠਨ ਕਿਸੇ ਇੱਕ ਵਿਸ਼ੇਸ਼ ਕੰਮ ਨਾਲ ਜੁੜੇ ਹੁੰਦੇ ਹਨ। ਉਦਾਹਰਨ ਲਈ ਸਕੂਲ ਦਾ ਮੁੱਖ ਕੰਮ ਸਿੱਖਿਆ ਦੇਣਾ ਹੈ ਸਿੱਖਿਆ ਤੋਂ ਇਲਾਵਾ ਖੇਡਾਂ, ਲੋਕ ਕਲਾ, ਕੋਮਲ ਕਲਾ, ਸੰਗੀਤ, ਭਾਸ਼ਣ ਅਤੇ ਹੋਰ ਕਈ ਖੇਤਰਾਂ ਵਿੱਚ ਵੀ ਵਿਦਿਆਰਥੀਆਂ ਨੂੰ ਅੱਗੇ ਲਿਆਉਣਾ ਹੈ ਇਸੇ ਤਰ੍ਹਾਂ ਪਰਿਵਾਰ ਦਾ ਕੰਮ ਬੱਚਿਆਂ ਨੂੰ ਜਨਮ ਦੇਣਾ ਅਤੇ ਪਾਲਨ ਪੋਸ਼ਣ ਹੀ ਨਹੀਂ ਬਲਕਿ ਦੂਜੇ ਖੇਤਰਾਂ; ਸਿੱਖਿਆ, ਸੰਸਕ੍ਰਿਤੀ, ਮਨੋਰੰਜਨ ਅਤੇ ਸਮਾਜਿਕ ਸੰਬੰਧਾਂ ਬਾਰੇ ਜਾਣਕਾਰੀ ਦੇਣਾ ਹੈ। ਹਰ ਸੰਗਠਨ ਦੇ ਕੁਝ ਕੰਮ ਅਪ੍ਰਤੱਖ ਹੁੰਦੇ ਹਨ ਅਤੇ ਕੁਝ ਪ੍ਰਤੱਖ ਹੁੰਦੇ ਹਨ।

**1.5.6.2.2 ਕਿਰਤ ਵੰਡ (Division of Labour) :**

ਕਿਰਤ ਵੰਡ ਸਰਲ ਸਮਾਜ ਵਿਚ ਜਨਮ, ਉਮਰ, ਲਿੰਗ, ਨਸਲ ਤੇ ਆਧਾਰਿਤ ਸੀ। ਇਨ੍ਹਾਂ ਸੰਗਠਨ ਵਿਚ ਸਰਲ ਜੀਵਨ, ਆਤਮ ਨਿਰਭਰਤਾ, ਕੰਮ ਦੀ ਵੰਡ ਵਿਚ ਸਰਲਤਾ, ਹਰ ਵਿਅਕਤੀ ਹਰ ਕੰਮ ਕਰ ਸਕਦਾ ਸੀ ਪ੍ਰੰਤੂ ਜਿਵੇਂ ਜਿਵੇਂ ਸਮਾਜ ਸਰਲਤਾ ਤੋਂ ਜਟਿਲਤਾ ਵਲ ਵਧਦਾ ਗਿਆ ਇਹ ਸੰਗਠਨ ਵੀ ਜਟਿਲ ਹੁੰਦੇ ਗਏ। ਇਥੇ ਕਿਰਤ ਵੰਡ ਵਿਅਕਤੀ ਦੀ ਯੋਗਤਾ, ਵਿਸ਼ੇਸ਼ੀਕਰਨ ਤੇ ਆਧਾਰਿਤ ਹੈ। ਸੰਗਠਨ ਵਿੱਚ ਆਤਮ-ਨਿਰਭਰਤਾ ਨਾ ਹੋ ਕੇ ਅੰਤਰਨਿਰਭਰਤਾ ਹੈ। ਆਧੁਨਿਕ ਸੰਗਠਨ ਦੀ ਹੋਂਦ ਵਿਸ਼ੇ ਸ਼ੀਕਰਨ ਤੋਂ ਬਿਨ੍ਹਾਂ ਸੰਭਵ ਨਹੀਂ ਹੈ। ਉਦਾਹਰਨ ਲਈ ਯੂਨੀਵਰਸਿਟੀ ਵਿੱਚ ਅਲੱਗ-ਅਲੱਗ ਵਿਭਾਗ ਵਿਸ਼ੇਸ਼ ਯੋਗਤਾ ਨਾਲ ਜੁੜੇ ਹੁੰਦੇ ਹਨ।

**1.5.6.2.3 ਸੱਤਾ ਅਤੇ ਸ਼ਕਤੀ (Power & Authority) :**

ਇਨ੍ਹਾਂ ਸੰਗਠਨਾਂ ਨਾਲ ਜੁੜੀ ਸੱਤਾ ਹੀ ਉਨ੍ਹਾਂ ਦੇ ਉਦੇਸ਼ ਨੂੰ ਪੂਰਾ ਕਰਵਾਉਣ ਵਿੱਚ ਮਦਦ ਕਰਦੀ ਹੈ। ਇਹ ਸੱਤਾ ਸੰਗਠਨ ਦੇ ਦਾਇਰੇ ਵਿੱਚ ਹੀ ਹੁੰਦੀ ਹੈ। ਜੋ ਮੈਂਬਰ ਨੂੰ ਨਿਯੰਤਰਨ ਅਤੇ ਨਿਯਮਾਂ ਪ੍ਰਤੀ ਵਚਨਬੱਧ ਰੱਖਣ ਵਿੱਚ ਮਦਦ ਕਰਦੀ ਹੈ। ਇਹ ਸੱਤਾ ਵੀ ਪੁਤਬੰਦੀ ਵਿਚ ਹੁੰਦੀ ਹੈ, ਜਿਸ ਵਿੱਚ ਵਿਅਕਤੀ ਨੂੰ ਅਧਿਕਾਰ ਦਿੱਤਾ ਜਾਂਦਾ ਹੈ ਕਿ ਉਹ ਇਸ ਦੀ ਵਰਤੋਂ ਕਰ ਸਕੇ। ਕਿਸੇ ਵੀ ਸੰਗਠਨ ਵਿੱਚ ਉੱਚ ਪੱਧਰ ਤੇ ਡਾਇਰੈਕਟਰ, ਜੋ ਆਪਣੇ ਤੋਂ ਨਿਮਨ ਪੱਧਰ ਦੇ ਪ੍ਰਬੰਧਕ ਅਧਿਕਾਰੀ, ਮੈਨੇਜਰ,

ਸੁਪਰਵਾਈਜ਼ਰ ਤੇ ਬਾਕੀ ਸਟਾਫ਼ ਤੇ ਆਪਣੀ ਸੱਤਾ ਦਾ ਇਸਤੇਮਾਲ ਕਰਦੇ ਹਨ। ਸੱਤਾ ਦੇ ਸਹੀ ਉਪਯੋਗ ਨਾਲ ਸੰਗਠਨ ਦਾ ਉਦੇਸ਼ ਪੂਰਾ ਕਰ ਸਕਣ।

**1.5.6.2.4 ਪ੍ਰਸ਼ਾਸਨ (Administration) :**

ਰਸਮੀ ਸੰਗਠਨ ਦਾ ਪ੍ਰਸ਼ਾਸਨਿਕ ਪਹਿਲੂ (ਮੈਕਸ ਵੈਬਰ) ਦੇ ਅਫ਼ਸਰਸ਼ਾਹੀ ਨਾਲ ਮੇਲ ਖਾਂਦਾ ਹੈ। ਇਸ ਸੰਗਠਨ ਵਿਚ ਰਸਮੀ ਢਾਂਚਾ, ਉਦੇਸ਼, ਪ੍ਰੋਗਰਾਮ, ਨਿਯਮ ਸਭ ਰਸਮੀ ਰੂਪ ਵਿੱਚ ਬਣਾਏ ਜਾਂਦੇ ਹਨ। ਇਹ ਨਿਯਮ ਮੈਂਬਰ ਦੇ ਵਿਵਹਾਰ ਨੂੰ ਨਿਯਮਿਤ ਰਖਦੇ ਹਨ। ਸੰਗਠਨ ਦੀ ਸਫਲਤਾ ਪ੍ਰਸ਼ਾਸਨਿਕ ਯੋਗਤਾ ਤੇ ਵੀ ਨਿਰਭਰ ਕਰਦੀ ਹੈ। ਜੇ ਕਿਸੇ ਸੰਗਠਨ ਵਿੱਚ ਨਿਯਮਾਂ ਦੀ ਪਾਲਨਾ ਨਾ ਹੋਵੇ ਹਰ ਮੈਂਬਰ ਆਪਣੀ ਮਨਮਾਨੀ ਕਰਨ ਤਾਂ ਉਹ ਸੰਗਠਨ ਅਸੰਗਠਨ ਦੀ ਦਿਸ਼ਾ ਵੱਲ ਚਲਾ ਜਾਂਦਾ ਹੈ।

**1.5.6.2.5 ਸਾਪੇਖ ਸਥਾਈਪਨ (Relative Permanent) :**

ਰਸਮੀ ਸੰਗਠਨ ਤੁਲਨਾਤਮਕ ਰੂਪ ਵਿੱਚ ਸਥਾਈ ਹੁੰਦੇ ਹਨ ਜੋ ਲੰਬੇ ਅਰਸੇ ਤੱਕ ਚਲਦੇ ਰਹਿੰਦੇ ਹਨ। ਕੁੱਝ ਸੰਗਠਨ ਕੁੱਝ ਵਿਸ਼ੇਸ਼ ਉਦੇਸ਼ਾਂ ਨੂੰ ਪੂਰਾ ਕਰਨ ਲਈ ਬਣਾਏ ਜਾਂਦੇ ਹਨ ਉਨ੍ਹਾਂ ਉਦੇਸ਼ਾਂ ਦੇ ਪੂਰਾ ਹੋਣ ਤੋਂ ਬਾਅਦ ਸੰਗਠਨ ਵੀ ਖਤਮ ਹੋ ਜਾਂਦੇ ਹਨ। ਕੁੱਝ ਸੰਗਠਨ ਇਸ ਲਈ ਖਤਮ ਹੋ ਜਾਂਦੇ ਹਨ ਕਿਉਂਕਿ ਉਹ ਉਦੇਸ਼ ਨੂੰ ਪੂਰਾ ਕਰਨ ਵਿੱਚ ਸਫਲ ਨਹੀਂ ਹੁੰਦੇ। ਉਦਾਹਰਨ ਲਈ ਵਿਆਪਾਰਕ ਸੰਗਠਨ ਜੋ ਮੁਨਾਫਾ ਨਾ ਕਮਾਉਣ ਜਾਂ ਘਾਟਾ ਪੈਣ ਕਰਕੇ ਖਤਮ ਹੋ ਜਾਂਦੇ ਹਨ।

**1.5.6.3 ਗੈਰ-ਰਸਮੀ ਸੰਗਠਨ (Informal Organization) :**

ਉਹ ਛੋਟੇ ਸਮੂਹ ਹਨ ਜੋ ਇੱਕ ਦੂਜੇ ਨਾਲ ਵਿਅਕਤੀਗਤ ਰੂਪ ਵਿੱਚ ਜੁੜੇ ਹਨ। ਇਨ੍ਹਾਂ ਸੰਗਠਨਾਂ ਵਿੱਚ ਸੰਬੰਧ ਆਹਮਣੇ-ਸਾਹਮਣੇ ਦਾ ਹੁੰਦਾ ਹੈ। ਮੈਂਬਰ ਵਿਅਕਤੀਗਤ ਰੂਪ ਵਿੱਚ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਇਨ੍ਹਾਂ ਸੰਗਠਨਾਂ ਵਿੱਚ ਮੈਂਬਰ ਆਪਣੀ ਹਰ ਭਾਵਨਾ ਆਪਸ ਵਿੱਚ ਸਾਂਝੀ ਕਰਦੇ ਹਨ। ਉਦਾਹਰਨ ਦੇ ਲਈ ਖੇਡ, ਸਾਥੀ, ਸਮੂਹ, ਕਲੱਬ ਆਦਿ।

ਗੈਰ ਰਸਮੀ ਸਮੂਹ ਦੀ ਹੋਂਦ ਰਸਮੀ ਸਮੂਹਾਂ ਵਿੱਚ ਹੀ ਹੁੰਦੀ ਹੈ। ਉਪਚਾਰਿਕ ਸੰਬੰਧਾਂ ਵਿਚੋਂ ਹੀ ਗੈਰ-ਰਸਮੀ ਸੰਬੰਧ ਬਣਦੇ ਹਨ। ਕੰਮ ਕਰਦੇ ਹੋਏ ਆਪਣੇ ਥਕਾਵਟ ਦੂਰ ਕਰਨ ਲਈ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਹ ਦੂਜਿਆਂ ਨਾਲ ਅੰਤਰ ਕ੍ਰਿਆ ਕਰਦੇ ਹਨ। ਕੰਮ ਨਾਲ ਅਲਗਾਵ ਦੀ ਸਥਿਤੀ ਵਿੱਚ ਇਹ ਸਮੂਹ ਪ੍ਰੇਰਕ ਦਾ ਕੰਮ ਕਰਦੇ ਹਨ। ਗੈਰ-ਰਸਮੀ ਸਮੂਹ ਸਮਰੂਪੀ ਨਹੀਂ ਹੁੰਦੇ ਭਿੰਨ ਹੁੰਦੇ ਹਨ। ਉਦਾਹਰਨ ਲਈ ਜੇ ਇਕ ਸੰਗਠਨ ਵਿੱਚ 300 ਮੈਂਬਰ ਹਨ ਤਾਂ ਇਨ੍ਹਾਂ ਵਿਚ ਕਿੰਨੀ ਹੀ ਸੰਖਿਆ ਵਿਚ ਗੈਰ ਰਸਮੀ ਸੰਗਠਨ ਹੋਣਗੇ, ਜਿਨ੍ਹਾਂ ਦੀ ਆਪਸ ਵਿਚ ਇਕਸਾਰਤਾ ਹੋਵੇਗੀ। ਗੈਰ ਰਸਮੀ ਸਮੂਹਾਂ ਵਿੱਚ ਸੰਬੰਧ ਇਕਹਰੇ ਹੁੰਦੇ ਹਨ। ਇਨ੍ਹਾਂ ਵਿੱਚ ਦਰਜੇਬੰਦੀ ਨਹੀਂ ਹੁੰਦੀ। ਇਹ ਸੰਬੰਧ ਸੱਤਾ, ਪ੍ਰਤਿਸ਼ਠਾ, ਦਰਜੇ ਦੇ ਨਹੀਂ ਬਲਕਿ ਇਕ ਦੂਜੇ ਨਾਲ ਮੇਲ ਮਿਲਾਪ ਦੇ ਹੁੰਦੇ ਹਨ। ਇਹ ਸੰਗਠਨ ਵੀ ਲੰਬੇ ਅਰਸੇ ਤੱਕ ਚਲਦੇ ਰਹਿੰਦੇ ਹਨ। ਇਨ੍ਹਾਂ ਸੰਗਠਨਾਂ ਦੀ ਹੋਂਦ ਨਾਲ ਰਸਮੀ ਸੰਗਠਨ ਵੀ ਚੰਗੀ ਤਰ੍ਹਾਂ ਕੰਮ ਕਰਦੇ ਹਨ। ਕੂਲੇ ਨੇ ਇਨ੍ਹਾਂ ਸੰਗਠਨਾਂ ਨੂੰ ਪ੍ਰਾਥਮਿਕ ਸਮੂਹ ਅਤੇ ਸਮਨਰ ਨੇ ਇਨ੍ਹਾਂ ਨੂੰ ਅੰਤਰਸਮੂਹ ਕਿਹਾ ਹੈ।

**1.5.7 ਰਸਮੀ ਅਤੇ ਗੈਰ-ਰਸਮੀ ਸੰਗਠਨਾਂ ਵਿੱਚ ਭਿੰਨਤਾ (Difference between Formal and Informal Organisation) :**

**1.5.7.1 ਮੈਂਬਰਸ਼ਿਪ ਦਾ ਆਧਾਰ (Base of Membership) :** ਰਸਮੀ ਸੰਗਠਨ ਦਾ ਮੈਂਬਰ ਆਪਣੀ ਯੋਗਤਾ, ਵਿਸ਼ੇਸ਼ ਗੁਣਾਂ ਦੇ ਆਧਾਰ ਤੇ ਬਣਦਾ ਹੈ। ਸੰਗਠਨ ਦੇ ਉਦੇਸ਼ ਨੂੰ ਪੂਰਾ ਕਰਨ ਵਿੱਚ ਜੇ ਉਹ ਸਫਲ ਹੁੰਦਾ ਹੈ ਤਾਂ ਉਸਦੀ ਆਪਣੀ ਵਿਸ਼ੇਸ਼ਤਾ ਹੀ ਆਧਾਰ ਹੁੰਦੀ ਹੈ। ਗੈਰ ਰਸਮੀ ਸੰਗਠਨ ਦੀ ਮੈਂਬਰਸ਼ਿਪ ਅਲਗ ਨਹੀਂ ਇਹ ਵਿਅਕਤੀ ਦੇ ਆਪਣੇ ਪਿਆਰ, ਰਿਸ਼ਤੇ-ਨਾਤੇ ਕਰਕੇ ਬਣਦੀ ਹੈ।

1.5.7.2 **ਸੰਬੰਧ (Relationship) :** ਰਸਮੀ ਸੰਗਠਨ ਵਿੱਚ ਸੰਬੰਧ ਦੂਤੀਆ (Secondary) ਦਰਜੇ ਦੇ ਹੁੰਦੇ ਹਨ। ਇਨ੍ਹਾਂ ਸੰਗਠਨਾਂ ਦਾ ਆਕਾਰ ਵੱਡਾ ਹੋਣ ਕਾਰਣ ਸੈਂਕੜੇਂ ਮੈਂਬਰ ਹੁੰਦੇ ਹਨ ਇਹ ਸੰਬੰਧ ਅਵਿਅਕਤੀਗਤ ਰਸਮੀ, ਸੁਆਰਥੀ ਅਤੇ ਅਪ੍ਰਤੱਖ ਹੁੰਦੇ ਹਨ। ਗੈਰ ਰਸਮੀ ਸੰਗਠਨ ਵਿਅਕਤੀਗਤ ਹੁੰਦੇ ਹਨ। ਇੱਕ ਮੈਂਬਰ ਦੀ ਅਣਹੋਂਦ ਕਾਰਣ ਪੈਦਾ ਹੋਈ ਘਾਟ ਨੂੰ ਦੂਜਾ ਵਿਅਕਤੀ ਪੂਰਾ ਨਹੀਂ ਕਰ ਸਕਦਾ। ਇਥੇ ਇੱਕ ਵਿਅਕਤੀ ਦੀ ਥਾਂ ਦੂਜਾ ਵਿਅਕਤੀ ਨਹੀਂ ਲੈ ਸਕਦਾ। ਹਰ ਮੈਂਬਰ ਦੀ ਆਪਣੀ ਪਛਾਣ ਹੈ।

1.5.7.3 **ਆਦਰਸ਼ ਨਿਯਮ (Norms) :** ਰਸਮੀ ਸੰਗਠਨ ਵਿੱਚ ਨਿਯਮ ਰਸਮੀ ਹੁੰਦੇ ਹਨ। ਸੰਗਠਨ ਵੱਡ ਆਕਾਰ ਦੇ ਹੋਣ ਕਾਰਨ ਮੈਂਬਰਾਂ ਦੇ ਵਿਚਾਰ ਵਿਵਹਾਰ ਆਦਰਸ਼ਾਂ ਵਿਚ ਭਿੰਨਤਾ ਹੁੰਦੀ ਹੈ। ਇਨ੍ਹਾਂ ਸੰਗਠਨਾਂ ਵਿੱਚ ਰਸਮੀ ਵਿਧੀਆਂ ਹੀ ਲਾਗੂ ਹੁੰਦੀਆਂ ਹਨ। ਹਰ ਸੰਗਠਨ ਦਾ ਆਪਣਾ ਸੰਵਿਧਾਨ ਤੇ ਕਾਨੂੰਨ ਹੈ। ਨਿਯਮਾਂ ਦੀ ਪਾਲਣਾ ਲਿਖਿਤ ਰੂਪ ਵਿੱਚ ਹੁੰਦੀ ਹੈ ਗੈਰ ਰਸਮੀ ਸੰਗਠਨ ਵਿੱਚ ਨਿਯਮ ਲਿਖਿਤ ਨਾ ਹੋ ਕੇ ਰੀਤੀਆਂ ਦੇ ਰੂਪ ਵਿੱਚ ਹੁੰਦੇ ਹਨ ਜੋ ਅਮੂਰਤ ਹਨ, ਵਰਤੋਂ ਵਿੱਚ ਹੀ ਨਜ਼ਰ ਆਉਂਦੇ ਹਨ। ਇਹ ਵਿਸ਼ਵਾਸ ਦੇ ਸਹਾਰੇ ਹੀ ਸੰਗਠਨ ਦੀ ਨਿਯਮਤਤਾ ਨੂੰ ਬਣਾਉਂਦੇ ਹਨ।

1.5.7.4 **ਸਥਾਈ ਅਤੇ ਅਸਥਾਈ ਪ੍ਰਕ੍ਰਿਤੀ (Permanent and Temporary Nature) :** ਰਸਮੀ ਸੰਗਠਨ ਦਾ ਆਪਣਾ ਇਤਿਹਾਸ ਹੁੰਦਾ ਹੈ ਹਰ ਖੇਤਰ ਵਿੱਚ ਕੁੱਝ ਸੰਗਠਨ ਲੰਬੇ ਅਰਸੇ ਤੋਂ ਸਮਾਜ ਦਾ ਹਿੱਸਾ ਹਨ। ਇਹ ਸਥਾਈ ਹੁੰਦੇ ਹਨ। ਇਨ੍ਹਾਂ ਸੰਗਠਨਾਂ ਵਿੱਚ ਮੈਂਬਰਾਂ ਨੂੰ ਸਮਾਜਿਕ ਸੰਤੁਸ਼ਟੀ ਮਿਲਦੀ ਹੈ। ਉਹ ਆਪਣੇ ਕੰਮ ਨਾਲ ਜੁੜੀਆਂ ਸਮੱਸਿਆਵਾਂ ਦਾ ਹਲ ਇਨ੍ਹਾਂ ਸੰਗਠਨਾਂ ਰਾਹੀਂ ਲੱਭਦੇ ਹਨ।

1.5.7.5 **ਪੁੜਬੰਦੀ ਜਾਂ ਦਰਜਾਬੰਦੀ (Hierarchy) :**

ਰਸਮੀ ਸੰਗਠਨ ਵਿੱਚ ਦਰਜਾਬੰਦੀ ਪਾਈ ਜਾਂਦੀ ਹੈ ਹਰ ਮੈਂਬਰ ਦੀ ਸਥਿਤੀ ਅਤੇ ਕੰਮ ਨਿਸ਼ਚਿਤ ਹੁੰਦੇ ਹਨ। ਇਨ੍ਹਾਂ ਸੰਗਠਨਾਂ ਵਿੱਚ ਸੰਬੰਧ ਸੱਤਾ ਤੇ ਆਧਾਰਿਤ ਹੁੰਦੇ ਹਨ। ਹਰ ਮੈਂਬਰ ਦਾ ਦਰਜਾ ਨਿਸ਼ਚਿਤ ਹੁੰਦਾ ਹੈ। ਇਨ੍ਹਾਂ ਦਰਜਿਆਂ ਨਾਲ ਸੰਬੰਧਿਤ ਸੱਤਾ ਵਿੱਚ ਅਸਮਾਨਤਾ ਹੁੰਦੀ ਹੈ ਅਤੇ ਇਨ੍ਹਾਂ ਸੰਗਠਨਾਂ ਦਾ ਰੂਪ ਪਿਰਾਮਿਡ ਦੀ ਤਰ੍ਹਾਂ ਹੈ। ਗੈਰਰਸਮੀ ਸੰਗਠਨ ਸਮਾਨਤਾ ਤੇ ਆਧਾਰਿਤ ਹੈ। ਕੋਈ ਦਰਜੇਬੰਦੀ ਨਹੀਂ ਹੁੰਦੀ ਇਹ ਸੰਬੰਧ ਦੋਸਤੀ ਅਤੇ ਨੇੜਤਾ ਦੇ ਹੁੰਦੇ ਹਨ।

1.5.7.6 **ਸੰਚਾਰ (Communication) :**

ਰਸਮੀ ਸੰਗਠਨ ਦਾ ਆਕਾਰ ਵੱਡਾ ਹੋਣ ਕਾਰਣ ਸੰਚਾਰ ਲਿਖਤ ਰੂਪ ਵਿੱਚ ਹੁੰਦਾ ਹੈ ਜੋ ਕਿਸੇ ਵੀ ਉਦੇਸ਼ ਤੱਕ ਪਹੁੰਚਾਉਣ ਦਾ ਸਹੀ ਸਾਧਨ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੈਰ ਰਸਮੀ ਸਮੂਹ ਸੂਚਨਾ ਜਲਦੀ ਪਹੁੰਚਾਉਂਦੇ ਹਨ ਪਰ ਜ਼ਰੂਰੀ ਨਹੀਂ ਇਹ ਸਹੀ ਹੋਵੇ। ਇਸ ਦੀ ਪੁਸ਼ਟੀ ਲਿਖਿਤ ਆਦੇਸ਼ ਤੋਂ ਹੀ ਕਰਦੇ ਹਨ ਅਰਥਾਤ ਰਸਮੀ ਨਿਯਮ ਤੋਂ ਹੀ।

1.5.7.7 **ਸਮਾਨਤਾ ਅਤੇ ਸੱਤਾ ਦੇ ਸੰਬੰਧ (Relation of Authority & Equality) :** ਰਸਮੀ ਸੰਗਠਨ ਵਿੱਚ ਬਾਹਰੀ ਸੱਤਾ ਹੁੰਦੀ ਹੈ। ਮੈਂਬਰਾਂ ਦੇ ਸੰਬੰਧ ਉੱਚਤਾ ਤੇ ਨਿਮਨਤਾ ਦੇ ਹੁੰਦੇ ਹਨ। ਵਿਅਕਤੀ ਦੀ ਸੱਤਾ ਉਸਦੀ ਸਥਿਤੀ ਕਰਕੇ ਹੁੰਦੀ ਹੈ। ਗੈਰ ਰਸਮੀ ਸੰਗਠਨ ਵਿੱਚ ਲੀਡਰਸ਼ਿਪ ਹੁੰਦੀ ਹੈ, ਪ੍ਰੰਤੂ ਸੰਬੰਧਾਂ ਵਿਚ ਸਮਾਨਤਾ ਹੁੰਦੀ ਹੈ।

1.5.7.8 **ਉਦੇਸ਼ (Motive) :**

ਰਸਮੀ ਸੰਗਠਨ ਵਿੱਚ ਅੰਤਰਕ੍ਰਿਆ ਅਤੇ ਸੰਚਾਰ ਅਪ੍ਰਤੱਖ ਰੂਪ ਵਿੱਚ ਹੁੰਦੇ ਹਨ। ਇਹ ਭਾਈਚਾਰੇ ਦੇ ਸੰਬੰਧ ਨਾ ਹੋ ਕੇ ਇਕ ਉਦੇਸ਼ ਦੀ ਦਿਸ਼ਾ ਵੱਲ ਹੁੰਦੇ ਹਨ। ਗੈਰਰਸਮੀ ਸੰਗਠਨ ਦੂਤੀਆ ਸਮੂਹਾਂ ਨਾਲ

ਮੇਲ ਖਾਂਦੇ ਹਨ। ਗੈਰ ਰਸਮੀ ਸੰਗਠਨ ਵਿੱਚ ਸੰਬੰਧ ਆਹਮਣੇ ਸਾਹਮਣੇ ਵਾਲੇ ਅਤੇ ਨੇੜਤਾ ਦੇ ਹੁੰਦੇ ਹਨ। ਇਨ੍ਹਾਂ ਸੰਗਠਨਾਂ ਦਾ ਉਦੇਸ਼ ਹੀ ਅੰਤਰਕ੍ਰਿਆ ਹੁੰਦਾ ਹੈ। ਇਸ ਤਰ੍ਹਾਂ ਗੈਰ ਰਸਮੀ ਸੰਗਠਨ ਪ੍ਰਾਥਮਿਕ ਸਮੂਹਾਂ ਨਾਲ ਮੇਲ ਖਾਂਦੇ ਹਨ।

**1.5.7.9 ਗਤੀਸ਼ੀਲਤਾ ਦੀ ਦਰ (Degree of Mobility) :**

ਰਸਮੀ ਸੰਗਠਨ ਘੱਟ ਗਤੀਸ਼ੀਲ ਹੁੰਦੇ ਹਨ। ਇਹ ਆਮ ਤੌਰ ਤੇ ਸਥਾਈ ਹੁੰਦੇ ਹਨ ਅਤੇ ਤਬਦੀਲੀ ਇੰਨੀ ਜਲਦੀ ਨਹੀਂ ਆਉਂਦੀ। ਇਨ੍ਹਾਂ ਸੰਗਠਨਾਂ ਵਿੱਚ ਤਬਦੀਲੀ ਨਾਮਾਤਰ ਹੁੰਦੀ ਹੈ ਉਦਾਹਰਨ ਦੇ ਤੌਰ ਤੇ ਕਾਨੂੰਨ ਨੂੰ ਬਦਲਣਾ ਆਸਾਨ ਨਹੀਂ ਹੁੰਦਾ। ਇੱਕ ਵਾਰੀ ਕਾਨੂੰਨ ਪਾਸ ਹੋਣ ਅਤੇ ਲਾਗੂ ਹੋਣ ਬਾਅਦ ਇਸ ਵਿਚ ਇਸਨੂੰ ਬਦਲਿਆ ਨਹੀਂ ਜਾ ਸਕਦਾ, ਸੁਧਾਰ ਹੀ ਹੋ ਸਕਦਾ ਹੈ। ਗੈਰ ਰਸਮੀ ਸੰਗਠਨ ਗਤੀਸ਼ੀਲ ਹੁੰਦੇ ਹਨ। ਇਨ੍ਹਾਂ ਵਿੱਚ ਨਿਯਮਾਂ ਦੀ ਕਟੜਤਾ ਨਹੀਂ ਹੁੰਦੀ। ਇਨ੍ਹਾਂ ਨੂੰ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ।

**1.5.7.10 ਆਕਾਰ (Size) :**

ਰਸਮੀ ਸੰਗਠਨ ਦਾ ਆਧਾਰ ਵੱਡਾ ਹੁੰਦਾ ਹੈ। ਇਹ ਜਟਿਲ ਹੁੰਦੇ ਹਨ। ਇਥੇ ਨਿਯਮਾਂ ਦੀ ਸੰਰਚਨਾ ਹੁੰਦੀ ਹੈ। ਨਿਯਮ ਕ੍ਰਮਬੱਧ ਹੁੰਦੇ ਹਨ। ਗੈਰ ਰਸਮੀ ਸੰਗਠਨ ਦਾ ਆਕਾਰ ਛੋਟਾ ਹੁੰਦਾ ਹੈ ਇਹ ਸਰਲ ਹੁੰਦੇ ਹਨ। ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿੱਚ ਨਿਯਮਾਂ ਦੀ ਨਾ ਸੰਬੰਧਾਂ ਦੀ ਕ੍ਰਮਬੱਧਤਾ ਹੁੰਦੀ ਹੈ।

**1.5.8 ਸਾਰ (Conclusion) :**

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਰਸਮੀ ਅਤੇ ਗੈਰ ਰਸਮੀ ਸੰਗਠਨ ਦੋਵੇਂ ਹੀ ਸਮਾਜ ਦਾ ਜ਼ਰੂਰੀ ਹਿੱਸਾ ਹਨ। ਇਨ੍ਹਾਂ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਇਕ ਰਸਮੀ ਸੰਗਠਨ ਵਿਚ ਕਈ ਗੈਰ ਰਸਮੀ ਸੰਗਠਨ ਹੁੰਦੇ ਹਨ। ਕੋਈ ਵੀ ਰਸਮੀ ਸੰਗਠਨ ਇਕੱਲਾ ਕੰਮ ਨਹੀਂ ਕਰ ਸਕਦਾ। ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਇਨ੍ਹਾਂ ਨੂੰ ਦੂਜਿਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਜੇ ਦੋਵੇਂ ਸੰਗਠਨ ਨਾਲ ਨਾਲ ਨਹੀਂ ਚੱਲਦੇ ਤਾਂ ਇਨ੍ਹਾਂ ਵਿੱਚ ਸੰਘਰਸ਼ ਪੈਦਾ ਹੋ ਜਾਂਦਾ ਹੈ। ਪੇਜ਼ ਦੇ ਸ਼ਬਦਾਂ ਵਿੱਚ ਰਸਮੀ ਸੰਗਠਨ ਹੀ ਕਈ ਤਰ੍ਹਾਂ ਦੇ ਗੈਰ ਰਸਮੀ ਕੰਮ ਅਤੇ ਸੰਬੰਧਾਂ ਦੇ ਢਾਂਚੇ ਵਿੱਚ ਆਉਂਦਾ ਹੈ ਉਹ ਇਨ੍ਹਾਂ ਪ੍ਰਾਥਮਿਕ ਸਮੂਹ ਸੰਬੰਧਾਂ ਨੂੰ ਦੋਸਤੀ ਅਤੇ ਆਪਣੀ ਜ਼ਿੰਮੇਵਾਰੀ ਨੂੰ ਅਫ਼ਸਰਸ਼ਾਹੀ ਦਾ ਦੂਜਾ ਰੂਪ ਮੰਨਦਾ ਹੈ। ਰਸਮੀ ਸੰਗਠਨ ਅਤੇ ਗੈਰ ਰਸਮੀ ਸੰਗਠਨ ਇਕ ਦੂਜੇ ਦੇ ਪੂਰਕ ਹਨ।

**1.5.9 ਅਭਿਆਸ ਲਈ ਪ੍ਰਸ਼ਨ :**

1. ਸਮਾਜਿਕ ਸੰਗਠਨ ਦੇ ਭਿੰਨ ਤੱਤਾਂ ਦਾ ਵਰਨਣ ਕਰੋ।
2. ਸਮਾਜਿਕ ਸੰਗਠਨ ਨੂੰ ਪਰਿਭਾਸ਼ਿਤ ਕਰੋ। ਇਸ ਦੀ ਭਿੰਨ ਕਿਸਮਾਂ ਦਾ ਵਰਨਣ ਕਰੋ।
3. ਰਸਮੀ ਅਤੇ ਗੈਰ ਰਸਮੀ ਸੰਗਠਨਾਂ ਵਿੱਚ ਭਿੰਨਤਾ ਦਾ ਵਰਨਣ ਕਰੋ।

**ਸੰਖੇਪ ਪ੍ਰਸ਼ਨ :**

1. ਮੈਕਸ ਵੈਬਰ ਦੀ Bureaucracy ਅਫਸਰਸ਼ਾਹੀ ਤੇ ਛੋਟਾ ਨੋਟ ਲਿਖੋ।
2. ਰਸਮੀ ਸੰਗਠਨ ਕੀ ਹੈ।
3. ਗੈਰ-ਰਸਮੀ ਸੰਗਠਨ ਕੀ ਹੈ।

**1.5.10 ਉਪਯੋਗੀ ਪੁਸਤਕਾਂ :**

C.N. Shankar Rao, Primary Principles, S. Chand & Company Ltd., New Delhi, 2004.

Harlamboos : Sociology Themes and Perspectives, Oxford University Press, 1980.

Harry. M. Johnson : Sociology, A Systematic Introduction, Allied Publishers, 1966.

Neil. J. Smelser : Sociology, Prentice Hall of India, New Delhi, 1993.

ਪਾਠ ਨੰ : **1.6** ਲੇਖਿਕਾ : ਡਾ. ਹਰਿੰਦਰ ਕੌਰ

Last updated: August,2023

# ਸਮੁਦਾਇ ਅਤੇ ਸਭਾ

## ਰੂਪ ਰੇਖਾ

1.6.0 ਉਦੇਸ਼

1.6.1 ਜਾਣ ਪਛਾਣ

1.6.2 ਸਮੁਦਾਇ ਦੀਆਂ ਪਰਿਭਾਸ਼ਾਵਾਂ

1.6.2.1 ਸਮੁਦਾਇ ਦੇ ਤੱਤ

1.6.2.2 ਸਮੁਦਾਇ ਦੀਆਂ ਸੀਮਾਵਾਂ

1.6.2.3 ਗੁਆਂਢ ਇਕ ਸਮੁਦਾਇ

1.6.2.4 ਕੀ ਜੇਲ ਸਮੁਦਾਇ ਹੈ?

1.6.3 ਸਮੁਦਾਇ ਦੀਆਂ ਕਿਸਮਾਂ

1.6.4 ਸਮੁਦਾਇ ਅਤੇ ਸਮਾਜ ਵਿਚ ਅੰਤਰ

1.6.5 ਸਭਾ

1.6.6 ਸਭਾ ਦੀਆਂ ਪਰਿਭਾਸ਼ਾਵਾਂ

1.6.7 ਸਭਾ ਦੀਆਂ ਵਿਸ਼ੇਸ਼ਤਾਈਆਂ

1.6.8 ਸਭਾ ਦੀਆਂ ਕਿਸਮਾਂ

1.6.9 ਕੀ ਰਾਜ ਸਭਾ ਹੈ

1.6.10 ਸਮੁਦਾਇ ਅਤੇ ਸਭਾ ਵਿਚ ਅੰਤਰ

1.6.11 ਸਭਾ ਅਤੇ ਸਮਾਜ ਵਿਚ ਅੰਤਰ

1.6.12 ਸਾਰ

1.6.13 ਮੁੱਖ ਸ਼ਬਦ

1.6.14 ਅਭਿਆਸ ਲਈ ਪ੍ਰਸ਼ਨ

1.6.15 ਉਪਯੋਗੀ ਪੁਸਤਕਾਂ

## 1.6.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਹੇਠ ਲਿਖੀਆਂ ਗੱਲਾਂ ਦੀ ਜਾਣਕਾਰੀ ਪ੍ਰਾਪਤ ਕਰਨ ਯੋਗ ਹੋਵੋਗੇ।

- ਤੁਸੀਂ ਸਮੁਦਾਇ ਦਾ ਅਰਥ ਸਮਝਣ ਅਤੇ ਇਹਨੂੰ ਪਰਿਭਾਸ਼ਤ ਕਰਨ ਯੋਗ ਹੋਵੋਗੇ
- ਸਮੁਦਾਇ ਦੇ ਤੱਤਾਂ ਨੂੰ ਬਿਆਨ ਕਰ ਸਕੋਗੇ
- ਸਮੁਦਾਇ ਦੀਆਂ ਸੀਮਾਵਾਂ ਗੁਆਂਢ, ਜੇਲ, ਰਾਜ ਬਾਰੇ ਗਿਆਨ ਹਾਸਿਲ ਕਰੋਗੇ।
- ਸਮੁਦਾਇ ਅਤੇ ਸਮਾਜ ਵਿਚ ਅੰਤਰ ਕਰਨ ਯੋਗ ਹੋਵੇਗੇ।
- ਸਭਾ ਦਾ ਅਰਥ ਦੱਸ ਸਕੋਗੇ।
- ਸਭਾ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰ ਸਕੋਗੇ।
- ਸਭਾ ਅਤੇ ਸਮਾਜ ਵਿਚ ਅੰਤਰ ਦੱਸ ਸਕੋਗੇ।
- ਸਭਾ ਅਤੇ ਸਮੁਦਾਇ ਦੀ ਭਿੰਨਤਾ ਨੂੰ ਬਿਆਨ ਕਰ ਸਕੋਗੇ।

## 1.6.1 ਜਾਣ ਪਛਾਣ

ਅਸੀਂ ਇਸ ਗੱਲ ਤੋਂ ਤਾਂ ਭਲੀ ਭਾਂਤ ਵਾਕਿਫ ਹਾਂ ਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ (Man is a Social Animal) ਕਿਉਂਕਿ ਉਹ ਆਪਣੀਆਂ ਲੋੜਾਂ ਲਈ ਦੂਸਰਿਆਂ ਤੇ ਨਿਰਭਰ ਕਰਦਾ ਹੈ। ਮਨੁੱਖੀ ਇਤਿਹਾਸ ਦੇ ਸ਼ੁਰੂ ਹੋਣ ਤੋਂ ਲੈ ਕੇ ਵਿਅਕਤੀ ਹਮੇਸ਼ਾ ਸਮੁਦਾਇ ਵਿਚ ਹੀ ਰਹਿੰਦਾ ਆਇਆ ਹੈ। ਇਸ ਤਰ੍ਹਾਂ ਦੇ ਸਮੁਦਾਇ ਦੇ ਸਮੂਹ ਜਾਨਵਰਾਂ ਅਤੇ ਪੌਦਿਆਂ ਵਿਚ ਵੀ ਮਿਲਦੇ ਹਨ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਪੱਥਰ ਯੁੱਗ ਵਿਚ ਸਥਾਈ ਸਮੁਦਾਇ ਹੋਂਦ ਵਿਚ ਆਏ। ਆਮ ਸ਼ਬਦਾਂ ਵਿਚ ਤਾਂ ਸਮੁਦਾਇ ਤੋਂ ਭਾਵ ਉਹਨਾਂ ਇਕਾਈਆਂ ਤੋਂ ਲਿਆ ਜਾਂਦਾ ਹੈ ਜੋ ਸਥਿਰ ਜਾਂ ਅਸਥਿਰ ਆਤਮ ਨਿਰਭਰ ਅਤੇ ਅੰਤਰ ਨਿਰਭਰ ਛੋਟੀਆਂ ਜਾਂ ਵੱਡੀਆਂ ਕਬੀਲੇ ਪਿੰਡ ਜਾਂ ਸ਼ਹਿਰ ਦੀਆਂ ਸਧਾਰਣ ਜਾਂ ਜਟਿਲ ਇਕਾਈਆਂ ਹੋਣ। ਪ੍ਰੰਤੂ ਸਮਾਜ ਵਿਗਿਆਨ ਵਿਚ ਸਮੁਦਾਇ ਸ਼ਬਦ ਦਾ ਇਸਤੇਮਾਲ ਵਿਸ਼ੇਸ਼ ਤਰੀਕੇ ਨਾਲ ਕੀਤਾ ਜਾਂਦਾ ਹੈ। ਜਿਸ ਤੋਂ ਭਾਵ ਬੁਨਿਆਦੀ ਸ਼ਰਤਾਂ ਵਿਚ ਸਾਂਝੀਵਾਲ ਹੋਣ ਜਿਨ੍ਹਾਂ ਵਿਚ ਭਾਈਚਾਰੇ ਦੀ ਭਾਵਨਾ ਹੋਵੇ ਜਿਨ੍ਹਾਂ ਦੇ ਵਿਸ਼ਵਾਸ਼, ਰੀਤੀ ਰਿਵਾਜ, ਆਦਤਾਂ ਸਮਰੂਪ ਹੋਣ ਅਤੇ ਜਿਹਨਾਂ ਵਿਚ ਅਪਣਤ ਜਾਂ ਆਪੇ ਦੀ ਭਾਵਨਾ ਹੋਵੇ ਉਸ ਸਮੂਹ ਨੂੰ ਸਮੁਦਾਇ ਕਿਹਾ ਜਾ ਸਕਦਾ ਹੈ। ਆਉ ਇਸਦਾ ਅਰਥ ਕੁਝ ਸਮਾਜ ਵਿਗਿਆਨੀਆਂ ਦੀਆਂ ਦਿੱਤੀਆਂ ਪਰਿਭਾਸ਼ਾਵਾਂ ਤੋਂ ਜਾਨਣ ਦੀ ਕੋਸ਼ਿਸ਼ ਕਰੀਏ।

## 1.6.2 ਸਮੁਦਾਇ ਦੀਆਂ ਪਰਿਭਾਸ਼ਾਵਾਂ

ਕਿੰਗਸਲੇ ਡੇਵਿਸ ਨੇ ਆਪਣੀ ਪੁਸਤਕ 'ਹਿਉਮਨ ਸੋਸਾਇਟੀ' ਵਿਚ ਸਮੁਦਾਇ ਦੇ ਸੰਕਲਪ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ ਕਿ "ਸਮੁਦਾਇ ਇਕ ਸਭ ਤੋਂ ਛੋਟਾ ਖੇਤਰੀ ਸਮੂਹ ਹੈ ਜੋ ਸਮਾਜਿਕ ਜੀਵਨ ਦੇ ਹਰੇਕ ਪਹਿਲੂ ਨੂੰ ਆਪਣੀ ਬੁਕਲ ਵਿਚ ਸਮੋਂਦਾ ਹੈ। ਭਾਵੇਂ ਘਰ ਸਭ ਤੋਂ ਛੋਟਾ ਇਲਾਕਾਈ ਸਮੂਹ ਹੈ ਪ੍ਰੰਤੂ ਇਸਦਾ ਘੇਰਾ ਬਹੁਤ ਸੀਮਿਤ ਹੁੰਦਾ ਹੈ। ਦੂਜੇ ਪਾਸੇ ਸਮੁਦਾਇ ਇਕ ਅਜਿਹਾ ਸਥਾਨਕ ਸਮੂਹ ਹੈ ਜੋ ਸਾਰੀਆਂ ਪ੍ਰਮੁੱਖ ਸੰਸਥਾਵਾਂ ਪਦਵੀਆਂ ਅਤੇ ਹਿਤਾਂ ਨੂੰ ਆਪਣੇ ਵਿਚ ਸ਼ਾਮਿਲ ਕਰਦਾ ਹੈ ਜਿਸ ਤੋਂ ਸਮਾਜ ਦੀ ਸਿਰਜਣਾ ਹੁੰਦੀ ਹੈ। ਇਹ ਸਭ ਤੋਂ ਛੋਟਾ ਅਤੇ ਛੋਟਾ ਹੋ ਸਕਣ ਵਾਲਾ ਸਥਾਨਕ ਸਮੂਹ ਹੈ ਜੋ ਪੂਰਨ ਸਮਾਜ ਹੁੰਦਾ

ਹੈ।" ਹਾਰਵੇ ਡਬਲਿਊ. ਜੋਰਬਫ਼ ਨੇ ਆਪਣੀ ਪੁਸਤਕ 'ਦੀ ਗੋਲਡ ਕੋਸਟ ਐਂਡ ਦੀ ਸੱਲਮ' ਵਿਚ ਸਮੁਦਾਇ ਦੀ ਪਰਿਭਾਸ਼ਾ "ਅਜਿਹੇ ਕਥਾਨਕ ਖੇਤਰ ਦੇ ਰੂਪ ਵਿਚ ਕੀਤੀ ਜਾਂਦੀ ਹੈ ਜਿੱਥੇ ਲੋਕ ਇੱਕ ਹੀ ਭਾਸ਼ਾ ਬੋਲਦੇ ਹੋਣ ਇੱਕ ਜਿਹੀਆਂ ਲੋਕ ਰੀਤੀਆਂ ਦਾ ਪਾਲਣ ਕਰ ਰਹੇ ਹੋਣ ਇਕੋ ਜਿਹੇ ਸੰਵੇਗ ਦਾ ਅਨੁਭਵ ਘੱਟ ਜਾਂ ਵੱਧ ਮਾਤਰਾ ਵਿਚ ਕਰਦੇ ਹੋਣ ਅਤੇ ਉਹਨਾਂ ਹੀ ਰਵਈਆਂ ਦਾ ਅਨੁਸਰਨ ਕਰਦੇ ਹੋਣ।" ਈ. ਐਸ. ਬੋਗਾਰਡਸ ਅਨੁਸਾਰ "ਸਮੁਦਾਇ ਇਕ ਸਮਾਜਿਕ ਸਮੂਹ ਹੈ ਜਿਸ ਵਿਚ ਕੁਝ ਅੰਸ਼ ਵਿਚ ਅਸੀ ਭਾਵਨਾ, (we feeling) ਹੁੰਦੀ ਹੈ ਅਤੇ ਜੋ ਇਕ ਵਿਸ਼ੇਸ਼ ਖੇਤਰ ਵਿਚ ਰਹਿੰਦਾ ਹੈ"

ਰਾਜਨੈਤਿਕ ਵਿਗਿਆਨੀ ਜੀ. ਡੀ. ਐਚ. ਕੋਲ ਨੇ ਸਮੁਦਾਇ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਿਆ ਹੈ ਕਿ "ਸਮੁਦਾਇ ਤੋਂ ਮੇਰਾ ਮਤਲਬ ਸਮਾਜਿਕ ਜੀਵਨ ਦੇ ਇਕ ਜਾਲ ਤੋਂ ਹੈ ਇਕ ਅਜਿਹਾ ਜਾਲ ਜਿਸ ਵਿਚ ਸਮਾਜਿਕ ਸੰਬੰਧਾਂ ਦੀਆਂ ਅਵਸਥਾਵਾਂ ਦੇ ਨਾਲ ਨਾਲ ਰਹਿਣ ਵਾਲੇ ਇਕ ਸਮਾਨਯ ਪ੍ਰੰਤੂ ਲਗਾਤਾਰ ਬਦਲਦੀਆਂ ਰਹਿਣ ਵਾਲੀਆਂ ਰੂੜੀਆਂ ਪ੍ਰਥਾਵਾਂ ਪਰੰਪਰਾਵਾਂ ਦੇ ਸਮੂਹ ਨਾਲ ਆਪਸ ਵਿਚ ਬੰਨ੍ਹੇ ਹੋਏ ਅਤੇ ਕੁੱਝ ਹੱਦ ਤੱਕ ਸਾਮਾਨਯ ਸਮਾਜਿਕ ਲਕਸ਼ ਅਤੇ ਹਿਤਾਂ ਪ੍ਰਤੀ ਚੇਤੰਨ ਬਹੁਤ ਸਾਰੇ ਮਾਨਵ ਪ੍ਰਾਣੀ ਸ਼ਾਮਲ ਹਨ।"

ਮੈਕਾਈਵਰ ਅਤੇ ਪੇਜ ਦਾ ਮੰਨਣਾ ਹੈ ਕਿ "ਜਦੋਂ ਵੀ ਕਿਸੇ ਛੋਟੇ ਜਾਂ ਵੱਡੇ ਸਮੂਹ ਦੇ ਮੈਂਬਰ ਇਸ ਤਰੀਕੇ ਨਾਲ ਇਕੱਠੇ ਰਹਿੰਦੇ ਹਨ ਕਿ ਉਹ ਕੇਵਲ ਇਕਾ ਦੁੱਕਾ ਹਿੱਤਾਂ ਨੂੰ ਹੀ ਨਹੀਂ ਵੰਡਦੇ ਸਗੋਂ ਪ੍ਰਚਲਿਤ ਜੀਵਨ ਦੀਆਂ ਬੁਨਿਆਦੀ ਸ਼ਰਤਾਂ ਵਿਚ ਦਿਲਚਸਪੀ ਲੈਂਦੇ ਹਨ, ਉਸ ਸਮੂਹ ਨੂੰ ਸਮੁਦਾਇ ਕਿਹਾ ਜਾਂਦਾ ਹੈ। ਸਮੁਦਾਇ ਦੀ ਬੁਨਿਆਦੀ ਕਸੱਵਟੀ ਇਹ ਹੈ ਕਿ ਕਿਸੇ ਦਾ ਸੰਪੂਰਨ ਜੀਵਨ ਉਸ ਵਿਚ ਹੀ ਜਿਉਇਆਂ ਜਾ ਸਕਦਾ ਹੈ, ਤਾਂ ਸਮੁਦਾਇ ਦਾ ਮੂਲ ਇਹ ਹੈ ਕਿ ਸਾਰੇ ਸਮਾਜਿਕ ਸੰਬੰਧਾਂ ਦੀ ਇਕਸਾਰਤਾ ਇਸ ਵਿਚ ਪਾਈ ਜਾਂਦੀ ਹੈ।" ਔਗਬਰਨ ਅਤੇ ਨਿਮਕੋਫ਼ ਲਿਖਦੇ ਹਨ ਕਿ "ਸਮੁਦਾਇ ਉਹਨਾਂ ਲੋਕਾਂ ਦੇ ਸਮੂਹ ਨੂੰ ਕਹਿੰਦੇ ਹਨ ਜੋ ਕਿ ਇਕ ਖਾਸ ਭੂਗੋਲਿਕ ਖੇਤਰ ਵਿਚ ਰਹਿੰਦੇ ਹੋਣ ਅਤੇ ਜਿਹਨਾਂ ਦੇ ਕੰਮ ਅਤੇ ਰੁਚੀਆਂ ਕੇਂਦਰਿਤ ਹੋਣ ਅਤੇ ਜੋ ਜੀਵਨ ਦੇ ਮਾਮਲਿਆਂ ਵਿਚ ਸਾਂਝੇ ਕੰਮ ਕਰਦੇ ਹੋਣ।"

ਉਪਰੋਕਤ ਪਰਿਭਾਸ਼ਾਵਾਂ ਦੇ ਅਧਿਐਨ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਖਾਸ ਜਗਾ ਤੇ ਰਹਿਣ ਵਾਲੇ ਲੋਕਾਂ ਦਾ ਇਕੱਠ ਜੋ ਕਿ ਇਕਸਾਰਤਾ ਦਾ ਜੀਵਨ ਬਿਤਾਉਂਦੇ ਹੋਣ ਉਸਨੂੰ ਅਸੀਂ ਸਮੁਦਾਇ ਕਹਿੰਦੇ ਹਾਂ। ਪ੍ਰੰਤੂ ਹਰੇਕ ਸਮੂਹ ਨੂੰ ਸਮੁਦਾਇ ਕਹਿਣਾ ਉਚਿਤ ਨਹੀਂ। ਇਸ ਲਈ ਅਸੀਂ ਇਸੇ ਸਮੁਦਾਇ ਦੇ ਕੁਝ ਵਿਸ਼ੇਸ਼ ਤੱਤਾਂ ਦਾ ਜ਼ਿਕਰ ਕਰ ਰਹੇ ਹਾਂ ਜਿਹਨਾਂ ਦੇ ਆਧਾਰ ਤੇ ਕਿਸੇ ਸਮੂਹ ਨੂੰ ਸਮੁਦਾਇ ਦਾ ਨਾਂ ਦਿੱਤਾ ਜਾ ਸਕਦਾ ਹੈ।

### 1.6.2.1 ਸਮੁਦਾਇ ਦੇ ਤੱਤ ਜਾਂ ਵਿਸ਼ੇਸ਼ਤਾਈਆਂ

1.**ਨਿਸ਼ਚਿਤ ਖੇਤਰ** : ਕਿਸੇ ਵੀ ਸਮੂਹ ਨੂੰ ਸਮੁਦਾਇ ਕਹਿਣ ਲਈ ਸਭ ਤੋਂ ਪਹਿਲਾ ਆਧਾਰ ਇਹ ਹੈ ਕਿ ਉਹ ਇਕ ਨਿਸ਼ਚਿਤ ਖੇਤਰ ਤੇ ਰਹਿੰਦੇ ਹੋਣ ਕਿਉਂਕਿ ਇਕ ਥਾਂ ਤੇ ਰਹਿਣ ਤੋਂ ਬਿਨਾਂ ਉਹਨਾਂ ਵਿਚਕਾਰ ਸੰਬੰਧ ਸਥਾਪਿਤ ਨਹੀਂ ਹੋ ਸਕਦੇ।

2.**ਆਪੇ ਦੀ ਭਾਵਨਾ** : ਲੋਕਾਂ ਵਿਚ ਸੰਬੰਧ ਸਥਾਪਿਤ ਹੋਣ ਦਾ ਭਾਵ ਹੈ ਕਿ ਉਹਨ੍ਹਾਂ ਵਿਚ ਆਪੇ ਜਾਂ ਅਪਣੱਤ ਦੀ ਭਾਵਨਾ ਹੋਵੇ ਜਿਸ ਨੂੰ ਅਸੀਂ ਸਮੁਦਾਇ ਭਾਵਨਾ ਕਹਿ ਸਕਦੇ ਹਾਂ। ਇਹ ਭਾਵਨਾ ਹੀ ਸਾਡੇ ਆਮ ਜੀਵਨ ਦੇ ਭਾਗੀਦਾਰਾਂ ਵਿਚ ਸਾਡੇ ਸੰਬੰਧਾਂ ਨੂੰ ਨਿਸ਼ਚਿਤ ਕਰਦੀ ਹੈ।

3.**ਸਮਰੂਪਤਾ** : ਸਮੁਦਾਇ ਦੇ ਲੋਕਾਂ ਵਿਚ ਬਹੁਤ ਸਾਰੀਆਂ ਸਮਰੂਪਤਾਵਾਂ ਪਾਈਆਂ ਜਾਂਦੀਆਂ ਹਨ। ਇਹ ਲੋਕ ਇਕ ਬੋਲੀ ਬੋਲਦੇ ਹਨ ਇਕੋ ਜਿਹੇ ਰੀਤੀ ਰਿਵਾਜਾਂ ਨੂੰ ਮੰਨਦੇ ਹਨ ਅਤੇ ਇਕੋ ਜਿਹੇ ਹਿੱਤਾਂ ਲਈ ਕੰਮ ਕਰਦੇ ਹਨ।

4.**ਆਪਣੇ ਆਪ ਪੈਦਾ ਹੋਣਾ** : ਸਮੁਦਾਇ ਕਿਸੇ ਇਕ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਸਿਰਜਨਾ ਨਹੀਂ

ਹੁੰਦਾ ਨਾ ਹੀ ਇਸ ਦੀ ਸਥਾਪਨਾ ਸੋਚੇ ਸਮਝੇ ਢੰਗ ਨਾਲ ਜਾਣ ਬੁਝ ਕੇ ਕੀਤੀ ਜਾਂਦੀ ਹੈ ਬਲਕਿ ਸਮੁਦਾਇ ਦਾ ਜਨਮ ਤਾਂ ਆਪਣੇ ਆਪ ਹੀ ਹੁੰਦਾ ਹੈ। ਜਦੋਂ ਕਿਸੇ ਖਾਸ ਥਾਂ ਤੇ ਲੋਕ ਕੁਝ ਦੇਰ ਲਈ ਰਹਿਣ ਲੱਗ ਜਾਂਦੇ ਹਨ ਤਾਂ ਉੱਥੇ ਸਮੁਦਾਇ ਉਤਪਨ ਹੋ ਜਾਂਦਾ ਹੈ।

5. **ਖਾਸ ਨਾਮ** : ਹਰ ਸਮੁਦਾਇ ਦਾ ਕੋਈ ਨਾ ਕੋਈ ਵਿਸ਼ੇਸ਼ ਨਾਂ ਹੁੰਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਾਮ ਵੀ ਸਮੁਦਾਇ ਦਾ ਇਕ ਜ਼ਰੂਰੀ ਤੱਤ ਹੈ ਜਿਸਦੇ ਆਧਾਰ ਤੇ ਉਸਦੀ ਪਛਾਣ ਬਣਦੀ ਹੈ।

6. **ਲੋਕਾਂ ਦਾ ਸਮੂਹ** : ਇਹ ਸਮੁਦਾਇ ਦਾ ਸਭ ਤੋਂ ਲਾਜਮੀ ਤੱਤ ਹੈ ਜੇਕਰ ਵਿਅਕਤੀਆਂ ਦਾ ਸਮੂਹ ਹੀ ਨਹੀਂ ਹੋਵੇਗਾ ਤਾਂ ਫਿਰ ਸਮੁਦਾਇ ਹੋਂਦ ਵਿਚ ਨਹੀਂ ਆ ਸਕਦਾ। ਸੋ ਸਮੂਹ ਤੋਂ ਬਿਨਾਂ ਸਮੁਦਾਇ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

7. **ਵਿਸ਼ੇਸ਼ ਉਦੇਸ਼ ਨਹੀਂ** : ਸਮੁਦਾਇ ਦੇ ਲੋਕ ਕਿਸੇ ਇਕ ਖਾਸ ਉਦੇਸ਼ ਦੀ ਪ੍ਰਾਪਤ ਲਈ ਇਕੱਠੇ ਨਹੀਂ ਹੁੰਦੇ ਸਗੋਂ ਸਮੁਦਾਇ ਦੇ ਉਦੇਸ਼ ਤਾਂ ਬਹੁਤ ਵਿਸ਼ਾਲ ਹੁੰਦੇ ਹਨ।

8. **ਕੋਈ ਕਾਨੂੰਨੀ ਰੁਤਬਾ ਨਹੀਂ** : ਕਾਨੂੰਨ ਦੀਆਂ ਨਜਰਾਂ ਵਿਚ ਸਮੁਦਾਇ ਦੇ ਨਾ ਤਾਂ ਕੋਈ ਅਧਿਕਾਰ ਹਨ ਅਤੇ ਨਾ ਹੀ ਕੋਈ ਫ਼ਰਜ। ਇਹ ਨਾਂ ਤਾਂ ਕਿਸੇ ਤੇ ਮੁਕੱਦਮਾ ਦਰਜ ਕਰ ਸਕਦਾ ਹੈ ਅਤੇ ਨਾ ਹੀ ਕੋਈ ਵਿਅਕਤੀ ਸਮੁਦਾਇ ਤੇ ਮੁਕੱਦਮਾ ਕਰ ਸਕਦਾ ਹੈ। ਸਮੁਦਾਇ ਕੋਈ ਲੀਗਲ ਬਾਡੀ ਨਹੀਂ ਹੈ।

ਉਪਰੋਕਤ ਤੱਤਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਲੋਕਾਂ ਦਾ ਇਹ ਸਮੂਹ ਜੋ ਨਿਸ਼ਚਿਤ ਭੂ ਖੇਤਰ ਤੇ ਰਹਿੰਦਾ ਹੈ ਜਿਸ ਵਿਚ ਸਮੁਦਾਇ ਜਾਂ, ਆਪੇ ਦੀ ਭਾਵਨਾ ਹੈ ਅਤੇ ਜਿਸਦਾ ਕੋਈ ਵਿਸ਼ੇਸ਼ ਨਾਮ ਹੈ ਉਸਨੂੰ ਅਸੀਂ ਸਮੁਦਾਇ ਕਹਿ ਸਕਦੇ ਹਾਂ। ਇਸ ਤੋਂ ਭਾਵ ਹੈ ਕਿ ਕਿਸੇ ਪੁਰਾਤਨ ਕਬੀਲੇ, ਕਸਬੇ, ਪਿੰਡ, ਸ਼ਹਿਰ, ਨਗਰ ਤੇ ਰਾਸ਼ਟਰ ਨੂੰ ਸਮੁਦਾਇ ਕਿਹਾ ਜਾ ਸਕਦਾ ਹੈ। ਜਿੱਥੇ ਵਿਅਕਤੀ ਸਾਮਾਨਯ ਜੀਵਨ ਦੇ ਖੇਤਰ ਵਿਚ ਉਸ ਸਮੂਹ ਦੇ ਮੈਂਬਰ ਦੇ ਤੌਰ ਤੇ ਜੀਵਨ ਬਤੀਤ ਕਰਦੇ ਹਨ।

## 1.6.2.2 ਸਮੁਦਾਇ ਦੀਆਂ ਸੀਮਾਵਾਂ

ਪ੍ਰੰਤੂ ਆਧੁਨਿਕ ਸਮੇਂ ਵਿਚ ਸਮੁਦਾਇਆਂ ਵਿਚ ਸੀਮਾਵਾਂ ਸਾਫ਼ ਨਹੀਂ ਹਨ ਅਤੇ ਇਹਨਾਂ ਦੇ ਆਪਣੇ ਵਿਚ ਹੀ ਬਹੁਤ ਸਾਰੀਆਂ ਸੀਮਾ ਰੇਖਾਵਾਂ ਹੁੰਦੀਆਂ ਹਨ। ਕਈ ਵਾਰ ਇਹ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿ ਕਿਵੇਂ ਸੀਮਾ ਰੇਖਾ ਖਿੱਚੀ ਜਾਵੇ ਜਿਸ ਤੋਂ ਅਸੀਂ ਇਹ ਜਾਣ ਸਕੀਏ ਕਿ ਕਿਸ ਸਮੂਹ ਨੂੰ ਅਸੀਂ ਸਮੁਦਾਇ ਕਹਿ ਸਕਦੇ ਹਾਂ ਅਤੇ ਕਿਸ ਸਮੂਹ ਨੂੰ ਨਹੀਂ। ਜਿਵੇਂ ਹੇਠ ਲਿਖੀਆਂ ਉਦਾਹਰਣਾਂ ਤੋਂ ਪਤਾ ਚਲਦਾ ਹੈ ਕਿ ਵਿਗਿਆਨੀਆਂ ਵਿਚ ਮਤਭੇਦ ਪਾਇਆ ਜਾਂਦਾ ਹੈ ਕਿਸੇ Monestary Convent, ਮੱਠ ਜਾਂ ਆਸ਼ਰਮ ਨੂੰ ਅਤੇ ਜੇਲ ਨੂੰ ਸਮੁਦਾਇ ਕਹਿਣਾ ਕਿੰਨਾ ਕੁ ਉਚਿਤ ਹੈ। ਇਹ ਸਾਰੇ ਸੰਗਠਨ ਕਿਸੇ ਖਾਸ ਭੂਖੇਤਰ ਵਿਚ ਰਹਿੰਦੇ ਹਨ ਅਤੇ ਇਸ ਤਰ੍ਹਾਂ ਦਾ ਸਮਾਨਯ ਸਮਾਜਿਕ ਜੀਵਨ ਜਿਉਂਦੇ ਹਨ ਇਸ ਲਈ ਇਹਨਾਂ ਨੂੰ ਸਮੁਦਾਇ ਕਹਿਣਾ ਠੀਕ ਹੋਵੇਗਾ ਪ੍ਰੰਤੂ ਕੁਝ ਵਿਚਾਰਕਾਂ ਦੀ ਰਾਇ ਹੈ ਕਿ ਇਹਨਾਂ ਨੂੰ ਸਮੁਦਾਇ ਦਾ ਰੁਤਬਾ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇੱਥੇ ਰਹਿਣ ਵਾਲੇ ਲੋਕਾਂ ਦੇ ਕਾਰਜ ਬਹੁਤ ਹੀ ਸੀਮਿਤ ਹੁੰਦੇ ਹਨ। ਪਰ ਦੂਜੇ ਪਾਸੇ ਦੇਖੀਏ ਤਾਂ ਇਕ ਸਮੁਦਾਇ ਨੇ ਵੀ ਲੋਕਾਂ ਦੇ ਕਾਰਜ ਕਿਸੇ ਹੱਦ ਤਕ ਸੀਮਿਤ ਕੀਤੇ ਹੁੰਦੇ ਹਨ। ਇਸੇ ਤਰੀਕੇ ਨਾਲ ਮੈਕਾਈਵਰ ਵੀ ਗੁਆਂਢ, ਜੇਲ, ਰਾਜ ਆਦਿ ਨੂੰ ਸਮੁਦਾਇ ਦਾ ਨਾਂ ਦਿੰਦਾ ਹੈ। ਪ੍ਰੰਤੂ ਜੇਕਰ ਉਪਰ ਦਿੱਤੇ ਤੱਤਾਂ ਅਨੁਸਾਰ ਉਹਨਾਂ ਦਾ ਵਿਸ਼ਲੇਸ਼ਨ ਕਰੀਏ ਤਾਂ ਇਹਨਾਂ ਸਭ ਨੂੰ ਸਮੁਦਾਇ ਕਹਿਣਾ ਉਚਿਤ ਨਹੀਂ ਹੋਵੇ ਗਾ। ਆਓ ਜਰਾ ਇਹਨਾਂ ਦੀਆਂ ਵਿਸ਼ੇਸ਼ਤਾਵਾਂ ਤੇ ਝਾਤ ਮਾਰੀਏ ਜਿਵੇਂ :

## 1.6.2.3 ਗੁਆਂਢ ਇਕ ਸਮੁਦਾਇ

ਗੁਆਂਢ ਇਕ ਨਿਸ਼ਚਿਤ ਸਥਾਨ ਤੇ ਵਸਿਆ ਹੁੰਦਾ ਹੈ ਉਸ ਵਿਚ ਕੁਝ ਹੱਦ ਤਕ ਏਕਤਾ ਦੀ ਭਾਵਨਾ ਵੀ ਹੁੰਦੀ ਹੈ ਪ੍ਰੰਤੂ ਅਸੀਂ

ਉਸ ਨੂੰ ਸਮੁਦਾਇ ਨਹੀਂ ਕਹਿ ਸਕਦੇ ਕਿਉਂਕਿ ਗੁਆਂਢ ਵਿਚ ਆਪੇ ਦੀ ਭਾਵਨਾ ਦੀ ਕਮੀ ਹੁੰਦੀ ਹੈ ਅਤੇ ਉਸ ਵਿਚ ਆਮ ਜੀਵਨ ਦੇ ਸਾਰੇ ਲੱਛਣ ਨਹੀਂ ਹੁੰਦੇ ਭਾਵ ਗੁਆਂਢ ਵਿਚ ਤੁਹਾਡੀਆਂ ਆਰਥਿਕ, ਰਾਜਨੀਤਿਕ ਅਤੇ ਵਿਦਿਅਕ ਲੋੜਾਂ ਦੀ ਪੂਰਤੀ ਸੰਭਵ ਨਹੀਂ ਜਿਸ ਕਰਕੇ ਗੁਆਂਢ ਵਿਚ ਸਾਰੇ ਕਿਸਮ ਦੇ ਸਮੁਦਾਇ ਸੰਬੰਧ ਨਹੀਂ ਹੁੰਦੇ। ਗੁਆਂਢ ਦਾ ਵਿਕਾਸ ਆਪ ਮੁਹਾਰਾ ਨਹੀਂ ਹੁੰਦਾ ਇਹ ਤਾਂ ਕੁਝ ਵਿਅਕਤੀਆਂ ਦੁਆਰਾ ਨਿਸ਼ਚਿਤ ਸਮੇਂ ਤੇ ਜਾਣ ਬੁਝ ਕੇ ਵਸਾਇਆ ਜਾਂਦਾ ਹੈ। ਗੁਆਂਢ ਦੇ ਲੋਕਾਂ ਵਿਚ ਇਕੋ ਜਿਹੇ ਨਿਯਮਾਂ ਦੀ ਕੋਈ ਵਿਵਸਥਾ ਨਹੀਂ ਹੁੰਦੀ ਜਿਸ ਦੁਆਰਾ ਉਹਨਾਂ ਦਾ ਜੀਵਨ ਨਿਯਮਿਤ ਹੋਵੇ, ਪ੍ਰੰਤੂ ਸਮੁਦਾਇ ਦੀਆਂ ਵਿਸ਼ੇਸ਼ਤਾਈਆਂ ਬਿਲਕੁਲ ਭਿੰਨ ਹਨ। ਗੁਆਂਢ ਤਾਂ ਸਮੁਦਾਇ ਦੇ ਅੰਗ ਦੇ ਰੂਪ ਵਿਚ ਹੁੰਦਾ ਹੈ।

## 1.6.2.4 ਕੀ ਜੇਲ ਸਮੁਦਾਇ ਹੈ

ਮੈਕਾਈਵਰ ਜੇਲ ਨੂੰ ਸਮੁਦਾਇ ਮੰਨਦਾ ਹੈ ਕਿਉਂਕਿ ਜੇਲ ਇਕ ਨਿਸ਼ਚਿਤ ਖੇਤਰ ਤੇ ਹੁੰਦੀ ਹੈ। ਇਸਦੇ ਮੈਂਬਰਾਂ ਵਿਚ ਕੁਝ ਹੱਦ ਤਕ ਸਮੁਦਾਇ ਭਾਵਨਾ ਵੀ ਹੁੰਦੀ ਹੈ ਹੋਰ ਕਈ ਤਰ੍ਹਾਂ ਦੇ ਲੱਛਣ ਵੀ ਜੇਲ ਦੇ ਮੈਂਬਰਾਂ ਵਿਚ ਹੁੰਦੇ ਹਨ ਜੋ ਇਕ ਸਮੁਦਾਇ ਲਈ ਜ਼ਰੂਰੀ ਹੁੰਦੇ ਹਨ ਜਿਨ੍ਹਾਂ ਦੇ ਆਧਾਰ ਤੇ ਅਸੀਂ ਇਸ ਨੂੰ ਸਮੁਦਾਇ ਕਹਿ ਸਕਦੇ ਹਾਂ ਪ੍ਰੰਤੂ ਕੁਝ ਤੱਤਾਂ ਦੇ ਆਧਾਰ ਤੇ ਜੇਲ ਨੂੰ ਸਮੁਦਾਇ ਨਹੀਂ ਮੰਨਿਆ ਜਾ ਸਕਦਾ ਜਿਵੇਂ ਕਿ ਜੇਲ ਨੂੰ ਜਾਣ ਬੁਝ ਕੇ ਸਥਾਪਿਤ ਕੀਤਾ ਜਾਂਦਾ ਹੈ ਜਦੋਂ ਕਿ ਸਮੁਦਾਇ ਦਾ ਜਨਮ ਆਪ ਮੁਹਾਰਾ ਹੁੰਦਾ ਹੈ। ਜੇਲ ਦੀ ਸਥਾਪਨਾ ਕਿਸੇ ਖਾਸ ਉਦੇਸ਼ ਦੀ ਪ੍ਰਾਪਤ ਲਈ ਹੁੰਦੀ ਹੈ ਸਮੁਦਾਇ ਦਾ ਕੋਈ ਇਕ ਅਜਿਹਾ ਉਦੇਸ਼ ਨਹੀਂ ਹੁੰਦਾ। ਜੇਲ ਵਿਚ ਸਾਰੇ ਕਿਸਮ ਦੇ ਸਮਾਜਿਕ ਸੰਬੰਧ ਨਹੀਂ ਪਾਏ ਜਾਂਦੇ (ਜਿਵੇਂ ਸਮੁਦਾਇ ਵਿਚ ਆਮ ਜੀਵਨ ਨਾਲ ਸੰਬੰਧਤ ਹਰੇਕ ਕਿਸਮ ਦੇ ਸਮਾਜਿਕ ਸੰਬੰਧ ਹੁੰਦੇ ਹਨ। ਇਸੇ ਤਰ੍ਹਾਂ ਬੇਸ਼ਕ ਹੀ ਜਾਤ (caste) ਵਿਚ ਆਪੇ ਦੀ ਭਾਵਨਾ ਤਾਂ ਬਹੁਤ ਹੁੰਦੀ ਹੈ ਪ੍ਰੰਤੂ ਆਮ ਜੀਵਨ ਦੀ ਇਕਸਾਰਤਾ ਨਹੀਂ ਹੁੰਦੀ ਨਾ ਹੀ ਉਹ ਕਿਸੇ ਨਿਸ਼ਚਿਤ ਭੂਖੇਤਰ ਤੇ ਰਹਿੰਦੇ ਹਨ ਇਸ ਲਈ ਜਾਤ ਨੂੰ ਸਮੁਦਾਇ ਕਹਿਣਾ ਉਚਿਤ ਨਹੀਂ।

## 1.6.2.5 ਰਾਜ ਇਕ ਸਮੁਦਾਇ

ਰਾਜ ਭਾਵ ਸਟੇਟ ਵਿਚ ਬਹੁਤ ਕੁਝ ਇਹੋ ਜਿਹਾ ਹੈ ਜਿਸ ਤੋਂ ਅਸੀਂ ਉਸਨੂੰ ਸਮੁਦਾਇ ਦਾ ਦਰਜਾ ਦੇ ਸਕਦੇ ਹਾਂ। ਰਾਜ ਅਤੇ ਸਮੁਦਾਇ ਦੇ ਲੱਛਣਾਂ ਵਿਚ ਇੰਨੀ ਸਮਾਨਤਾ ਹੈ ਕਿ ਇਕ ਆਮ ਵਿਅਕਤੀ ਲਈ ਭਰਮ ਪੈਦਾ ਹੋ ਜਾਂਦਾ ਹੈ ਕਿ ਰਾਜ ਨੂੰ ਸਮੁਦਾਇ ਕਿਹਾ ਜਾਵੇ ਜਾਂ ਨਾ। ਕੁਝ ਕੁ ਅਜਿਹੇ ਕਾਰਣ ਹਨ ਜਿਨ੍ਹਾਂ ਕਰਕੇ ਰਾਜ ਨੂੰ ਸਮੁਦਾਇ ਨਹੀਂ ਮੰਨਿਆ ਜਾ ਸਕਦਾ ਜਿਵੇਂ ਕਿ ਰਾਜ ਤਾਂ ਸਮੁਦਾਇ ਦਾ ਇਕ ਸਾਧਨ ਹੈ ਜਾਂ ਇਕ ਅੰਗ ਹੈ ਜਿਸਨੂੰ ਕੁਝ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਲਈ ਬਣਾਇਆ ਜਾਂਦਾ ਹੈ। ਰਾਜ ਸਮੁਦਾਇ ਦਾ ਇਕ ਰਾਜਨੈਤਿਕ ਸੰਗਠਨ ਹੈ ਜਿਸਨੂੰ ਅਧਿਕਾਰ ਸਮੁਦਾਇ ਕੋਲੋਂ ਹੀ ਮਿਲਦੇ ਹਨ। ਰਾਜ ਕੇਵਲ ਇਸ ਲਈ ਸ਼ਾਸ਼ਨ ਕਰਦਾ ਹੈ ਕਿਉਂਕਿ ਸਮੁਦਾਇ ਨੇ ਉਸਨੂੰ ਅਜਿਹਾ ਕਰਨ ਲਈ ਬਣਾਇਆ ਹੈ। ਦੂਜੇ ਰਾਜ ਸਮੁਦਾਇ ਨਾਲੋਂ ਜ਼ਿਆਦਾ ਸੀਮਿਤ ਹੁੰਦਾ ਹੈ। ਮਨੁੱਖੀ ਜੀਵਨ ਦੇ ਬਹੁਤ ਸਾਰੇ ਪੱਖ ਰਾਜ ਦੇ ਨਿਯੰਤਰਣ ਤੋਂ ਬਾਹਰ ਰਹਿ ਜਾਂਦੇ ਹਨ ਜਿਵੇਂ ਮੈਕਾਈਵਰ ਨੇ ਲਿਖਿਆ ਹੈ ਕਿ "ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਅਸੀਂ ਕੇਵਲ ਇਸ ਰਾਜ ਦੇ ਨਾਗਰਿਕ ਨਾਲੋਂ ਵਧੇਰੇ ਹਾਂ। ਅਸੀਂ ਕਈ ਤਰ੍ਹਾਂ ਦੇ ਸਮਾਜਿਕ ਸੰਬੰਧ ਸਥਾਪਿਤ ਕਰਦੇ ਹਾਂ ਅਨੇਕ ਸਮਾਜਿਕ ਕਾਰਜ ਕਰਦੇ ਹਾਂ ਅਤੇ ਇਹ ਸਭ ਇਕ ਰਾਜ ਦੇ ਮੈਂਬਰ ਦੇ ਰੂਪ ਵਿਚ ਨਹੀਂ ਸਗੋਂ, ਸਮਾਜਿਕ ਪ੍ਰਾਣੀ ਦੇ ਰੂਪ ਵਿਚ, ਦੋਸਤਾਂ ਦੇ ਰੂਪ ਵਿਚ, ਜਾਂ ਪ੍ਰੇਮੀਆਂ ਦੇ ਰੂਪ ਵਿਚ। ਚਰਚ ਕਲੱਬ ਪਰਿਵਾਰ ਦੇ ਮੈਂਬਰ ਹੋਣ ਦੇ ਨਾਤੇ ਤੇ ਹੋਰ ਸਮੂਹਾਂ ਦੇ ਮੈਂਬਰਾਂ ਦੇ ਰੂਪ ਵਿਚ ਕਰਦੇ ਹਾਂ" ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਮੁਦਾਇ ਦਾ ਕਾਰਜ ਖੇਤਰ ਰਾਜ ਨਾਲੋਂ ਫੈਲਿਆ ਹੁੰਦਾ ਹੈ ਜਦੋਂ ਕਿ ਰਾਜ ਦਾ ਕਾਰਜ ਕੁਝ ਪ੍ਰਥਾਵਾਂ ਪਰੰਪਰਾਵਾਂ ਤੇ ਸੰਵਿਧਾਨ ਦੀਆਂ ਬੰਦਿਸ਼ਾਂ ਕਰਕੇ ਸੀਮਿਤ ਹੁੰਦਾ ਹੈ। ਰਾਜ ਦਾ ਸੰਗਠਨ ਕੁਝ ਵਿਸ਼ੇਸ਼ ਉਦੇਸ਼ਾਂ ਨੂੰ ਮਦੇਨਜ਼ਰ ਰੱਖ ਕੇ ਕੀਤਾ ਜਾਂਦਾ ਹੈ। ਇਸਦੇ ਕਾਰਜ ਅਤੇ ਅਧਿਕਾਰ ਸੀਮਿਤ ਹਨ ਜਿਵੇਂ ਕਿ ਇਹ ਲੋਕਾਂ ਦੇ ਧਾਰਮਿਕ, ਨੈਤਿਕ, ਆਰਥਿਕ, ਸਮਾਜਿਕ, ਮਨੋਵਿਗਿਆਨਕ ਆਦਿ ਕਾਰਜਾਂ ਲਈ ਜਿੰਮੇਵਾਰ ਨਹੀਂ ਹੁੰਦਾ ਇਹ ਤਾਂ ਇਕ ਉਪਚਾਰਕ (formal) ਸੰਗਠਨ ਹੈ ਜਿਸਦੀ ਵਿਵਸਥਾ ਸਰਕਾਰੀ ਕਾਨੂੰਨਾਂ ਤੇ

ਨਿਰਭਰ ਕਰਦੀ ਹੈ। ਇਸਦਾ ਸੰਗਠਨ ਚੇਤੰਨ ਯਤਨਾਂ ਦਾ ਨਤੀਜਾ ਹੁੰਦਾ ਹੈ ਦੂਜੇ ਪਾਸੇ ਸਮੁਦਾਇ ਦੀਆਂ ਪਰੰਪਰਾਵਾਂ ਰੀਤੀ ਰਿਵਾਜ ਪ੍ਰਥਾਵਾਂ ਨੈਤਿਕ ਨਿਯਮ ਆਦਿ ਅਨਉਪਚਾਰਕ ਤਰੀਕੇ ਨਾਲ ਜਾਂ ਗੈਰ ਰਸਮੀ ਢੰਗ ਨਾਲ ਆਪਣੇ ਮੈਂਬਰਾਂ ਦੇ ਵਤੀਰੇ ਤੇ ਨਿਯੰਤਰਣ ਰਖਦੇ ਹਨ। ਰਾਜ ਦਾ ਕੰਮ ਵਿਸ਼ੇਸ਼ ਤਰੀਕੇ ਨਾਲ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਕਰਨਾ ਹੈ। ਵਿਅਕਤੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਤਰ੍ਹਾਂ ਦੇ ਸੰਗਠਨ ਹਰੇਕ ਸਮਾਜ ਵਿਚ ਬਣਾਏ ਜਾਂਦੇ ਹਨ ਜਿਨ੍ਹਾਂ ਵਿਚੋਂ ਰਾਜ ਵੀ ਇਕ ਹੈ।

## 1.6.3 ਸਮੁਦਾਇ ਦੀਆਂ ਕਿਸਮਾਂ

ਸਮੁਦਾਇ ਨੂੰ ਮੁੱਖ ਤੌਰ ਤੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ ਉਹ ਹਨ, ਪੇਂਡੂ ਸਮੁਦਾਇ ਅਤੇ ਸ਼ਹਿਰੀ ਸਮੁਦਾਇ, ਤੇ ਸਮੁਦਾਇਆਂ ਨੂੰ ਇਹਨਾਂ ਵਰਗਾਂ ਵਿਚ ਵੰਡਣ ਦੀ ਕੋਈ ਨਿਸ਼ਚਿਤ ਰੇਖਾ ਨਹੀਂ ਹੁੰਦੀ ਜਿਸਦੀ ਕਸੌਟੀ ਤੇ ਇਨ੍ਹਾਂ ਨੂੰ ਪਰਿਭਾਸ਼ਤ ਕੀਤਾ ਜਾ ਸਕੇ। ਕੁਝ ਵਿਗਿਆਨੀ ਇਸਨੂੰ ਵਸੋਂ ਅਨੁਸਾਰ, ਕੁਝ ਜਨ ਸੰਖਿਆ ਦੀ ਘਣਤਾ ਅਨੁਸਾਰ, ਤੇ ਕੁਝ ਕਾਨੂੰਨੀ ਵੰਡ ਅਨੁਸਾਰ ਪਰਿਭਾਸ਼ਤ ਕਰਨ ਦਾ ਯਤਨ ਕਰਦੇ ਹਨ। ਕੁਝ ਵਿਗਿਆਨੀ ਇਕ ਤੋਂ ਵੱਧ ਕਸੌਟੀਆਂ ਦੇ ਆਧਾਰ ਤੇ ਸਮੁਦਾਇ ਨੂੰ ਪਰਿਭਾਸ਼ਤ ਕਰਦੇ ਹਨ। ਪ੍ਰੰਤੂ ਆਖਰ ਸਿੱਟਾ ਇਹ ਨਿਕਲਦਾ ਹੈ ਕਿ ਇਹ ਦੋ ਕਿਸਮ ਦੇ ਸਮੁਦਾਇਆਂ ਨੂੰ ਆਕਾਰ, ਘਣਤਾ, ਕਿੱਤਾ, ਗਤੀਸ਼ੀਲਤਾ, ਵਰਗੀਕਰਣ ਅਤੇ ਵਿਭੇਦੀਕਰਣ ਵਰਗੇ ਕਾਰਕਾਂ ਨਾਲ ਵੱਖ ਕੀਤਾ ਜਾ ਸਕਦਾ ਹੈ।

## 1.6.4 ਸਮੁਦਾਇ ਅਤੇ ਸਮਾਜ ਵਿਚ ਅੰਤਰ

ਬੇਸ਼ਕ ਇਕ ਨਿਸ਼ਚਿਤ ਸਥਾਨ ਤੇ ਰਹਿਣ ਵਾਲੇ ਸਮਾਜ ਦੇ ਮੂਰਤ ਰੂਪ ਨੂੰ ਹੀ ਸਮੁਦਾਇ ਕਿਹਾ ਜਾਂਦਾ ਹੈ ਪ੍ਰੰਤੂ ਫਿਰ ਵੀ ਇਹਨਾਂ ਦੋਵਾਂ ਵਿਚ ਕੁਝ ਭਿੰਨਤਾਵਾਂ ਹਨ ਜਿਹਨਾਂ ਨੂੰ ਸਵਿੰਦਰਜੀਤ ਕੌਰ ਨੇ ਆਪਣੀ ਪੁਸਤਕ ਸਮਾਜ ਵਿਗਿਆਨ ਦੇ ਮੂਲ ਸੰਕਲਪ, ਵਿਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ।

(i) ਸਮਾਜ ਅਮੂਰਤ ਹੁੰਦਾ ਹੈ ਕਿਉਂਕਿ ਸਮਾਜਿਕ ਸੰਬੰਧਾਂ ਦੀ ਵਿਵਸਥਾ ਨੂੰ ਸਮਾਜ ਕਹਿੰਦੇ ਹਨ ਨਾ ਕਿ ਲੋਕਾਂ ਦੇ ਸਮੂਹ ਨੂੰ। ਜਦੋਂ ਕਿ ਸਮੁਦਾਇ ਮੂਰਤ ਹੁੰਦੀ ਹੈ ਕਿਉਂਕਿ ਇਹ ਵਿਸ਼ੇਸ਼ ਵਿਅਕਤੀਆਂ ਦਾ ਸਮੂਹ ਹੁੰਦਾ ਹੈ।

(ii) ਸਮਾਜ ਦੀ ਭੂਗੋਲਿਕ ਸੀਮਾ ਨਿਸ਼ਚਿਤ ਨਹੀਂ ਹੁੰਦੀ ਕਿਉਂਕਿ ਉਸ ਦੇ ਮੈਂਬਰ ਵਿਭਿੰਨ ਸਥਾਨਾਂ ਤੇ ਖਿਲਰੇ ਹੋਏ ਹੋ ਸਕਦੇ ਹਨ। ਸਮੁਦਾਇ ਦੀ ਭੂਗੋਲਿਕ ਸੀਮਾ ਨਿਸ਼ਚਿਤ ਹੁੰਦੀ ਹੈ। ਨਿਸ਼ਚਿਤ ਭੂਗੋਲਿਕ ਸੀਮਾ ਹੀ ਸਮੁਦਾਇ ਦੇ ਮੈਂਬਰਾਂ ਵਿਚ ਸਮੁਦਾਇਕ ਭਾਵਨਾ ਉਤਪੰਨ ਕਰਦੀ ਹੈ।

(iii) ਸਮਾਜ ਦਾ ਕੋਈ ਵਿਸ਼ੇਸ਼ ਨਾਮ ਨਹੀਂ ਹੁੰਦਾ। ਹਰੇਕ ਸਮੁਦਾਇ ਦਾ ਇਕ ਵਿਸ਼ੇਸ਼ ਨਾਮ ਹੁੰਦਾ ਹੈ। ਨਾਮ ਵਿਚ ਪਰਿਵਰਤਨ ਹੋਣ ਨਾਲ ਸਮੁਦਾਇ ਭਾਵਨਾ ਵੀ ਬਦਲ ਜਾਂਦੀ ਹੈ।

(iv) ਸਮਾਜ ਵਿਚ ਸਭ ਪ੍ਰਕਾਰ ਦੇ ਸੰਬੰਧ ਪਾਏ ਜਾਂਦੇ ਹਨ। ਜਿਵੇਂ ਕਿ ਸਹਿਯੋਗ, ਸੰਘਰਸ਼, ਪ੍ਰਤੀਯੋਗਤਾ, ਸਮੀਕਰਣ ਦੀ ਭਾਵਨਾ ਆਦਿ। ਇਨ੍ਹਾਂ ਸਭ ਦਾ ਸਮਾਨ ਮਹੱਤਵ ਹੁੰਦਾ ਹੈ ਪ੍ਰੰਤੂ ਸਮੁਦਾਇ ਵਿਚ ਸਹਿਯੋਗ ਅਤੇ ਅਪਣੱਤ ਦੀ ਭਾਵਨਾ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ।

(v) ਇਕ ਸਮਾਜ ਵਿਚ ਅਨੇਕ ਸਮੁਦਾਵਾਂ ਹੋ ਸਕਦੀਆਂ ਹਨ। ਪਰੰਤੂ ਇਕ ਸਮੁਦਾਇ ਵਿਚ ਇਕ ਹੀ ਸਮਾਜ ਹੋ ਸਕਦਾ ਹੈ।

(vi) ਸਮਾਜ ਦੇ ਅਸਤਿਤਵ ਲਈ ਸਮੁਦਾਇ ਭਾਵਨਾ ਦਾ ਹੋਣਾ ਜ਼ਰੂਰੀ ਨਹੀਂ ਹੈ ਕਿਉਂਕਿ ਉਸਦੇ ਅੰਦਰ ਵਿਭਿੰਨ ਪ੍ਰਸਪਰਿਕ ਸਹਿਯੋਗੀ ਵਿਰੋਧੀ ਅਤੇ ਵਿਵਿਧ ਪ੍ਰਕਾਰ ਦੇ ਸਵਾਰਥਾਂ ਵਿਚਕਾਰ ਅੰਤਰ ਕ੍ਰਿਆਵਾਂ ਹੁੰਦੀਆਂ ਹਨ। ਸਮੁਦਾਇ ਦੇ ਅਸਤਿਤਵ ਲਈ ਸਮੁਦਾਇਕ ਭਾਵਨਾ ਜ਼ਰੂਰੀ ਹੈ। ਸਮੁਦਾਇਕ ਭਾਵਨਾ ਤੋਂ ਬਿਨਾਂ ਸਮੁਦਾਇ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

## ਆਪਣਾ ਗਿਆਨ ਪਰਖੋ

(1) ਸਮੁਦਾਇ ਦੀ ਪਰਿਭਾਸ਼ਾ ਦੱਸੋ।

..........................................................................................

..........................................................................................

..........................................................................................

(2) ਸਮੁਦਾਇ ਦੇ ਕੋਈ ਚਾਰ ਤੱਤ ਦੱਸੋ।

..........................................................................................

..........................................................................................

..........................................................................................

(3) ਸਮੁਦਾਇ ਕਿੰਨੀ ਕਿਸਮ ਦਾ ਹੁੰਦਾ ਹੈ ਤੇ ਕਿਹੜਾ ?

..........................................................................................

..........................................................................................

..........................................................................................

## 1.6.5 ਸਭਾ (Association)

**ਅਰਥ** :

ਆਮ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਕੁਝ ਉਦੇਸ਼ਾਂ ਦੀ ਪੂਰਤੀ ਲਈ ਇਕੱਠੇ ਹੋਏ ਲੋਕਾਂ ਦੇ ਸਮੂਹ ਨੂੰ ਸਭਾ ਕਿਹਾ ਜਾਂਦਾ ਹੈ। ਮਨੁੱਖ ਆਪਣੀਆਂ ਲੋੜਾਂ ਲਈ ਹਮੇਸ਼ਾਂ ਹੀ ਦੂਸਰਿਆਂ ਤੇ ਨਿਰਭਰ ਕਰਦਾ ਹੈ। ਇਸ ਲਈ ਉਸ ਨੂੰ ਦੂਸਰਿਆਂ ਦੇ ਸਹਿਯੋਗ ਦੀ ਜ਼ਰੂਰਤ ਪੈਂਦੀ ਹੈ। ਇਸ ਸਹਿਯੋਗ ਦੀ ਪ੍ਰਕ੍ਰਿਆ ਦੁਆਰਾ ਵਿਅਕਤੀ ਆਪਸ ਵਿਚ ਸੰਗਠਿਤ ਹੁੰਦੇ ਹਨ ਜਿਥੋਂ ਸਭਾ ਹੋਂਦ ਵਿਚ ਆਉਂਦੀ ਹੈ। ਸਭਾ ਨੂੰ ਬਣਾਉਣ ਲਈ ਕੁਝ ਆਧਾਰ ਲਾਜਮੀ ਹਨ।

(i) ਲੋਕਾਂ ਦੇ ਸਮੂਹ ਦਾ ਹੋਣਾ ਜ਼ਰੂਰੀ ਹੈ।
(ii) ਇਹ ਲੋਕ ਸੰਗਠਿਤ ਹੋਣੇ ਚਾਹੀਦੇ ਹਨ ਭਾਵ ਉਨ੍ਹਾਂ 'ਚ ਸਹਿਯੋਗ ਹੋਣਾ ਚਾਹੀਦਾ ਹੈ।
(iii) ਇਸ ਸੰਗਠਨ ਦੇ ਕੁਝ ਕਾਇਦੇ ਕਾਨੂੰਨ ਹੋਣੇ ਚਾਹੀਦੇ ਹਨ
(iv) ਉਹਨਾਂ ਸਭ ਦਾ ਇਕ ਉਦੇਸ਼ ਹੋਣਾ ਜ਼ਰੂਰੀ ਹੈ।

ਇਸ ਲਈ ਪਰਿਵਾਰ, ਚਰਚ, ਟ੍ਰੇਡ ਯੂਨੀਅਨ, ਮਿਊਜਕ ਕਲੱਬ ਆਦਿ ਸਭਾ ਦੀਆਂ ਹੀ ਉਦਾਹਰਣਾਂ ਹਨ। ਜਿਨ੍ਹਾਂ ਵਿਚ ਉਪਰੋਕਤ ਸ਼ਰਤਾਂ ਹੁੰਦੀਆਂ ਹਨ।

## 1.6.6 ਸਭਾ ਦੀਆਂ ਪਰਿਭਾਸ਼ਾਵਾਂ

ਮੈਕਾਈਵਰ ਅਤੇ ਪੇਜ਼ ਅਨੁਸਾਰ "ਸਭਾ ਕਿਸੇ ਇਕ ਹਿਤ ਜਾਂ ਕੁਝ ਹਿੱਤਾਂ ਦੀ ਸਮੂਹਿਕ ਤਲਾਸ਼ ਲਈ ਜਾਣ ਬੁਝ ਕੇ ਬਣਾਇਆ ਇਕ ਸੰਗਠਨ ਹੈ"

ਗਿਲਿਨ ਅਤੇ ਗਿਲਿਨ : "ਸਭਾ ਵਿਅਕਤੀਆਂ ਦਾ ਅਜਿਹਾ ਸਮੂਹ ਹੈ ਜੋ ਕਿਸੇ ਖਾਸ ਉਦੇਸ਼ਾਂ ਲਈ ਪ੍ਰਸਪਰ ਸੰਬੰਧਿਤ ਹੁੰਦੇ ਹਨ ਅਤੇ ਪ੍ਰਵਾਨਿਤ ਤੇ ਸਵੀਕ੍ਰਿਤ ਕਾਰਜ ਪ੍ਰਣਾਲੀਆਂ ਅਤੇ ਵਿਵਹਾਰ ਦੁਆਰਾ ਸੰਗਠਿਤ ਰਹਿੰਦੇ ਹਨ।"

ਐਮ. ਗਿਨਜਬਰਗ ਅਨੁਸਾਰ "ਸਭਾ ਆਪਸ ਵਿਚ ਸੰਬੰਧਿਤ ਉਨ੍ਹਾਂ ਸਮਾਜਿਕ ਪ੍ਰਾਣੀਆਂ ਦਾ ਸਮੂਹ ਹੈ ਜੋ ਖਾਸ ਉਦੇਸ਼ਾਂ ਦੀ ਪ੍ਰਾਪਤੀ ਲਈ ਸਾਂਝਾ ਸੰਗਠਨ ਬਣਾ ਲੈਂਦੇ ਹਨ।"

ਈ. ਐਸ. ਬੋਗਾਰਡਸ ਨੇ ਸਭਾ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਿਆ ਹੈ ਕਿ "ਸਭਾ ਆਮ ਤੌਰ ਤੇ ਕੁਝ ਉਦੇਸ਼ਾਂ ਦੀ ਪ੍ਰਾਪਤੀ ਲਈ ਵਿਅਕਤੀਆਂ ਦਾ ਮਿਲਕੇ ਕਾਰਜ ਕਰਨਾ ਹੈ।"

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜਦੋਂ ਕੁਝ ਵਿਅਕਤੀ ਇਕੱਠੇ ਹੋ ਕੇ ਕੁਝ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਲਈ ਆਪਸ ਵਿਚ ਸਹਿਯੋਗ ਕਰਦੇ ਹਨ ਤਾਂ ਉਸ ਇਕੱਠ ਨੂੰ ਸਭਾ ਕਿਹਾ ਜਾਦਾ ਹੈ। ਸਭਾ ਵਿਅਕਤੀਆਂ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦੀ ਪ੍ਰੰਤੂ ਜਿਸ ਉਦੇਸ਼ ਲਈ ਇਹ ਬਣਾਈ ਜਾਂਦੀ ਹੈ ਉਹਨਾਂ ਨੂੰ ਪੂਰਾ ਕਰਨ ਦਾ ਯਤਨ ਕਰਦੀ ਹੈ।

## 1.6.7 ਸਭਾ ਦੀਆਂ ਵਿਸ਼ੇਸ਼ਤਾਈਆਂ

ਉਪਰੋਕਤ ਚਰਚਾ ਤੋਂ ਸਭਾ ਦੀਆਂ ਕੁਝ ਵਿਸ਼ੇਸ਼ਤਾਈਆਂ ਉਭਰ ਕੇ ਸਾਹਮਣੇ ਆਉਂਦੀਆਂ ਹਨ ਜੋ ਨਿਮਨਲਿਖਿਤ ਹਨ :

(i) **ਸਮੂਹ** : ਸਭਾ ਦੀ ਸਥਾਪਨਾ ਲਈ ਵਿਅਕਤੀਆਂ ਦੇ ਸਮੂਹ ਦਾ ਹੋਣਾ ਲਾਜਮੀ ਹੈ। ਜਦੋਂ ਕੁਝ ਵਿਅਕਤੀ ਕੁਝ ਉਦੇਸ਼ਾਂ ਦੀ ਪ੍ਰਾਪਤੀ ਲਈ ਇਕ ਦੂਜੇ ਨੂੰ ਸਹਿਯੋਗ ਦਿੰਦੇ ਅਤੇ ਇਕੱਠੇ ਹੁੰਦੇ ਹਨ ਤਾਂ ਹੀ ਸਭਾ ਹੋਂਦ ਵਿਚ ਆਉਂਦੀ ਹੈ।

(ii) **ਖਾਸ ਉਦੇਸ਼** : ਕਿਸੇ ਵੀ ਸਭਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਉਸਦਾ ਇਕ ਖਾਸ ਉਦੇਸ਼ ਹੁੰਦਾ ਹੈ। ਉਸ ਉਦੇਸ਼ ਜਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਇਕ ਸਭਾ ਦੀ ਸਥਾਪਨਾ ਹੁੰਦੀ ਹੈ।

(iii) **ਸਹਿਯੋਗ ਦੀ ਭਾਵਨਾ** : ਸਹਿਯੋਗ ਦੀ ਭਾਵਨਾ ਤੋਂ ਬਿਨਾਂ ਸਭਾ ਦੀ ਹੋਂਦ ਨਾ ਮੁਮਕਿਨ ਹੈ। ਜੇਕਰ ਉਦੇਸ਼ ਦੇ ਪ੍ਰਾਪਤੀ ਲਈ ਵਿਅਕਤੀਆਂ ਦਾ ਆਪਸੀ ਸਹਿਯੋਗ ਹੀ ਨਹੀਂ ਹੋਵੇਗਾ ਤਾਂ ਉਹ ਸੰਗਠਿਤ ਨਹੀਂ ਹੋ ਸਕਦੇ ਅਤੇ ਸਭਾ ਦਾ ਨਿਰਮਾਣ ਨਹੀਂ ਕਰ ਸਕਦੇ।

(iv) **ਆਪਣੇ ਆਪ ਜਨਮ ਨਹੀਂ ਲੈਂਦੀ** : ਸਮੁਦਾਇ ਦੀ ਤਰ੍ਹਾਂ ਸਭਾ ਦਾ ਆਪਣੇ ਆਪ ਜਨਮ ਨਹੀਂ ਹੁੰਦਾ ਬਲਕਿ ਇਸਦਾ ਨਿਰਮਾਣ ਤਾਂ ਕੁਝ ਖਾਸ ਉਦੇਸ਼ਾਂ ਨੂੰ ਮਦੇ ਨਜਰ ਰੱਖ ਕੇ ਸੋਚੇ ਸਮਝੇ ਢੰਗ ਨਾਲ ਜਾਣ ਬੁਝ ਕੇ ਕੀਤਾ ਜਾਂਦਾ ਹੈ।

(v) **ਮੈਂਬਰਸ਼ਿਪ** : ਕਿਸੇ ਵੀ ਸਭਾ ਦੀ ਮੈਂਬਰਸ਼ਿਪ ਵਿਅਕਤੀਆਂ ਦੀ ਆਪਣੀ ਇੱਛਾ ਤੇ ਨਿਰਭਰ ਕਰਦੀ ਹੈ ਉਹ ਜਦੋਂ ਵੀ ਚਾਹੇ ਕਿਸੇ ਸਭਾ ਦਾ ਮੈਂਬਰ ਬਣ ਸਕਦਾ ਹੈ ਅਤੇ ਜਦੋਂ ਚਾਹੇ ਇਸਦੀ ਮੈਂਬਰਸ਼ਿਪ ਤਿਆਗ ਸਕਦਾ ਹੈ।

(vi) **ਨਿਯਮ** : ਕੋਈ ਵੀ ਸੰਗਠਨ ਜਦੋਂ ਹੋਂਦ ਵਿਚ ਆਉਂਦਾ ਹੈ ਤਾਂ ਉਸ ਦੇ ਕੁਝ ਕਾਇਦੇ ਕਾਨੂੰਨ ਹੁੰਦੇ ਹਨ ਜੋ ਉਸ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾ ਸਕਦੇ ਹਨ। ਇਸੇ ਤਰ੍ਹਾਂ ਹਰੇਕ ਸਭਾ ਵੀ ਕੁਝ ਨਿਯਮਾਂ ਤੇ ਆਧਾਰਿਤ ਹੁੰਦੀ ਹੈ ਜਿਨ੍ਹਾਂ ਦੀ ਪਾਲਣਾ ਕਰਨਾ ਸਾਰੇ ਮੈਂਬਰਾਂ ਦਾ ਫ਼ਰਜ ਹੁੰਦਾ ਹੈ ਤਾਂ ਕਿ ਉਦੇਸ਼ਾਂ ਦੀ ਪੂਰਤੀ ਕੀਤੀ ਜਾ ਸਕੇ। ਇਹ ਨਿਯਮ ਲਿਖਿਤ ਵੀ ਹੋ ਸਕਦੇ ਹਨ ਅਤੇ ਅਲਿਖਿਤ ਵੀ।

(vii) **ਸਭਾਵਾਂ ਬਣਦੀਆਂ ਤੇ ਖਤਮ ਹੁੰਦੀਆਂ ਰਹਿੰਦੀਆਂ ਹਨ** : ਸਭਾਵਾਂ ਦਾ ਜਨਮ ਤੇ ਵਿਕਾਸ ਹੁੰਦਾ ਰਹਿੰਦਾ ਹੈ ਜਿਵੇਂ ਕਿ ਪਹਿਲਾਂ ਵੀ ਜਿਕਰ ਕੀਤਾ ਜਾ ਚੁੱਕਾ ਹੈ ਕਿ ਕਿਸੇ ਵੀ ਸਭਾ ਦੀ ਸਥਾਪਨਾ ਕੁਝ ਉਦੇਸ਼ਾਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ। ਜਦੋਂ ਇਹ ਉਦੇਸ਼ ਪੂਰੇ ਹੋ ਜਾਂਦੇ ਹਨ ਤਾਂ ਸਭਾ ਦੀ ਲੋੜ ਖਤਮ ਹੋ ਜਾਂਦੀ ਹੈ।

## 1.6.8 ਸਭਾ ਦੀਆਂ ਕਿਸਮਾਂ

ਸਭਾ ਨੂੰ ਬਣਾਉਣ ਦੇ ਬਹੁਤ ਸਾਰੇ ਆਧਾਰ ਹੁੰਦੇ ਹਨ ਅਤੇ ਉਸੇ ਤਰ੍ਹਾਂ ਉਹਨਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਹੁੰਦੀਆਂ ਹਨ ਪ੍ਰੰਤੂ ਅਰਸੇ (duration) ਦੇ ਆਧਾਰ ਤੇ ਸਭਾਵਾਂ ਨੂੰ ਦੋ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ, ਉਹ ਹਨ :

(i) **ਸਥਾਈ ਸਭਾਵਾਂ** : ਜਿਵੇਂ ਰਾਜ ਜਿਸਦੀ ਹੋਂਦ ਬਰਕਰਾਰ ਰਹਿੰਦੀ ਹੈ

(ii) **ਅਸਥਾਈ ਸਭਾਵਾਂ** : ਜਿਵੇਂ ਕੁਦਰਤੀ ਕਰੋਪੀ ਤੋਂ ਰਾਹਤ ਪਾਉਣ ਲਈ ਸਭਾਵਾਂ, ਹੋਂਦ ਵਿਚ ਆਈਆਂ ਸਭਾਵਾਂ ਹੜ ਰਾਹਤ ਸਭਾ, ਭੂਚਾਲ ਰਾਹਤ ਸਭਾ ਆਦਿ।

## 1.6.9 ਕੀ ਰਾਜ ਸਭਾ ਹੈ ?

ਕਿਸੇ ਵੀ ਰਾਜ ਵਿਚ ਉਹ ਸਾਰੀਆਂ ਵਿਸ਼ੇਸ਼ਤਾਈਆਂ ਮੌਜੂਦ ਹੁੰਦੀਆਂ ਹਨ ਜੋ ਇਕ ਸਭਾ ਵਿਚ ਹੁੰਦੀਆਂ ਹਨ ਇਸ ਆਧਾਰ ਤੇ ਕਹਿ ਸਕਦੇ ਹਾਂ ਕਿ ਰਾਜ ਸਮੁਦਾਇ ਨਹੀਂ ਬਲਕਿ ਸਭਾ ਹੈ। ਇਹ ਕਿਸੇ ਖਾਸ ਭੂ ਖੇਤਰ ਤੇ ਵਿਅਕਤੀਆਂ ਦੁਆਰਾ ਸਿਰਜਿਆ ਰਾਜਨੈਤਿਕ ਸੰਗਠਨ ਹੈ ਜੋ ਆਪਣੀ ਸੱਤਾ ਸਰਕਾਰ ਦੁਆਰਾ ਵਿਅਕਤ ਕਰਦਾ ਹੈ। ਬੇਸ਼ਕ ਰਾਜ ਵਿਚ ਇਕ ਸਭਾ ਵਾਲੀਆਂ ਸਾਰੀਆਂ ਵਿਸ਼ੇਸ਼ਤਾਈਆਂ ਮਿਲਦੀਆਂ ਹਨ ਪ੍ਰੰਤੂ ਫਿਰ ਵੀ ਇਸ ਦੀਆਂ ਕੁਝ ਨਿਵੇਕਲੀਆਂ ਵਿਸ਼ੇਸ਼ਤਾਈਆਂ ਹਨ ਜੋ ਇਸ ਨੂੰ ਆਮ ਸਭਾਵਾਂ ਤੋਂ ਭਿੰਨ ਕਰਦੀਆਂ ਹਨ ਜਿਵੇਂ ਰਾਜ ਦੀ ਮੈਂਬਰਸ਼ਿਪ ਲਾਜਮੀ ਹੈ, ਆਮ ਸਭਾਵਾਂ ਦੀ ਮੈਂਬਰਸ਼ਿਪ ਲਾਜਮੀ ਨਹੀਂ ਹੁੰਦੀ। ਇਸਦਾ ਭੂ-ਖੇਤਰ ਨਿਸ਼ਚਿਤ ਹੁੰਦਾ ਹੈ, ਆਮ ਸਭਾ ਕੋਲ ਇਸ ਤਰ੍ਹਾਂ ਦਾ ਕੋਈ ਭੂ ਖੇਤਰ ਨਿਸ਼ਚਿਤ ਨਹੀਂ ਹੁੰਦਾ। ਤੀਸਰੀ ਇਸਦੀ ਵਿਸ਼ੇਸ਼ਤਾ ਜੋ ਬਾਕੀ ਸਭਾਵਾਂ ਨਾਲੋਂ ਵੱਖਰੀ ਹੈ ਉਹ ਹੈ ਇਸਦੀ ਸੱਤਾਧਾਰੀ ਤਾਕਤ ਜਿਸ ਨਾਲ ਇਹ ਸਾਰੇ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰ ਸਕਦਾ ਹੈ ਅਤੇ ਉਹਨਾਂ ਨਿਯਮਾਂ ਦਾ ਪਾਲਣ ਨਾ ਕਰਨ ਵਾਲਿਆਂ ਨੂੰ ਸਜਾ ਦਿੰਦਾ ਹੈ ਅਜਿਹਾ ਦੂਸਰੀਆਂ ਸਭਾਵਾਂ ਕੋਲੋਂ ਨਹੀਂ ਹੁੰਦਾ। ਇਹਨਾਂ ਵਖਰੀਆਂ ਵਿਸ਼ੇਸ਼ਤਾਈਆਂ ਦੇ ਹੁੰਦੇ ਹੋਏ ਵੀ ਰਾਜ ਇਕ ਸਭਾ ਹੈ, ਸਮੁਦਾਇ ਨਹੀਂ।

**ਆਪਣਾ ਗਿਆਨ ਪਰਖੋ:**

1. ਸਭਾ ਦੀ ਦੋ ਵਿਸ਼ੇਸਤਾਵਾਂ ਲਿਖੋ
2. ਸਭਾ ਦੀਆਂ ਕਿਸਮਾਂ ਬਾਰੇ ਬਿਆਨ ਕਰੋ।

3 ਕੀ ਰਾਜ ਇਕ ਸਭਾ ਹੈ?

## 1.6.10 ਸਮੁਦਾਇ ਅਤੇ ਸਭਾ ਵਿਚ ਅੰਤਰ

ਉਪਰ ਕੀਤੀ ਚਰਚਾ ਤੋਂ ਕੁਝ ਭੇਦ ਉੱਭਰ ਕੇ ਸਾਹਮਣੇ ਆਉਂਦੇ ਹਨ ਜੋ ਸਮੁਦਾਇ ਅਤੇ ਸਭਾ ਦਾ ਨਿਖੇੜਾ ਕਰਦੇ ਹਨ ਜਿਵੇਂ :

| ਸਮੁਦਾਇ | ਸਭਾ |
|---|---|
| (ੳ) ਸਮੁਦਾਇ ਦਾ ਜਨਮ ਆਪ ਮੁਹਾਰੇ ਹੁੰਦਾ ਹੈ, ਇਸ ਨੂੰ ਜਾਣ ਬੁਝ ਕੇ ਬਣਾਇਆ ਨਹੀਂ ਜਾਂਦਾ। | ਸਭਾ ਦਾ ਨਿਰਮਾਣ ਕੁਝ ਖਾਸ ਉਦੇਸ਼ਾਂ ਦੀ ਪੂਰਤੀ ਲਈ ਜਾਣ ਬੁਝ ਕੇ ਕੀਤਾ ਜਾਂਦਾ ਹੈ। |
| (ਅ) ਵਿਅਕਤੀ ਇਕ ਸਮੇਂ ਕੇਵਲ ਇਕ ਹੀ ਸਮੁਦਾਇ ਦਾ ਮੈਂਬਰ ਹੋ ਸਕਦਾ ਹੈ। | ਵਿਅਕਤੀ ਇਕ ਸਮੇਂ ਕਈ ਸਭਾਵਾਂ ਦਾ ਮੈਂਬਰ ਹੋ ਸਕਦਾ ਹੈ। |
| (ੲ) ਸਮੁਦਾਇ ਦੇ ਸਾਂਝੇ ਹਿੱਤ ਹੁੰਦੇ ਹਨ, ਕੋਈ ਜ਼ਰੂਰੀ ਵਿਸ਼ੇਸ਼ ਜਾਂ ਖ਼ਾਸ ਉਦੇਸ਼ ਨਹੀਂ ਹੁੰਦਾ। | ਹਰੇਕ ਸਭਾ ਦਾ ਕੋਈ ਨਾ ਕੋਈ ਖਾਸ ਉਦੇਸ਼ ਹੁੰਦਾ ਹੈ। |
| (ਸ) ਸਮੁਦਾਇ ਦੀ ਮੈਂਬਰਸ਼ਿਪ ਲਾਜਮੀ ਹੁੰਦੀ ਹੈ | ਸਭਾ ਦੀ ਮੈਂਬਰਸ਼ਿਪ ਇੱਛੁਕ ਹੁੰਦੀ ਹੈ। |
| (ਹ) ਸਮੁਦਾਇ ਲਈ ਇਕ ਨਿਸ਼ਚਿਤ ਭੂ ਖੇਤਰ ਹੋਣਾ ਲਾਜ਼ਮੀ ਹੈ। | ਸਭਾ ਲਈ ਇਸ ਤਰ੍ਹਾਂ ਦਾ ਕੋਈ ਨਿਸ਼ਚਿਤ ਭੂ ਖੇਤਰ ਨਹੀਂ ਹੁੰਦਾ। |
| (ਕ) ਸਮੁਦਾਇ ਦਾ ਕਈ ਦਫਤਰ ਤੇ ਦਫਤਰੀ ਅਮਲਾ ਨਹੀਂ ਹੁੰਦਾ ਜੋ ਇਸਦਾ ਕੰਮ ਕਾਜ ਕਰਦਾ ਹੋਵੇ। | ਸਭਾ ਦਾ ਦਫਤਰ ਅਤੇ ਦਫਤਰੀ ਅਮਲਾ ਹੁੰਦਾ ਹੈ ਜੋ ਇਸਦੇ ਕੰਮ ਕਾਜ ਦੀ ਦੇਖਭਾਲ ਕਰਦਾ ਹੈ |
| (ਖ) ਸਮੁਦਾਇ ਨੂੰ ਨਿਯਮਤ ਕਰਨ ਲਈ ਅਲਿਖਤ ਕਾਇਦੇ ਕਾਨੂੰਨ ਜਿਵੇਂ ਪ੍ਰਥਾਵਾਂ, ਨੈਤਿਕ ਨਿਯਮ, ਰੀਤੀ ਰਿਵਾਜ, ਪੰਰਪਰਾਵਾਂ ਆਦਿ ਹੁੰਦੀਆਂ ਹਨ। | ਸਭਾ ਦੇ ਜਿਆਦਾਤਰ ਲਿਖਤੀ ਕਾਇਦੇ ਕਾਨੂੰਨ ਅਤੇ ਨਿਯਮ ਹੁੰਦੇ ਹਨ। |
| (ਗ) ਸਮੁਦਾਇ ਸਥਾਈ ਹੁੰਦਾ ਹੈ। | ਸਮੁਦਾਇ ਦੇ ਮੁਕਾਬਲੇ ਸਭਾਵਾਂ ਅਸਥਾਈ ਹੁੰਦੀਆਂ ਹਨ। |
| (ਘ) ਸਭਾ ਇਕ ਸਮੁੱਚ (whole) ਹੈ। | ਸਭਾ (partial) ਹੈ। |
| (ਙ) ਸਮੁਦਾਇ ਵਿਚੋਂ ਹੀ ਸਭਾ ਬਣਦੀ ਹੈ। | ਸਭਾ ਵਿਚੋਂ ਸਮੁਦਾਇ ਨਹੀਂ ਬਣਦਾ। |
| (ਚ) ਸਮੁਦਾਇ ਮੈਂਬਰਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੈ। | ਸਭਾ ਕੇਵਲ ਮੈਂਬਰਾਂ ਦੇ ਨਿਸ਼ਚਿਤ ਉਦੇਸ਼ ਹੀ ਪੂਰੇ ਕਰਦੀ |

ਕਰਨ ਦਾ ਯਤਨ ਕਰਦੀ ਹੈ।

**ਸਭਾ ਅਤੇ ਸਮਾਜ ਵਿਚ ਅੰਤਰ :**

(ੳ) ਸਮਾਜ ਸਭਾ ਤੋਂ ਪੁਰਾਤਨ ਹੈ ਇਹ ਪਹਿਲਾਂ ਹੋਂਦ ਵਿਚ ਆਇਆ ਹੈ।

(ਅ) ਸਮਾਜ ਵਿਅਕਤੀਆਂ ਦੀਆਂ ਆਮ ਲੋੜਾਂ ਦੀ ਪੂਰਤੀ ਲਈ ਹੋਂਦ ਵਿਚ ਆਇਆ ਜਦੋਂ ਸਭਾ ਕਿਸੇ ਖਾਸ ਉਦੇਸ਼ ਦੀ ਪ੍ਰਾਪਤੀ ਲਈ ਜਾਣ ਬੁਝ ਕੇ ਬਣਾਈ ਗਈ।

(ੲ) ਸਮਾਜ ਦੀ ਮੈਂਬਰਸ਼ਿਪ ਲਾਜਮੀ ਹੈ ਪ੍ਰੰਤੂ ਸਭਾ ਦੀ ਮੈਂਬਰਸ਼ਿਪ ਇੱਛਤ ਹੈ।

(ਸ) ਸਮਾਜ ਵਿਚ ਸਹਿਯੋਗ ਅਤੇ ਸੰਘਰਸ਼ ਦੋਵੇਂ ਹੁੰਦੇ ਹਨ ਪ੍ਰੰਤੂ ਸਭਾ ਲਈ ਕੇਵਲ ਸਹਿਯੋਗ ਦੀ ਜ਼ਰੂਰਤ ਹੁੰਦੀ ਹੈ।

(ਹ) ਸਮਾਜ ਸਮਾਜਿਕ ਸੰਬੰਧਾਂ ਦੀ ਵਿਵਸਥਾ ਹੈ ਜਦੋਂ ਕਿ ਸਭਾ ਲੋਕਾਂ ਦਾ ਸਮੂਹ ਹੈ ਜੋ ਕਿਸੇ ਖਾਸ ਉਦੇਸ਼ ਹਿਤ ਇਕੱਠੇ ਹੁੰਦੇ ਹਨ।

(ਕ) ਸਮਾਜ ਕੁਦਰਤੀ ਹੈ ਅਤੇ ਆਪਣੇ ਆਪ ਹੋਂਦ ਵਿਚ ਆਇਆ ਜਦੋਂ ਕਿ ਸਭਾ ਦਾ ਨਿਰਮਾਣ ਮਨੁੱਖ ਦੁਆਰਾ ਕੀਤਾ ਜਾਂਦਾ ਹੈ।

(ਖ) ਸਮਾਜ ਬਿਨਾਂ ਮਨੁੱਖ ਦਾ ਜੀਵਨ ਸੰਭਵ ਨਹੀਂ ਪ੍ਰੰਤੂ ਕੋਈ ਇਕ ਸਭਾ ਵਿਅਕਤੀ ਲਈ ਜ਼ਰੂਰੀ ਨਹੀਂ।

(ਗ) ਸਭਾ ਦਾ ਨਿਰਮਾਣ ਸੋਚੇ ਸਮਝੇ ਢੰਗ ਨਾਲ ਹੁੰਦਾ ਹੈ ਇਸ ਲਈ ਇਸ ਵਿਚ ਚੇਤੰਨ ਭਾਵਨਾਵਾਂ ਹੁੰਦੀਆਂ ਹਨ ਪ੍ਰੰਤੂ ਸਮਾਜ ਵਿਚ ਚੇਤੰਨ ਅਤੇ ਅਚੇਤੰਨ ਸਭ ਪ੍ਰਕਾਰ ਦੀਆਂ ਭਾਵਨਾਵਾਂ ਮਿਲਦੀਆਂ ਹਨ।

## 1.6.12 ਸਾਰ

ਉਪਰੋਕਤ ਚਰਚਾ ਤੋਂ ਸਮਾਜ ਵਿਗਿਆਨ ਦੇ ਦੋ ਸੰਕਲਪਾਂ ਸਮੁਦਾਇ ਅਤੇ ਸਭਾ ਦੀ ਵਿਸਥਾਰ-ਪੂਰਵਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਇਹਨਾਂ ਨੂੰ ਆਪਣੇ ਤਰੀਕੇ ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਮੁਦਾਇ ਦੇ ਤੱਤ ਤੇ ਵਿਸ਼ੇਸ਼ਤਾਈਆਂ ਤੇ ਰੋਸ਼ਨੀ ਪਾਈ ਗਈ ਹੈ। ਗੁਆਂਢ, ਜੇਲ, ਰਾਜ ਆਦਿ ਸਮੁਦਾਇ ਹਨ ਜਾਂ ਸਭਾ, ਇਸ ਬਾਰੇ ਵਿਚਾਰ ਕੀਤੀ ਗਈ ਹੈ। ਸਮੁਦਾਇ ਅਤੇ ਸਭਾ ਦੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਗਈ ਹੈ, ਸਮੁਦਾਇ ਅਤੇ ਸਮਾਜ ਵਿਚ ਅੰਤਰ ਸਮਾਜ ਅਤੇ ਸਭਾ ਵਿਚ ਅੰਤਰ ਨੂੰ ਬਿਆਨ ਕੀਤਾ ਗਿਆ ਹੈ।

## 1.6.13 ਮੁੱਖ ਸ਼ਬਦ

**ਸਮੁਦਾਇ** : ਕਿਸੇ ਖਾਸ ਜਗ੍ਹਾ ਤੇ ਰਹਿਣ ਵਾਲੇ ਲੋਕਾਂ ਦਾ ਇਕੱਠ ਜੋ ਇਕਸਾਰਤਾ ਵਾਲਾ ਜੀਵਨ ਬਤੀਤ ਕਰਦੇ ਹਨ।

**ਗਤੀਸ਼ੀਲਤਾ** : ਜਦੋਂ ਕੋਈ ਵਿਅਕਤੀ ਆਪਣੀ ਮਰਜੀ ਨਾਲ ਆਪਣੀ ਸਮਾਜਿਕ ਸਥਿਤੀ ਨੂੰ ਬਦਲ ਲੈਂਦਾ ਹੈ।

**ਵਰਗੀਕਰਣ** : ਵੱਖ ਵੱਖ ਵਰਗ ਜਾਂ ਸ਼੍ਰੇਣੀਆਂ ਵਿਚ ਸਮਾਜ ਦੀ ਵੰਡ।

**ਵਿਭੇਦੀਕਰਣ** : ਕਿਸੇ ਵੀ ਚੀਜ਼ ਦੀ ਪਹਿਚਾਣ ਉਸ ਦੀ ਵਿਲੱਖਣਤਾ ਕਰਕੇ ਜਾਂ ਦੂਜਿਆਂ ਨਾਲੋਂ ਨਿਖੇੜ ਕੇ ਕੀਤੀ ਜਾਂਦੀ ਹੈ।

**ਸਮਾਜ** : ਸਮਾਜਿਕ ਸੰਬੰਧਾਂ ਦੀ ਵਿਵਸਥਾ।

**ਸਭਾ** : ਵਿਸ਼ੇਸ਼ ਉਦੇਸ਼ਾਂ ਦੀ ਪ੍ਰਾਪਤੀ ਲਈ ਇਕੱਠੇ ਹੋਏ ਲੋਕਾਂ ਦਾ ਇਕੱਠ ਹੈ ਜੋ ਇਕ ਦੂਜੇ ਨੂੰ ਪੂਰਣ ਸਹਿਯੋਗ ਦਿੰਦੇ ਹਨ।

## 1.6.14 ਅਭਿਆਸ ਲਈ ਪ੍ਰਸ਼ਨ

1. ਸਮੁਦਾਇ ਤੋਂ ਕੀ ਭਾਵ ਹੈ ? ਇਸ ਦੇ ਤੱਤਾਂ ਨੂੰ ਬਿਆਨ ਕਰੋ।
2. ਸਮੁਦਾਇ ਨੂੰ ਬਿਆਨ ਕਰਦੇ ਹੋਏ ਸਮਾਜ ਅਤੇ ਸਮੁਦਾਇ ਦਾ ਅੰਤਰ ਦੱਸੋ।
3. ਸਭਾ ਕੀ ਹੁੰਦੀ ਹੈ। ਇਹ ਸਮੁਦਾਇ ਨਾਲੋਂ ਕਿਵੇਂ ਭਿੰਨ ਹੈ ?
4. ਸਭਾ ਕਿਉਂ ਹੋਂਦ ਵਿਚ ਆਉਂਦੀ ਹੈ ਤੇ ਇਸਦੀਆਂ ਕੀ ਵਿਸ਼ੇਸ਼ਤਾਵਾਂ ਹਨ ?

**ਸੰਖੇਪ ਸਵਾਲ**

(ੳ) ਸਮੁਦਾਇ

(ਅ) ਸਭਾ

(ੲ) ਸਮਾਜ

(ਸ) ਕੀ ਰਾਜ ਸਮੁਦਾਇ ਹੈ

(ਹ) ਸਮੁਦਾਇ ਤੇ ਸਭਾ ਵਿਚ ਅੰਤਰ

## 1.6.15 ਉਪਯੋਗੀ ਪੁਸਤਕਾਂ

ਮੈਕਾਈਵਰ : *ਸੋਸਾਇਟੀ*

ਸੈਮੂਅਲ ਕੋਇਨਿੰਗ : *ਐਨ ਇੰਟਰੋਡਕਸ਼ਨ ਟੂ ਦ ਸਾਈਸ ਆਫ਼ ਸੋਸਾਇਟੀ*

ਕਿੰਗਸਲੇ ਡੇਵਿਸ : *ਹਿਊਮਨ ਸੋਸਾਇਟੀ*

ਸਵਿੰਦਰਜੀਤ ਕੌਰ : *ਸਮਾਜ ਵਿਗਿਆਨ ਦੇ ਮੂਲ ਸੰਕਲਪ*

ਵਿਦਿਆ ਭੂਸ਼ਨ ਸਚਦੇਵਾ : *ਐਨ ਇੰਟਰੋਡਕਸ਼ਨ ਟੂ ਸੋਸ਼ਿਐਲੋਜੀ*

ਪਾਠ ਨੰ: 1.7 ਲੇਖਿਕਾ : ਡਾ. ਗੁਰਮੀਤ ਸਿੰਘ ਸਿੱਧੂ

Last updated: August,2023

# ਸਮਾਜਿਕ ਕਦਰਾਂ ਅਤੇ ਸਮਾਜਿਕ ਕੀਮਤਾਂ
# (Social Norms and Social Values)

**ਪਾਠ ਦੀ ਰੂਪ ਰੇਖਾ**

**1.7.0 ਉਦੇਸ਼**

**1.7.1 ਜਾਣ ਪਛਾਣ**

**1.7.2 ਸਮਾਜਕ ਕਦਰਾਂ ਦਾ ਅਰਥ**

**1.7.3 ਸਮਾਜਕ ਕਦਰਾਂ ਦੀ ਪਰਿਭਾਸ਼ਾ**

**1.7.4 ਸਮਾਜਕ ਕਦਰਾਂ ਦੀਆਂ ਵਿਸ਼ੇਸ਼ਤਾਈਆਂ**

**1.7.5 ਸਮਾਜਕ ਕੀਮਤਾਂ**

**1.7.6 ਸਮਾਜਕ ਕੀਮਤਾਂ ਦੀ ਪਰਿਭਾਸ਼ਾ**

**1.7.7 ਸਮਾਜਕ ਕੀਮਤਾਂ ਦੀਆਂ ਵਿਸ਼ੇਸ਼ਤਾਈਆਂ**

**1.7.8 ਸਮਾਜਕ ਕੀਮਤਾਂ ਦੀ ਮਹੱਤਤਾ**

**1.7.9 ਸਾਰ**

**1.7.10 ਮੁੱਖ ਸ਼ਬਦ**

**1.7.10 ਅਭਿਆਸ ਲਈ ਪ੍ਰਸ਼ਨ**

**7.11 ਸਹਾਇਕ ਪੁਸਤਕਾਂ**

## 1.7.0 ਉਦੇਸ਼

ਸਮਾਜਕ ਕਦਰਾਂ ਅਤੇ ਸਮਾਜਕ ਕੀਮਤਾਂ ਸਮਾਜ ਵਿਚ ਸਥਿਰਤਾ ਅਤੇ ਸੰਤੁਲਨ ਕਾਇਮ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਹ ਵਿਅਕਤੀ ਦੇ ਵਤੀਰੇ ਨੂੰ ਸਮਾਜਕ ਜੀਵਨ ਅਨੁਸਾਰ ਢਾਲਣ ਵਿਚ ਮਦਦਗਾਰ ਹੁੰਦੀਆਂ ਹਨ। ਸਮਾਜਕ ਕਦਰਾਂ ਕੀਮਤਾਂ ਸਮਾਜ ਦੀ ਉਪਜ ਹੁੰਦੀਆਂ ਹਨ। ਵੱਖ-ਵੱਖ ਸਮਾਜ ਆਪਣੀਆਂ ਸਮਾਜਿਕ ਲੋੜਾਂ ਮੁਤਾਬਿਕ ਵੱਖ ਵੱਖ ਸਮਾਜਿਕ ਕਦਰਾਂ ਤੇ ਕੀਮਤਾਂ ਸਥਾਪਤ ਕਰਦੇ ਹਨ। ਸਮਾਜਕ ਕਦਰਾਂ ਤੇ ਕੀਮਤਾਂ ਸਮਾਜਕ ਕੰਟਰੋਲ ਵਿਚ ਹੀ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਇਸ ਪਾਠ ਵਿਚ ਅਸੀਂ ਸਮਾਜਕ ਕਦਰਾਂ ਅਤੇ ਸਮਾਜਕ ਕੀਮਤਾਂ ਬਾਰੇ ਵਿਚਾਰ ਕਰਾਂਗੇ।

## 1.7.1 ਜਾਣ ਪਛਾਣ

ਸਮਾਜਕ ਕਦਰਾਂ-ਕੀਮਤਾਂ ਸਮਾਜਕ ਸੰਰਚਨਾ ਦਾ ਇਕ ਜ਼ਰੂਰੀ ਅਤੇ ਮਹੱਤਵਪੂਰਨ ਅੰਗ ਹਨ। ਮਨੁੱਖ ਵੱਖ-ਵੱਖ ਸਮੂਹਾਂ, ਸੰਗਠਨਾਂ ਅਤੇ ਸੰਸਥਾਵਾਂ ਦੀ ਨਿਯਮਬੱਧਤਾ ਅਨੁਸਾਰ ਆਪਣੇ ਆਪ ਨੂੰ

ਢਾਲਦਾ ਹੈ। ਸਮਾਜ ਵਿਚ ਵਿਅਕਤੀ ਦਾ ਵਤੀਰਾ ਦੂਸਰਿਆਂ ਦੁਆਰਾ ਪ੍ਰਭਾਵਿਤ ਅਤੇ ਨਿਰਧਾਰਤ ਹੁੰਦਾ ਹੈ ਭਾਵ ਕਿ ਮਨੁੱਖ ਦੂਸਰਿਆਂ ਨਾਲ ਅੰਤਰ-ਕਿਰਿਆ ਕਰਕੇ ਸਮਾਜਕ ਜੀਵ ਬਣਦਾ ਹੈ। ਸਮਾਜਕ ਅੰਤਰ ਕਿਰਿਆ ਸਮਾਜ ਦੀਆਂ ਕਦਰਾਂ ਕੀਮਤਾਂ ਤੋਂ ਪ੍ਰਭਾਵਿਤ ਹੁੰਦੀ ਹੈ। ਹਰ ਸਮਾਜ ਨੇ ਆਪਣੀ ਨਿਰੰਤਰਤਾ ਅਤੇ ਨਿਯਮਬੱਧਤਾ ਲਈ ਆਪੋ ਆਪਣੀਆਂ ਕਦਰਾਂ-ਕੀਮਤਾਂ ਸਥਾਪਤ ਕੀਤੀਆਂ ਹੁੰਦੀਆਂ ਹਨ। ਸਮਾਜਕ ਵਿਵਸਥਾ ਨੂੰ ਬਣਾਈ ਰੱਖਣ ਲਈ ਸਮਾਜਿਕ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਨ੍ਹਾਂ ਤੋਂ ਬਗੈਰ ਸਮਾਜ ਵਿਚ ਸੰਤੁਲਨ ਅਤੇ ਸ਼ਾਂਤੀ ਨਹੀਂ ਰਹਿ ਸਕਦੀ। ਸਮਾਜਕ ਕਦਰਾਂ ਕੀਮਤਾਂ ਆਪਣੇ ਆਪ ਹੀ ਸਮਾਜਕ ਸਥਿਰਤਾ ਅਤੇ ਸ਼ਾਂਤੀ ਨੂੰ ਬਣਾਈ ਰੱਖਣ ਲਈ ਯੋਗਦਾਨ ਪਾਉਂਦੀਆਂ ਹਨ। ਕਿਸੇ ਸਮਾਜ ਨੂੰ ਸਮਝਣ ਲਈ ਉਸ ਦੀਆਂ ਕਦਰਾਂ ਕੀਮਤਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਇਹ ਵਿਅਕਤੀ ਦੇ ਵਿਵਹਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਸਮਾਜ ਵਿਗਿਆਨ ਦੇ ਵਿਦਿਆਰਥੀਆਂ ਨੂੰ ਸਮਾਜਕ ਕਦਰਾਂ-ਕੀਮਤਾਂ ਦੇ ਸੰਕਲਪ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਸਮਾਜਕ ਕਦਰਾਂ ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਇਹ ਹੈ ਕਿ ਇਹ ਸਮਾਜਿਕ ਸੰਰਚਨਾ ਵਿਚ ਸਥਾਪਤ ਹੁੰਦੀਆਂ ਹਨ। ਕੋਈ ਇੱਕਲਾ ਵਿਅਕਤੀ ਇਨ੍ਹਾਂ ਨੂੰ ਤਬਦੀਲ ਨਹੀਂ ਕਰ ਸਕਦਾ ਇਸ ਵਿਚ ਤਬਦੀਲੀ ਸਮਾਜਕ ਤਬਦੀਲੀ ਨਾਲ ਹੀ ਆਉਂਦੀ ਹੈ। ਸਮਾਜਕ ਕਦਰਾਂ ਕੀਮਤਾਂ ਨੂੰ ਹੋਰ ਵਧੇਰੇ ਸਪਸ਼ਟ ਰੂਪ ਵਿਚ ਸਮਝਣ ਲਈ ਅਸੀਂ ਵੱਖ-ਵੱਖ ਸਮਾਜ ਵਿਗਿਆਨੀਆਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਦਾ ਸਹਾਰਾ ਲੈ ਸਕਦੇ ਹਾਂ।

### 1.7.2 ਸਮਾਜਕ ਕਦਰਾਂ ਦਾ ਅਰਥ :

ਆਮ ਸਾਧਾਰਨ ਵਿਅਕਤੀ ਕਦਰ ਤੋਂ ਭਾਵ ਕਿਸੇ ਵਿਅਕਤੀ ਵਿਸ਼ੇਸ਼ ਨੂੰ ਸਮਾਜ ਵਿਚ ਮਿਲਣ ਵਾਲੇ ਸਥਾਨ ਜਾਂ ਮਾਣ ਤੋਂ ਸਮਝਦਾ ਹੈ ਸਮਾਜ ਵਿਗਿਆਨ ਦੇ ਵਿਦਿਆਰਥੀ ਇਸ ਧਾਰਨਾ ਨੂੰ ਸਮਾਜ ਵਲੋਂ ਵਿਅਕਤੀ ਨੂੰ ਮਿਲਣ ਵਾਲੀਆਂ ਸੇਧਾਂ (guide lines) ਵਜੋਂ ਸਮਝਦੇ ਹਨ। ਮਨੁੱਖੀ ਸਮਾਜ ਵਲੋਂ ਨਿਰਧਾਰਤ ਸੇਧਾਂ ਵਿਅਕਤੀ ਦੇ ਕਾਰਜ ਉਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ। ਸਮਾਜਕ ਕਦਰਾਂ ਦੀ ਸਮਾਜ ਦੇ ਕੁਝ ਨਿਯਮ ਜਾਂ ਮਿਆਰਾਂ ਨਾਲ ਵੀ ਸੰਗਿਆ ਕੀਤੀ ਜਾਂਦੀ ਹੈ। ਸਮਾਜ ਵਿਚ ਰਹਿੰਦੇ ਵਿਅਕਤੀ ਨੂੰ ਕੀ ਕਰਨਾ ਚਾਹੀਦਾ ਹੈ ? ਅਤੇ ਉਸ ਲਈ ਕੀ ਵਰਜਿਤ ਹੈ ? ਇਹ ਸਭ ਸਮਾਜਕ ਕਦਰਾਂ ਦੁਆਰਾ ਨਿਰਧਾਰਤ ਹੁੰਦਾ ਹੈ। ਵਿਅਕਤੀ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਮਾਜਕ ਕਦਰਾਂ ਦੀ ਪਾਲਣਾ ਕਰੇ। ਜਿਹੜਾ ਵਿਅਕਤੀ ਸਮਾਜਕ ਕਦਰਾਂ ਦੇ ਅਨੁਸਾਰ ਨਹੀਂ ਚਲਦਾ ਉਸ ਨੂੰ ਸਮਾਜ ਵਿਚ ਚੰਗਾ ਨਹੀਂ ਸਮਝਿਆ ਜਾਂਦਾ। ਸਮਾਜਕ ਕਦਰਾਂ ਦੀ ਸਿੱਖਿਆ ਵਿਅਕਤੀ ਨੂੰ ਸਮਾਜ ਵਲੋਂ ਹੀ ਮਿਲਦੀ ਹੈ। ਸਮਾਜਕ ਕਦਰਾਂ ਵੱਖ-ਵੱਖ ਸਮਾਜਾਂ ਦੀਆਂ ਵੱਖ-ਵੱਖ ਹੁੰਦੀਆਂ ਹਨ ਇਹ ਹੋ ਸਕਦਾ ਹੈ ਕਿ ਕਿਸੇ ਇਕ ਸਮਾਜ ਵਿਚ ਵਰਜਿਤ ਕਦਰ ਕਿਸੇ ਦੂਜੇ ਸਮਾਜ ਵਿਚ ਵਿਕਸਿਤ ਹੋਵੇ।

### 1.7.3 ਸਮਾਜਕ ਕਦਰਾਂ ਦੀਆਂ ਪਰਿਭਾਸ਼ਾਵਾਂ :

**ਕਿੰਗਸਲੇ ਡੇਵਿਸ :**

ਸਮਾਜਕ ਕਦਰਾਂ ਉਹ ਕੰਟਰੋਲ ਹਨ ਜਿਨ੍ਹਾਂ ਰਾਹੀਂ ਮਨੁੱਖੀ ਸਮਾਜ ਆਪਣੇ ਮੈਂਬਰਾਂ ਦੇ ਵਤੀਰੇ ਨੂੰ ਨਿਯਤ ਕਰਦਾ ਹੈ ਤਾਂ ਕਿ ਉਹ ਆਪਣੀਆਂ ਜੀਵਕ ਇਛਾਵਾਂ ਨੂੰ ਦਬਾ ਕੇ ਸਮਾਜਕ ਜ਼ਰੂਰਤਾਂ ਨੂੰ ਪੂਰਾ ਕਰਦੇ ਹੋਏ ਵੱਖ ਵੱਖ ਕਿਰਿਆਵਾਂ ਕਰਨ।

**ਹੈਰੀ ਐਮ ਜੋਹਨਸਨ :**

ਅਸੀਂ ਸਮਾਜਕ ਕਦਰ ਦੀ ਧਾਰਨਾ ਨੂੰ ਸਾਪੇਖ ਰੂਪ ਵਿਚ ਉਮੀਦ ਕੀਤੇ ਵਤੀਰੇ (behaviour) ਲਈ ਵਰਤਦੇ ਹਾਂ।

**ਹਰਟਨ ਅਤੇ ਕੰਟ :**

ਸੰਕਲਪ ਕਦਰ ਦੇ ਦੋ ਸੰਭਾਵੀ ਅਰਥ ਹਨ ਪਹਿਲਾਂ ਸੰਖਿਆਕੀ ਕਦਰ ਜੋ ਅਸਲ ਵਿਵਹਾਰ ਦੀ ਮਾਪ ਹੈ ਜੋ ਵਿਵਹਾਰ ਦੀ ਉਚਿਤ ਜਾਂ ਅਣ-ਉਚਿਤ ਨਹੀਂ ਦਿਸਦੀ ਦੂਸਰਾ ਸਭਿਆਚਾਰਕ ਕਦਰ ਵਿਵਹਾਰ ਦੀਆਂ ਆਸ਼ਾਵਾਂ ਦਾ ਇਕ ਸਮੁੱਚ (set) ਅਤੇ ਇਕ ਸਭਿਆਚਾਰਕ ਅਕਸ (cultural image) ਹੈ ਜੋ ਲੋਕਾਂ ਤੋਂ ਕਿਸੇ ਕੰਮ ਕਰਨ ਦੀ ਉਮੀਦ ਕਰਦਾ ਹੈ।

**ਕਿਮਬਾਲ ਯੰਗ** (Kimball Young)

ਸਮਾਜਕ ਕਦਰਾਂ ਸਮੂਹ ਦੀਆਂ ਉਮੀਦਾਂ (Expectations) ਹਨ।

ਕਿਮਬਾਲ ਯੰਗ ਦੇ ਅਨੁਸਾਰ ਸਮਾਜਕ ਕਦਰਾਂ ਸਮੂਹ ਦੀਆਂ ਉਮੀਦਾਂ ਹਨ।

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜਕ ਕਦਰਾਂ ਸਮਾਜ ਵਲੋਂ ਨਿਰਧਾਰਤ ਕੀਤੇ ਜੀਵਨ ਦੇ ਅਜਿਹੇ ਮਿਆਰ ਹਨ ਜਿਨ੍ਹਾਂ ਮੁਤਾਬਕ ਜੀਵਨ ਜਿਉਣ ਲਈ ਸਮਾਜ ਵਿਅਕਤੀ ਨੂੰ ਆਪਣੇ ਦਬਾਅ ਅਧੀਨ ਰੱਖਦਾ ਹੈ। ਇਨ੍ਹਾਂ ਉੱਤੇ ਵਿਅਕਤੀ ਸਮਾਜ/ਸਮੂਹ ਦੇ ਦਬਾਅ ਅਧੀਨ ਅਮਲ ਕਰਦਾ ਹੈ। ਇਹ ਵਿਅਕਤੀ ਦੇ ਜੀਵਨ ਨੂੰ ਨਿਯਮਤ ਕਰਦੀਆਂ ਹਨ।

### 1.7.4 ਸਮਾਜਕ ਕਦਰਾਂ ਦੀਆਂ ਵਿਸ਼ੇਸ਼ਤਾਈਆਂ

(i). ਸਮਾਜਕ ਕਦਰਾਂ ਸਮਾਜੀ-ਸਭਿਆਚਾਰਕ ਪਰਿਸਥਿਤੀਆਂ ਦੀ ਉਪਜ ਹੁੰਦੀਆਂ ਹਨ। ਵਿਅਕਤੀ ਆਪਣੇ ਆਪ ਨੂੰ ਇਨ੍ਹਾਂ ਦੇ ਮੁਤਾਬਕ ਢਾਲਦਾ ਹੈ ਅਤੇ ਸਮਾਜ ਦੇ ਹਰ ਮੈਂਬਰ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਮਾਜਕ ਕਦਰਾਂ ਦੇ ਅਨੁਕੂਲ ਵਿਵਹਾਰ ਕਰੇ।

(ii). ਸਮਾਜਕ ਕਦਰਾਂ ਸਾਰੇ ਸਮਾਜਾਂ ਵਿਚ ਪਾਈਆਂ ਜਾਂਦੀਆਂ ਹਨ। ਸਮਾਜਕ ਕਦਰਾਂ ਤੋਂ ਬਿਨਾਂ ਸਮਾਜਕ ਸੰਗਠਨ ਬਰਕਰਾਰ ਨਹੀਂ ਰਹਿੰਦਾ ਭਾਵੇਂ ਸਮਾਜ ਵਿਚ ਤਬਦੀਲੀ ਆਉਣ ਨਾਲ ਸਮਾਜਕ ਕਦਰਾਂ ਵਿਚ ਤਬਦੀਲੀ ਆ ਜਾਂਦੀ ਹੈ। ਪ੍ਰੰਤੂ ਸਮਾਜ ਲਈ ਸਮਾਜਕ ਕਦਰਾਂ ਇਕ ਜ਼ਰੂਰੀ ਤੱਤ ਹੁੰਦੀਆਂ ਹਨ।

(iii) ਸਮਾਜਕ ਕਦਰਾਂ ਨਿਯਮਾਂ ਦੀ ਤਰ੍ਹਾਂ ਹੁੰਦੀਆਂ ਹਨ ਪ੍ਰੰਤੂ ਇਹ ਕਾਨੂੰਨ ਦੀ ਤਰ੍ਹਾਂ ਕਠੋਰਤਾ ਨਾਲ ਲਾਗੂ ਨਹੀਂ ਕੀਤੀਆਂ ਜਾਂਦੀਆਂ। ਸਮਾਜਕ ਕਦਰਾਂ ਸਮਾਜਕ ਤੱਥਾਂ ਰਾਹੀਂ ਸਮਾਜ ਵਿਚ ਆਪਣੇ ਆਪ ਲਾਗੂ ਹੁੰਦੀਆਂ ਹਨ। ਸਮਾਜਕ ਕਦਰਾਂ ਵਿਚ ਲਚਕਤਾ ਵੀ ਪਾਈ ਜਾਂਦੀ ਹੈ। ਸਮਾਜਕ ਲੋੜਾਂ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ।

(iv) ਸਮਾਜਕ ਕਦਰਾਂ ਸਮਾਜ ਵਿਚ ਟਕਰਾਅ ਦੀ ਸਥਿਤੀ ਉਤੇ ਕੰਟਰੋਲ ਕਰਨ ਲਈ ਜਾਂ ਸਮਾਜਕ ਸਥਿਰਤਾ ਬਣਾਈ ਰੱਖਣ ਦੀ ਸਮਾਜਕ ਕਿਰਿਆਸ਼ੀਲ ਸਮਰਥਾ ਰੱਖਦੀਆਂ ਹਨ।

(v) ਸਮਾਜਕ ਕਦਰਾਂ ਮਨੁੱਖ ਦੇ ਗੈਰ-ਸਮਾਜਕ ਵਤੀਰੇ ਨੂੰ ਸਮਾਜਕ ਵਤੀਰੇ ਵਿਚ ਢਾਲਣ ਦਾ ਕੰਮ ਕਰਦੀਆਂ ਹਨ। ਇਕ ਤਰ੍ਹਾਂ ਨਾਲ ਇਹ ਮਨੁੱਖ ਦੇ ਸਮਾਜਕ ਜੀਵਨ ਲਈ ਮਾਰਗ ਦਰਸ਼ਕ ਹੁੰਦੀਆਂ ਹਨ।

(vi). ਸਮਾਜਕ ਕਦਰਾਂ ਕੀਮਤਾਂ ਮਨੁੱਖ ਦੇ ਸਮਾਜਕ ਸੰਚਾਰ ਲਈ ਲੋੜੀਂਦੀਆਂ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਰਾਹੀਂ ਵਿਅਕਤੀ ਇਕ ਦੂਸਰੇ ਦੀ ਮਦਦ ਕਰਦੇ ਹਨ ਅਤੇ ਮਦਦ ਲੈਂਦੇ ਹਨ। ਇਨ੍ਹਾਂ ਰਾਹੀਂ ਮਨੁੱਖਾਂ ਵਿਚ ਸਹਿ-ਹੋਂਦ ਦੀ ਭਾਵਨਾ ਪੈਦਾ ਹੁੰਦੀ ਹੈ। ਜੋ ਸਮਾਜਕ ਜੀਵਨ ਲਈ ਜ਼ਰੂਰੀ ਹੁੰਦੀ ਹੈ।

(vii) ਸਮਾਜਕ ਕਦਰਾਂ ਵਿਅਕਤੀਗਤ ਨਹੀਂ ਹੁੰਦੀਆਂ ਸਗੋਂ ਸਮਾਜਕ ਹੁੰਦੀਆਂ ਹਨ। ਇਹ ਸਮਾਜਕ ਜੀਵਨਦੇ ਸਾਂਝੇ ਜੀਵਨ ਮਿਆਰ ਹੁੰਦੀਆਂ ਹਨ ਜਿਨ੍ਹਾਂ ਨੂੰ ਬਹੁ-ਗਿਣਤੀ ਪ੍ਰਵਾਨ ਕਰਦੀ ਹੈ। ਕੋਈ ਇਕੱਲਾ ਵਿਅਕਤੀ ਇਨ੍ਹਾਂ ਨੂੰ ਸਿਰਜ ਨਹੀਂ ਸਕਦਾ ਅਤੇ ਨਾ ਹੀ ਤਬਦੀਲ ਕਰ ਸਕਦਾ ਹੈ।

(viii) ਸਮਾਜਕ ਕਦਰਾਂ ਅਨੇਕਾਂ ਪ੍ਰਕਾਰ ਦੀਆਂ ਹੁੰਦੀਆਂ ਹਨ। ਮਨੁੱਖ ਦੇ ਹਰ ਤਰ੍ਹਾਂ ਦੇ ਸਮਾਜਕ ਕਾਰਜਾਂ ਨਾਲ ਜੁੜੀਆਂ ਹੁੰਦੀਆਂ ਹਨ। ਸਮਾਜਕ ਜੀਵਨ ਸਮਾਜਕ ਕਦਰਾਂ ਦਾ ਜਾਲ ਹੁੰਦਾ ਹੈ, ਜੋ ਸਮਾਜਕ ਜੀਵਨ ਦੀ ਮੰਗ ਅਨੁਸਾਰ ਬਣਿਆ ਹੁੰਦਾ ਹੈ।

## ਸਮਾਜਕ ਕੀਮਤਾਂ
## (Social Values)

### 1.7.5 ਅਰਥ :

ਸਮਾਜਕ ਕੀਮਤਾਂ ਦੇ ਅਰਥ ਤੋਂ ਅਣਜਾਣ ਵਿਦਿਆਰਥੀ ਕੀਮਤ (value) ਤੋਂ ਭਾਵ ਮੁੱਲ ਸਮਝ ਕੇ ਹੀ ਇਸ ਦਾ ਜੁਆਬ ਦਿੰਦੇ ਹਨ ਸਾਧਾਰਨ ਅਰਥਾਂ ਵਿਚ ਕੀਮਤਾਂ ਤੋਂ ਭਾਵ ਕਿਸੇ ਵਸਤੂ ਨੂੰ ਬਜ਼ਾਰ ਵਿਚ ਖਰੀਦਣ ਅਤੇ ਵੇਚਣ ਲਈ ਜੋ ਮੁੱਲ ਤਾਰਨਾ ਪੈਂਦਾ ਹੈ ਉਸ ਤੋਂ ਲਿਆ ਜਾਂਦਾ ਹੈ। ਪਰੰਤੂ ਸਮਾਜਵਿਗਿਆਨਕ ਸ਼ਬਦਾਵਲੀ ਵਿੱਚ ਕੀਮਤਾਂ ਸ਼ਬਦ ਵੱਖਰੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਅੰਗਰੇਜ਼ੀ ਭਾਸ਼ਾ ਦੇ ਸ਼ਬਦ (value) ਦਾ ਅਰਥ ਮੁੱਲ ਹੁੰਦਾ ਹੈ ਪਰੰਤੂ ਜਦੋਂ ਅਸੀਂ ਇਸ ਅਗੇ ਸ਼ਬਦ ਸਮਾਜਕ (social) ਲਗਾ ਦਿੰਦੇ ਹਾਂ ਤਾਂ ਇਸ ਦੇ ਅਰਥ ਬਦਲ ਜਾਂਦੇ ਹਨ। ਸੋ ਸਮਾਜਿਕ ਕੀਮਤਾਂ ਨੂੰ ਸਮਾਜ ਵਿਗਿਆਨਕ ਅਰਥਾਂ ਵਿਚ ਸਮਝਣਾ ਜ਼ਰੂਰੀ ਹੈ।

ਸਮਾਜਕ ਸੰਰਚਨਾ ਵਿਚ ਜਿਵੇਂ ਸਮਾਜਕ ਕਦਰਾਂ ਸਮਾਜਕ ਜੀਵਨ ਲਈ ਮਿਆਰ ਹੁੰਦੇ ਹਨ ਉਸ ਪ੍ਰਕਾਰ ਸਮਾਜਕ ਕੀਮਤਾਂ ਇਕ ਆਮ ਤਰ੍ਹਾਂ ਦੀਆਂ ਮਨੁੱਖੀ ਜੀਵਨ ਲਈ ਸਮਾਜਕ ਸੇਧਾਂ ਹਨ। ਸਮਾਜਕ ਕੀਮਤਾਂ ਨੂੰ ਮੰਨਣਾ ਜਾਂ ਨਾ ਮੰਨਣਾ ਭਾਵੇਂ ਵਿਅਕਤੀ ਵਿਸ਼ੇਸ਼ ਦੀ ਮਰਜ਼ੀ ਉਤੇ ਨਿਰਭਰ ਹੁੰਦਾ ਹੈ ਪਰੰਤੂ ਫਿਰ ਵੀ ਇਹ ਸਮਾਜਕ ਜੀਵਨ ਨੂੰ ਇਕ ਦਿਸ਼ਾ ਪ੍ਰਦਾਨ ਕਰਦੀਆਂ ਹਨ। ਇਹ ਸਮਾਜਕ ਆਦਰਸ਼ਾਂ ਅਤੇ ਸਮਾਜ ਦੀ ਭਲਾਈ ਲਈ ਹੋਂਦ ਵਿਚ ਆਉਂਦੀਆਂ ਹਨ ਜੋ ਹਰ ਸਮੇਂ ਵਿਅਕਤੀ ਨੂੰ ਸਮਾਜਕ ਹਿਤਾਂ ਲਈ ਪ੍ਰੇਰਤ ਕਰਦੀਆਂ ਹਨ। ਜਿਵੇਂ ਸਮਾਜਕ ਜੀਵਨ ਲਈ ਮਿਆਰ ਜਾਂ ਮਾਪਦੰਡ ਜ਼ਰੂਰੀ ਹਨ ਉਸੇ ਤਰ੍ਹਾਂ ਸਮਾਜਕ ਕੀਮਤਾਂ ਸਮਾਜ ਦੀ ਹੋਂਦ ਅਤੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਸਮਾਜਕ ਕੀਮਤਾਂ ਵਿਅਕਤੀ ਅਤੇ ਸਮਾਜ ਵਿਚਕਾਰ ਕੜੀ ਦਾ ਕੰਮ ਕਰਦੀਆਂ ਹਨ। ਸਮਾਜਕ ਸੰਬੰਧਾਂ ਦੇ ਨਾਲ-ਨਾਲ ਸਮਾਜਕ ਜਾਲ ਬਣਦਾ ਹੈ ਅਤੇ ਸਮਾਜਕ ਸੰਬੰਧਾਂ ਵਿਚ ਸਿਧੇ ਅਤੇ ਅਸਿਧੇ ਰੂਪ ਵਿਚ ਸਮਾਜਕ ਕੀਮਤਾਂ ਸ਼ਾਮਲ ਹੁੰਦੀਆਂ ਹਨ। ਸਮਾਜਕ ਕੀਮਤਾਂ ਨੂੰ ਵਿਅਕਤੀ ਸਮਾਜੀਕਰਨ ਦੀ ਪਰਕਿਰਿਆ ਰਾਹੀਂ ਗ੍ਰਹਿਣ ਕਰਦਾ ਹੈ।

### 1.7.6 ਸਮਾਜਕ ਕੀਮਤਾਂ ਦੀ ਮਹੱਤਤਾ :

ਸਮਾਜਕ ਬਣਤਰ ਦਾ ਇਕ ਜ਼ਰੂਰੀ ਅੰਗ ਹੋਣ ਕਰਕੇ ਸਮਾਜਕ ਕੀਮਤਾਂ ਦੀ ਧਾਰਨਾ ਸਮਾਜ ਵਿਗਿਆਨ ਵਿਚ ਮਹੱਤਵਪੂਰਨ ਸਥਾਨ ਰੱਖਦੀ ਹੈ। ਸਮਾਜਕ ਕੀਮਤਾਂ ਸਮਾਜ ਦੀ ਜਰੂਰਤ ਲਈ ਸਥਾਪਤ ਕੀਤੇ ਕੁਝ ਖਾਸ ਮਿਆਰ ਦੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਪਾਲਣਾ ਕਰਨ ਲਈ ਸਮਾਜ ਦੇ ਮੈਂਬਰਾਂ ਤੋਂ ਆਸ ਕੀਤੀ ਜਾਂਦੀ ਹੈ। ਲਗਭਗ ਸਾਰੇ ਸਮਾਜਾਂ ਵਿਚ ਇਮਾਨਦਾਰੀ, ਸਚਾਈ, ਮਿਲਵਰਤਨ, ਨੇਕ ਨੀਤੀ ਆਦਿ ਮਨੁੱਖੀ ਗੁਣਾਂ ਨੂੰ ਮਹੱਤਵ ਦਿੱਤਾ ਜਾਂਦਾ ਹੈ। ਇਸ ਪ੍ਰਸੰਗ ਵਿਚ ਹਰ ਸਮਾਜ ਆਪਣੀਆਂ ਪਰਿਸਥਿਤੀਆਂ ਅਨੁਸਾਰ ਕੁਝ ਸਭਿਆਚਾਰਕ ਕੀਮਤਾਂ ਸਥਾਪਤ ਕਰਦਾ ਹੈ ਜੋ ਸਮਾਜਕ ਜੀਵਨ ਦੀ ਸਹਿਹੋਂਦ ਵਿਚ ਸਹਾਇਤਾ ਕਰਦੀਆਂ ਹਨ। ਕੀਮਤਾਂ ਸਮਾਜ ਵੱਚ ਉੱਚੇ -ਸੁੱਚੇ ਜੀਵਨ ਆਦਰਸ਼ਾਂ ਅਤੇ ਉਦੇਸ਼ਾਂ ਦੀ ਪੂਰਤੀ ਲਈ ਸਥਾਪਤ ਹੁੰਦੀਆਂ ਹਨ। ਸਮਾਜਕ ਕੀਮਤਾਂ ਨੂੰ ਭਾਵੇਂ ਵਿਵਹਾਰਕ ਜੀਵਨ ਵਿੱਚ ਲਾਗੂ ਕਰਨਾ ਹਰ ਵਿਅਕਤੀ ਲਈ ਮੁਸ਼ਕਲ ਹੁੰਦਾ ਹੈ ਪਰੰਤੂ ਫਿਰ ਵੀ ਸਮਾਜ ਇਨ੍ਹਾਂ ਦੀ ਪਵਿਤਰਤਾ ਨੂੰ ਮੰਨਦਾ ਹੈ।

ਲਗਭਗ ਹਰ ਸਮਾਜ ਵਿਚ ਚੰਗਿਆਈ-ਬੁਰਾਈ, ਨੇਕ-ਬੰਦੀ, ਪਿਆਰ-ਈਰਖਾ ਵਿਚਕਾਰ ਕਸ਼ਮਕਸ਼ ਚਲਦੀ ਰਹਿੰਦੀ ਹੈ ਸਮਾਜਿਕ ਕੀਮਤਾਂ ਚੰਗਿਆਈ, ਨੇਕੀ, ਪਿਆਰ ਆਦਿ ਜਿਹੇ ਗੁਣਾਂ ਨੂੰ ਗ੍ਰਹਿਣ ਕਰਨ ਲਈ ਸਥਾਪਿਤ ਕੀਤੀਆਂ ਜਾਂਦੀਆਂ ਹਨ। ਨੈਤਿਕ ਅਤੇ ਧਾਰਮਿਕ ਕੀਮਤਾਂ ਇਕ ਤਰ੍ਹਾਂ ਨਾਲ ਸਮਾਜਕ ਕੀਮਤਾਂ ਦੀਆਂ ਪ੍ਰੇਰਕ ਅਤੇ ਸ਼ਕਤੀਵਰਧਕ ਹੁੰਦੀਆਂ ਹਨ। ਸਮਾਜਕ ਵਿਅਕਤੀ ਨੂੰ ਸਕਾਰਾਤਮਕ ਜੀਵਨ ਜਿਉਣ ਲਈ ਪ੍ਰੇਰਕ ਬਣਦੀਆਂ ਹਨ। ਆਧੁਨਿਕ ਸਮਾਜਾਂ ਵਿਚ ਸਮਾਜਕ ਕੀਮਤਾਂ ਦੀ ਪਾਲਣਾ ਭਾਵੇਂਪ੍ਰਾਚੀਨ ਸਮਾਜਾਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਪਰੰਤੂ ਸਮਾਜ ਵਿਚ ਪੈਦਾ ਹੋ ਰਹੀਆਂ ਆਧੁਨਿਕ ਸਮੱਸਿਆਵਾਂ ਦੇ ਹੱਲ ਲਈ ਹੁਣ ਫਿਰ ਸਮਾਜਕ ਕੀਮਤਾਂ ਮਹੱਤਤਾ ਗ੍ਰਹਿਣ ਕਰਦੀਆਂ ਨਜ਼ਰ ਆ ਰਹੀਆਂ ਹਨ।

ਸਮਾਜਕ ਕੀਮਤਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਵੱਖ-ਵੱਖ ਸਮਾਜ ਵਿਗਿਆਨੀਆਂ ਵਲੋਂ ਦਿੱਤੀਆਂ ਪਰਿਭਾਸ਼ਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

### 1.7.7 ਸਮਾਜਕ ਕੀਮਤਾਂ ਦੀਆਂ ਪਰਿਭਾਸ਼ਾਵਾਂ

ਹੈਰੀ ਐਸ. ਜੋਹਨਸਨ ਦੇ ਅਨੁਸਾਰ ਸਮਾਜਕ ਕੀਮਤਾਂ ਨੂੰ ਇਕ ਸੰਕਲਪ ਜਾਂ ਸਭਿਆਚਾਰਕ ਮਾਪਦੰਡ (Standard) ਜਾਂ ਨਿਜੀ ਵਸਤਾਂ ਦੇ ਤੌਰ ਉਤੇ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜਿਨ੍ਹਾਂ ਦੀ ਇਕ ਦੂਸਰੇ ਨਾਲ ਤੁਲਨਾ ਅਤੇ ਪ੍ਰਵਾਨਗੀ ਜਾਂ ਅਪ੍ਰਵਾਨਗੀ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਸਾਪੇਖ ਤੌਰ ਉਤੇ ਉਚਿਤ ਜਾਂ ਅਣਉਚਿਤ, ਜਿਆਦਾ ਚੰਗੀ ਜਾਂ ਮਾੜੀ ਠੀਕ ਜਾਂ ਗਲਤ ਮੰਨਿਆ ਜਾਂਦਾ ਹੈ।

**ਰਾਧਾ ਕਮਲ ਮੁਕਰਜੀ** : ਅਨੁਸਾਰ ਕੀਮਤਾਂ ਸਮਾਜ ਦੀ ਮਨਜ਼ੂਰੀ ਪ੍ਰਾਪਤ ਇਛਾਵਾਂ ਅਤੇ ਉਦੇਸ਼ ਹਨ, ਜਿਨ੍ਹਾਂ ਦਾ ਅੰਦਰੂਨੀਕਰਨ ਸਿੱਖਣ ਜਾਂ ਸਮਾਜੀਕਰਨ ਦੀ ਪਰਕਿਰਿਆ ਨਾਲ ਹੁੰਦਾ ਹੈ ਅਤੇ ਜੋ ਅੰਤਰ ਮੁੱਖੀ ਪਹਿਲਕਦਮੀਆਂ ਦੇ ਪੱਧਰ ਜਾਂ ਪ੍ਰੇਰਕ ਹੁੰਦੀਆਂ ਹਨ।

**ਰੌਬਿਨ ਵਿਲੀਅਮਸ (Robin Williams)** : ਕੀਮਤਾਂ ਸੰਗਠਤ ਆਚਰਨ ਅਰਥ ਭਰਪੂਰ ਢੰਗ ਹਨ ਜੋ ਪ੍ਰਭਾਵਸ਼ਾਲੀ ਪ੍ਰਤੀਮਾਨ ਨਿਯਮ ਹੁੰਦੇ ਹਨ ਜਿਹੜੇ ਮਨੁੱਖੀ ਕਿਰਿਆ ਨਿਰਦੇਸ਼ਕ ਵੀ ਹੁੰਦੇ ਹਨ।

**ਗਿਲਿਨ ਐਂਡ ਗਿਲਿਨ** : "ਕਿਥੇ ਵਸਤੂ ਦੀ ਕੀਮਤ ਉਸ ਦੀ ਕਿਸੇ ਹੋਰ ਵਸਤੂ ਦੀ ਤੁਲਨਾ ਵਿਚ ਸਥਾਨ ਰੱਖਦੀ ਹੈ ਜੋ ਇਨ੍ਹਾਂ ਤੱਥਾਂ 'ਤੇ ਨਿਰਭਰ ਹੁੰਦੀ ਹੈ (1) ਸਮੂਹ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀਆਂ ਗਤੀਵਿਧੀਆਂ ਅਤੇ ਰਵੱਈਏ ਵੱਡੇ ਅਤੇ ਭਾਰੂ ਹਿਸੇ ਦੀਆਂ ਲੋੜਾਂ ਤਹਿਤ (2) ਜੀਵਨ ਦੇ ਉਨ੍ਹਾਂ ਤਰੀਕਿਆਂ ਦੁਆਲੇ ਕੇਂਦਰਿਤ ਹੈ ਜੋ ਆਦਤ ਜਾਂ ਪ੍ਰਥਾ ਬਣਾ ਚੁੱਕੇ ਹੋਣ ਅਤੇ ਜੋ ਰੋਜਾਨਾ

ਜੀਵਨ ਵਿਚ ਘੱਟ ਚੇਤਨ ਅਨੁਕੂਲਣ ਚਾਹੁੰਦੇ ਹੋਣ (3) ਸਭਿਆਚਾਰ ਦੇ ਦੂਸਰੇ ਤੱਥਾਂ ਨਾਲ ਐਨੀ ਗੜੂਚ ਹੋਵੇ ਕਿ ਇਕ ਹਿਸੇ ਵਿਚ ਗੜਬੜ ਨਾਲ ਦੂਸਰਿਆਂ ਲਈ ਖਤਰਾ ਖੜਾ ਹੋ ਜਾਵੇ।" ਗਿਲਿਨ ਅਤੇ ਗਿਲਿਨ ਨੇ ਸਮਾਜਕ ਕੀਮਤਾਂ ਨੂੰ ਵਿਸ਼ਾਲ ਸਮਾਜ ਪ੍ਰਸੰਗ ਵਿਚ ਸਮਝਣ ਦਾ ਯਤਨ ehsk j ? fcuo (Fitcher) ਅਨੁਸਾਰ ਸਮਾਜ ਵਿਗਿਆਨਕ ਪੱਖ ਤੋਂ ਕੀਮਤਾਂ ਨੂੰ ਕਸੌਟੀਆਂ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜਿਨ੍ਹਾਂ ਰਾਂਹੀਂ ਸਮੂਹ/ਸਮਾਜ ਵਿਅਕਤੀਆਂ, ਪ੍ਰਤੀਮਾਨਾਂ, ਉਦੇਸ਼ਾਂ ਅਤੇ ਹੋਰ ਸਮਾਜੀ-ਸਭਿਆਚਾਰਕ ਵਸਤੂਆਂ ਦੇ ਮਹੱਤਵ ਨੂੰ ਸਮਝਦੇ ਹਨ।

**ਅਪਣਾ ਗਿਆਨ ਪਰਖੋ :**

(1) ਸਮਾਜਿਕ ਕਦਰਾਂ ਤੋ ਕੀ ਭਾਵ ਹੈ?

.....................................................................................

.....................................................................................

.....................................................................................

**(2) ਸਮਾਜਿਕ ਕੀਮਤਾਂ ਕਿਸਨੂੰ ਆਖਦੇ ਹਨ?**

.....................................................................................

.....................................................................................

.....................................................................................

**(3) ਸਮਾਜਿਕ ਕੀਮਤਾਂ ਦੀਆਂ ਕੋਈ ਤਿੰਨ ਵਿਸ਼ੇਸਤਾਈਆਂ ਲਿਖੋ?**

.....................................................................................

.....................................................................................

.....................................................................................

### 1.7.8 ਸਮਾਜਕ ਕੀਮਤਾਂ ਦੀਆਂ ਵਿਸ਼ੇਸ਼ਤਾਈਆਂ

### ੳ. ਇਹ ਸਮਾਜਕ ਹੁੰਦੀਆਂ ਹਨ

ਸਮਾਜਕ ਕੀਮਤਾਂ ਮਨੁੱਖ ਦੇ ਵਿਵਹਾਰ ਨੂੰ ਇਕ ਸੇਧ ਦਿੰਦੀਆਂ ਹਨ ਜਿਨ੍ਹਾਂ ਦੀ ਮਦਦ ਨਾਲ ਮਨੁੱਖ ਚੰਗੇ-ਮਾੜੇ, ਸਹੀ ਗਲਤ, ਉਚਿਤ-ਅਣਉਚਿਤ ਆਦਿ ਦੀ ਤੁਲਨਾ ਕਰਦਾ ਹੈ। ਤੁਲਨਾ ਦੇ ਇਹ ਮਾਪ ਦੰਡ ਕਿਸੇ ਵਿਅਕਤੀ ਵਿਸ਼ੇਸ਼ ਦੇ ਸਿਰਜੇ ਹੋਏ ਨਹੀਂ ਹੁੰਦੇ ਅਤੇ ਨਾ ਹੀ ਕੋਈ ਇਕੱਲਾ ਵਿਅਕਤੀ ਇਨ੍ਹਾਂ ਨੂੰ ਬਦਲ ਸਕਦਾ ਹੈ। ਸਮਾਜਕ ਕੀਮਤਾਂ ਸਮਾਜ ਦੁਆਰਾ ਸਿਰਜੀਆਂ ਹੁੰਦੀਆਂ ਹਨ ਅਤੇ

ਸਮਾਜਕ ਪ੍ਰਸੰਗ ਵਿਚ ਵੀ ਵਿਅਕਤੀ ਇਨ੍ਹਾਂ ਦੇ ਆਧਾਰ ਤੇ ਆਪਣੀਆਂ ਇਛਾਵਾਂ, ਉਦੇਸ਼ਾਂ ਦੀ ਤੁਲਨਾ ਕਰਦਾ ਹੈ। ਸਮਾਜਿਕ ਕੀਮਤਾਂ ਨੂੰ ਸਮਾਜ ਵਲੋਂ ਅੰਦਰੂਨੀ ਪ੍ਰਵਾਨਗੀ ਮਿਲੀ ਹੁੰਦੀ ਹੈ ਅਤੇ ਇਨ੍ਹਾਂ ਦਾ ਪ੍ਰੇਰਕ ਸਮਾਜਕ ਬਲ ਹੁੰਦਾ ਹੈ।

**ਅ. ਸਮਾਜਕ ਕੀਮਤਾਂ ਗਤੀਸ਼ੀਲ ਹੁੰਦੀਆਂ ਹਨ**

ਸਮਾਜਕ ਕੀਮਤਾਂ ਸਮੇਂ ਅਤੇ ਸਥਾਨ ਦੇ ਮੁਤਾਬਕ ਬਦਲਦੀਆਂ ਰਹਿੰਦੀਆਂ ਹਨ ਕਿਉਂਕਿ ਇਨ੍ਹਾਂ ਦਾ ਮਕਸਦ ਸਮਾਜਕ ਜ਼ਰੂਰਤਾਂ ਨੂੰ ਪੂਰਾ ਕਰਨਾ ਹੁੰਦਾ ਹੈ। ਸਮਾਜਕ ਜ਼ਰੂਰਤਾਂ ਅਤੇ ਸਮਾਜਕ ਤਰਜੀਹਾਂ ਦੇ ਬਦਲ ਜਾਣ ਨਾਲ ਸੁਭਾਵਿਕ ਹੀ ਸਮਾਜਕ ਕੀਮਤਾਂ ਬਦਲਦੀਆਂ ਹਨ। ਆਧੁਨਿਕ ਸਮਾਜਾਂ ਦੀਆਂ ਕੀਮਤਾਂ, ਪ੍ਰਾਚੀਨ ਸਮਾਜਾਂ ਨਾਲੋਂ ਬਦਲ ਚੁੱਕੀਆਂ ਹਨ ਅਜੋਕੇ ਸਮਾਜਾਂ ਵਿਚ ਲੋਕ ਖਾਣ-ਪੀਣ ਰਹਿਣ-ਸਹਿਣ, ਬੋਲ- ਚਾਲ ਨਾਲ ਜੁੜਿਆ ਕੀਮਤਾਂ ਉਪਰ ਤਰਕ ਭਾਰੂ ਹੁੰਦਾ ਜਾ ਰਿਹਾ ਹੈ ਜਦੋਂ ਕਿ ਪ੍ਰਾਚੀਨ ਸਮਾਜਾਂ ਵਿਚ ਸਮਾਜਕ ਕੀਮਤਾਂ ਵਿਸ਼ਵਾਸ਼ ਉਤੇ ਆਧਾਰਿਤ ਸਨ।

**ੲ. ਸਮਾਜਕ ਕੀਮਤਾਂ ਸਰਵਵਿਆਪੀ ਹੁੰਦੀਆਂ ਹਨ**

ਕੋਈ ਵੀ ਸਮਾਜ ਸਮਾਜਕ ਕੀਮਤਾਂ ਤੋਂ ਵਿਰਵਾ ਨਹੀਂ ਹੁੰਦਾ ਭਾਵੇਂ ਕਿ ਵੱਖ-ਵੱਖ ਸਮਾਜਾਂ ਦੀਆਂ ਕੀਮਤਾਂ ਵੱਖ-ਵੱਖ ਹੁੰਦੀਆਂ ਹਨ। ਸਮਾਜ ਕੀਮਤਾਂ ਪਿਛੇ ਕੰਮ ਕਰਦੀ ਸਮਾਜਕ ਸ਼ਕਤੀ ਵੀ ਵੱਖ-ਵੱਖ ਸਮਾਜਾਂ ਵਿਚ ਵੱਖ-ਵੱਖ ਹੁੰਦੀ ਹੈ। ਇਨ੍ਹਾਂ ਕੀਮਤਾਂ ਨੂੰ ਹਰ ਸਮਾਜ ਦੇ ਲੋਕ ਇਕੋ ਦਰ ਨਾਲ ਪ੍ਰਵਾਨ ਨਹੀਂ ਕਰਦੇ ਉਦਾਹਰਣ ਵਜੋਂ ਪ੍ਰਾਚੀਨ ਸਮਾਜਾਂ ਵਿਚ ਲੋਕ ਸਮਾਜਕ ਕੀਮਤਾਂ ਦੇ ਅਨੁਕੂਲ ਜੀਵਨ ਜਿਉਣ ਨੂੰ ਵਧੇਰੇ ਤਰਜੀਹ ਦਿੰਦੇ ਸਨ ਜਦੋਂ ਕਿ ਆਧੁਨਿਕ ਸਮਾਜਾਂ ਵਿਚ ਸਮੂਹਿਕ ਤਰਜੀਹਾਂ ਦੀ ਬਜਾਇ ਵਿਅਕਤੀਗਤ ਤਰਜੀਹਾਂ ਭਾਰੂ ਹੁੰਦੀਆਂ ਜਾ ਰਹੀਆਂ ਹਰ ਸਮਾਜ ਜਿਨ੍ਹਾਂ ਦਾ ਅਸਰ ਸਮਾਜਕ ਕੀਮਤਾਂ ਉਪਰ ਵੀ ਪੈਂਦਾ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਕੀਮਤਾਂ ਹਰ ਸਮਾਜ ਵਿਚ ਪਾਈਆਂ ਜਾਂਦੀਆਂ ਹਨ ਪ੍ਰੰਤੂ ਇਨ੍ਹਾਂ ਦੀ ਸਵੀਕ੍ਰਿਤੀ ਹਰ ਸਮਾਜ ਵਿਚ ਇਕਸਾਰ ਨਹੀਂ ਹੁੰਦੀ।

**ਸ. ਸਮਾਜਕ ਕੀਮਤਾਂ ਸਕਾਰਾਤਮਕ ਹੁੰਦੀਆਂ ਹਨ :**

ਸਮਾਜਕ ਕੀਮਤਾਂ ਮੁੱਖ ਤੌਰ 'ਤੇ ਸਮੂਹਿਕ ਭਲਾਈ ਲਈ ਹੁੰਦੀਆਂ ਹਨ। ਸਮੂਹਿਕ ਜ਼ਰੂਰਤਾਂ ਦੀ ਪੂਰਤੀ ਲਈ ਬਣੀਆਂ ਕੀਮਤਾਂ ਨੂੰ ਲਾਗੂ ਕਰਨ ਲਈ ਸਮੂਹ ਆਪਣੇ ਮੈਂਬਰਾਂ ਪਾਸੋਂ ਇਹ ਉਮੀਦ ਕਰਦਾ ਹੈ ਕਿ ਉਹ ਇਨ੍ਹਾਂ ਉਤੇ ਅਮਲ ਕਰਨ। ਸਮਾਜਕ ਕੀਮਤਾਂ ਦਾ ਮਕਸਦ ਸਮਾਜ ਵਿਚ ਲੋੜੀਂਦੇ ਵਿਕਾਸ ਪੱਖੀ ਅਤੇ ਸਰਬੱਤ ਦੇ ਭਲੇ ਵਾਲੇ ਨਿਯਮਾਂ ਨੂੰ ਵਿਅਕਤੀ ਵਿਸ਼ੇਸ਼ ਦੇ ਜੀਵਨ ਉਤੇ ਲਾਗੂ ਕਰਨਾ ਹੈ।

**ਹ. ਸਮਾਜਕ ਕੀਮਤਾਂ ਇਛੱਕ ਹੁੰਦੀਆਂ ਹਨ :**

ਸਮਾਜਕ ਕੀਮਤਾਂ ਅਨੁਸਾਰ ਜੀਵਨ ਜਿਉਣਾ ਜਾਂ ਇਨ੍ਹਾਂ ਨੂੰ ਲਾਗੂ ਕਰਨਾ ਵਿਅਕਤੀ ਵਿਸ਼ੇਸ਼ ਲਈ ਜ਼ਰੂਰੀ ਨਹੀਂ ਹੁੰਦਾ ਸਗੋਂ ਅਜਿਹਾ ਕਰਨ ਲਈ ਸਮਾਜ ਵਿਅਕਤੀਆਂ ਪਾਸੋਂ ਆਸ ਕਰਦਾ ਹੈ ਸ਼ਾਇਦ ਇਸ ਕਰਕੇ ਸਮਾਜਕ ਕੀਮਤਾਂ ਨਾਲ ਚਾਹੀਦਾ ਸ਼ਬਦ ਜੁੜਿਆ ਹੁੰਦਾ ਹੈ। ਉਦਾਰਹਰਣ ਵਜੋਂ ਜਦੋਂ ਅਸੀਂ ਕਹਿੰਦੇ ਹਾਂ "ਸਾਨੂੰ ਵੱਡਿਆਂ ਦਾ ਆਦਰ ਕਰਨਾ ਚਾਹੀਦਾ ਹੈ" ਇਸ ਪਿਛੇ ਇਕ ਇਛਾ ਕੰਮ ਕਰਦੀ ਹੈ ਨਾ ਕਿ ਸਦਾਭਾਵ ਜੇਕਰ ਵਿਅਕਤੀ ਅਜਿਹਾ ਕਰਦਾ ਹੈ ਤਾਂ ਚੰਗਾ ਹੈ ਪ੍ਰੰਤੂ ਜੇਕਰ ਕੋਈ ਅਜਿਹਾ ਨਾ ਵੀ ਕਰੋ ਤਾਂ ਉਸ ਲਈ ਉਸ ਨੂੰ ਕੋਈ ਸਜਾ ਜਾਂ ਦੰਡ ਨਹੀਂ ਦਿੱਤਾ ਜਾਂਦਾ।

**ਕ. ਸਮਾਜਕ ਕੀਮਤਾਂ ਇਕਸਾਰ ਨਹੀਂ ਹੁੰਦੀਆਂ**

ਸਮਾਜਕ ਕੀਮਤਾਂ ਦਾ ਉਦੇਸ਼ ਭਾਵੇਂ ਸਮਾਜਕ ਜ਼ਰੂਰਤਾਂ ਦੀ ਪੂਰਤੀ ਕਰਨਾ ਹੁੰਦਾ ਹੈ ਪਰੰਤੂ ਇਹ ਹਰ ਸਮਾਜ ਵਿਚ ਵੱਖੋ ਵੱਖਰੀਆਂ ਹੁੰਦੀਆਂ ਹਨ। ਸਮਾਜਿਕ ਕੀਮਤਾਂ ਸਮਾਜਕ ਸੰਰਚਨਾ ਦੇ ਅਨੁਸਾਰ ਹੁੰਦੀਆਂ ਹਨ। ਉਦਾਹਰਣ ਵਜੋਂ ਕਿਸੇ ਸਮਾਜ ਵਿਚ ਹੱਥ ਜੋੜ ਕੇ ਫਤਹਿ ਬੁਲਾਈ ਜਾਂਦੀ ਹੈ, ਕਿਸੇ ਸਮਾਜ ਵਿਚ ਹੱਥ ਮਿਲਾਇਆ ਜਾਂਦਾ ਅਤੇ ਕਿਸੇ ਸਮਾਜ ਵਿਚ ਮਿਲਣ ਮੌਕੇ ਚਿਹਰੇ ਉਤੇ ਖਾਸ ਕਿਸਮ ਦੀ ਮੁਸਕਰਾਹਟ ਜਾਂ ਕੋਈ ਅੰਦਾਜ ਬਣਾਇਆ ਜਾਂਦਾ ਹੈ। ਸਮਾਜਕ ਕੀਮਤਾਂ ਪਿਛੇ ਭਾਵਨਾ ਭਾਵੇਂ ਇਕੋ ਕੰਮ ਕਰਦੀ ਹੈ ਪਰੰਤੂ ਇਨ੍ਹਾਂ ਨੂੰ ਵਿਵਹਾਰਕ ਜੀਵਨ ਵਿਚ ਲਾਗੂ ਕਰਨ ਦੇ ਢੰਗ ਤਰੀਕੇ ਵੱਖ-ਵੱਖ ਹੁੰਦੇ ਹਨ।

### ਖ. ਜਜ਼ਬਾਤੀ ਸ਼ਕਤੀ ਪ੍ਰੇਰਕ ਹੁੰਦੀ ਹੈ

ਸਮਾਜਕ ਕੀਮਤਾਂ ਪਿਛੇ ਇਕ ਖਾਸ ਕਿਸਮ ਦੀ ਜਜ਼ਬਾਤੀ ਸ਼ਕਤੀ ਹੁੰਦੀ ਹੈ। ਇਸ ਸ਼ਕਤੀ ਕਰਕੇ ਯੋਧੇ ਕੌਮੀ ਹਿਤਾਂ ਲਈ ਜਾਨਾਂ ਕੁਰਬਾਨ ਕਰ ਜਾਂਦੇ ਹਨ। ਸਮਾਜਕ ਕੀਮਤਾਂ ਨੂੰ ਵਿਅਕਤੀ ਆਪਣੇ ਆਪ ਵਿਚ ਹੀ ਅਸਲ ਵਿਚ ਲਾਗੂ ਕਰਦੇ ਹਨ ਭਾਵੇਂ ਕੋਈ ਦੂਸਰਾ ਵਿਅਕਤੀ ਅਜਿਹਾ ਕਰਨ ਲਈ ਬੇਨਤੀ ਵੀ ਨਾ ਕਰੇ ਜਿਵੇਂ ਵੱਡੇ ਵਿਅਕਤੀ ਦੇ ਸਤਿਕਾਰ ਵਿਚ ਅਸੀਂ ਸੁਭਾਵਿਕ ਹੀ ਹੱਥ ਜੋੜ ਲੈਂਦੇ ਹਾਂ ਭਾਵੇਂ ਅਜਿਹਾ ਇਸ ਕਰਕੇ ਹੁੰਦਾ ਹੈ ਕਿ ਸਾਨੂੰ ਸਮਾਜ ਵਲੋਂ ਵੱਡਿਆਂ ਦਾ ਆਦਰ ਕਰਨ ਦੀ ਸਿਖਿਆ ਦਿੱਤੀ ਜਾਂਦੀ ਹੈ। ਸਮਾਜਕ ਕੀਮਤਾਂ ਵਿਅਕਤੀ ਪੀੜ੍ਹੀ ਦਰ ਪੀੜ੍ਹੀ ਸਿੱਖਦਾ ਰਹਿੰਦਾ ਹੈ।

### 1.7.9 ਸਾਰ

ਸਮਾਜਕ ਕਦਰਾਂ ਅਤੇ ਕੀਮਤਾਂ ਸਮਾਜਕ ਸੰਰਚਨਾ ਦੇ ਇਕ ਜ਼ਰੂਰੀ ਤੱਤ ਹੋਣ ਦੇ ਨਾਲ ਨਾਲ ਸਮਾਜ ਵਿਚ ਸਥਿਰਤਾ ਅਤੇ ਸੰਤੁਲਨ ਬਣਾਈ ਰੱਖਣ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ। ਸਮਾਜਕ ਕਦਰਾਂ ਅਤੇ ਕੀਮਤਾਂ ਇਕ ਦੂਸਰੇ ਨਾਲ ਸਬੰਧਤ ਹੁੰਦੀਆਂ ਹਨ। ਇਨ੍ਹਾਂ ਨੂੰ ਇਕ ਦੂਸਰੇ ਤੋਂ ਵੱਖ ਕਰਨਾ ਮੁਸ਼ਕਿਲ ਹੁੰਦਾ ਹੈ। ਫਿਰ ਵੀ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜਕ ਕਦਰਾਂ ਜੀਵਨ ਦੇ ਮਾਪਦੰਡ ਜਾਂ ਮਿਆਰ ਹੁੰਦੇ ਹਨ ਅਤੇ ਸਮਾਜਿਕ ਜੀਵਨ ਲਈ ਸੇਧਾਂ ਹੁੰਦੀਆਂ ਹਨ।

### 1.7.10 ਮੁੱਖ ਸ਼ਬਦ :

**ਸਮਾਜਿਕ ਕਦਰਾਂ** : ਸਮਾਜਿਕ ਕਦਰਾਂ ਤੋ ਭਾਵ ਹੈ ਸਮਾਜ ਵਲੋਂ ਕਿਸੇ ਵਿਅਕਤੀ ਵਿਸ਼ੇਸ ਤੋ ਉਮੀਦ ਕੀਤਾ ਜਾਂਦਾ ਵਤੀਰਾ। ਇਹ ਸਮਾਜ ਵਲੋ ਵਿਅਕਤੀ ਨੂੰ ਮਿਲਣ ਵਾਲੀਆਂ ਸੇਧਾਂ ਹਨ ਜੋ ਉਸਦੇ ਕਾਰਜ ਨੂੰ ਪ੍ਰਭਾਵਿਤ ਕਰਦੀਆਂ ਹਨ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ। ਇਹ ਜੀਵਨ ਦੇ ਅਜਿਹੇ ਮਿਆਰ ਹਨ ਜਿੰਨ੍ਹਾਂ ਮੁਤਾਬਿਕ ਜੀਵਨ ਜਿਉਣ ਲਈ ਸਮਾਜ ਵਿਅਕਤੀ ਨੂੰ ਆਪਣੇ ਦਬਾਅ ਅਧੀਨ ਰਖਦਾ ਹੈ। ਇਹ ਵਿਅਕਤੀ ਦੇ ਜੀਵਨ ਨੂੰ ਨਿਯਮਤ ਕਰਦੀਆਂ ਹਨ। ਇਨ੍ਹਾਂ ਨੂੰ ਮੰਨਣਾਂ ਵਿਅਕਤੀ ਵਿਸ਼ੇਸ਼ ਲਈ ਲਾਜ਼ਮੀ ਹੁੰਦਾ ਹੈ।

**ਸਮਾਜਿਕ ਕੀਮਤਾਂ** : ਅਸੀ ਸਮਾਜਿਕ ਕੀਸਤਾਂ ਨੂੰ ਉਨ੍ਹਾਂ ਕਸੌਟੀਆਂ ਦੇ ਰੂਪ ਵਿੱਚ ਪਰਿਭਾਸ਼ਿਤ ਕਰ ਸਕਦੇ ਹਾਂ ਜਿਨ੍ਹਾਂ ਰਾਂਹੀ ਸਮੂਹ, ਸਮਾਜ, ਜਾਂ ਵਿਅਕਤੀ, ਪ੍ਰਤੀਮਾਨਾ, ਉਦੇਸ਼ਾਂ ਅਤੇ ਹੋਰ ਸਮਾਜਿਕ ਸਭਿਆਚਾਰਕ ਵਸਤੂਆਂ ਦੇ ਮੱਹਤਵ ਨੂੰ ਸਮਝਦੇ ਹਨ। ਸਮਾਜਿਕ ਕੀਮਤਾਂ ਨੂੰ ਲਾਗੂ ਕਰਨਾਂ ਕਿਸੇ ਵਿਅਕਤੀ ਵਿਸ਼ੇਸ਼ ਲਈ ਜਰੂਰੀ ਨਹੀ ਹੁੰਦਾ। ਉਸਦੀ ਮਰਜੀ ਹੈ ਇਨ੍ਹਾਂ ਨੂੰ ਮੰਨਣਾਂ ਜਾਂ ਨਾਂ ਮੰਨਣਾਂ। ਇਹ ਵੱਖੋ ਵੱਖ ਸਮਾਜਾਂ ਵਿੱਚ ਵੱਖੋ ਵੱਖਰੀਆਂ ਹੁੰਦੀਆਂ ਹਨ।

### 1.7.11 ਅਭਿਆਸ ਲਈ ਪ੍ਰਸ਼ਨ :

### ਸੰਖੇਪ ਸਵਾਲ

1. ਸਮਾਜਕ ਕਦਰਾਂ ਕੀ ਹੁੰਦੀਆਂ ਹਨ ?

2. ਸਮਾਜਿਕ ਕੀਮਤਾਂ ਕੀ ਹੁੰਦੀਆਂ ਹਨ ?
3. ਸਮਾਜਕ ਕਦਰਾਂ - ਕੀਮਤਾਂ ਸਮਾਜਕ ਕੰਟਰੋਲ ਵਿਚ ਕੀ ਭੂਮਿਕਾ ਨਿਭਾਉਂਦੀਆਂ ਹਨ।
4. ਸਮਾਜਕ ਕਦਰਾਂ-ਕੀਮਤਾਂ ਦੀਆਂ ਕੋਈ ਚਾਰ ਵਿਸ਼ੇਸ਼ਤਾਈਆਂ ਲਿਖੋ।

## ਵੱਡੇ ਪ੍ਰਸ਼ਨ

1. ਸਮਾਜਿਕ ਕਦਰਾਂ ਕੀ ਹੁੰਦੀਆਂ ਹਨ ? ਇਸ ਦੀਆਂ ਵਿਸ਼ੇਸ਼ਤਾਈਆਂ ਦਾ ਵਰਨਣ ਕਰੋ।
2. ਸਮਾਜਿਕ ਕੀਮਤਾਂ ਨੂੰ ਬਿਆਨ ਕਰਦੇ ਹੋਏ ਇਸ ਦੀਆਂ ਵਿਸ਼ੇਸ਼ਤਾਈਆਂ ਤੇ ਰੌਸ਼ਨੀ ਪਾਓ।
3. ਸਮਾਜਕ ਕਦਰਾਂ ਕੀਮਤਾਂ ਨੂੰ ਪਰਿਭਾਸ਼ਿਤ ਕਰਕੇ ਇਨ੍ਹਾਂ ਦੀ ਸਮਾਜਕ ਮਹੱਤਤਾ ਬਿਆਨ ਕਰੋ।

## 1.7.12 ਸਹਾਇਕ ਪੁਸਤਕਾਂ


1. Kingsley Davis, Human Society, New York the Macmillan Company.
2. Maciver and Page, Society : An Introductory Analysis.
3. Ogburn Willian F and Nimkoff M.F. A handbook of Sociology, S. Chand and Company New Delhi.
4. ਸਵਿੰਦਰਜੀਤ ਕੌਰ : ਜਨਰਲ ਸਮਾਜ ਵਿਗਿਆਨ, ਨਿਊ ਅਕੈਡਮਿਕ ਪਬਲਿਸ਼ਿੰਗ ਕੰਪਨੀ ਜਲੰਧਰ।

ਪਾਠ ਨੰ: 1.8 ਲੇਖਿਕ : ਡਾ. ਗੁਰਮੀਤ ਸਿੰਘ ਸਿੱਧੂ

Last updated: August,2023

# ਸਮਾਜਿਕ ਰੁੱਤਬਾ ਅਤੇ ਸਮਾਜਕ ਭੂਮਿਕਾ
# (Social Status and Role)

**1.8.0 ਉਦੇਸ਼**
**1.8.1 ਜਾਣ-ਪਛਾਣ**
**1.8.2 ਸਮਾਜਕ ਰੁਤਬੇ ਦੇ ਅਰਥ**
**1.8.3 ਸਮਾਜਕ ਰੁਤਬੇ ਦੀਆਂ ਪਰਿਭਾਸ਼ਾਵਾਂ**
**1.8.4 ਸਮਾਜਕ ਰੁਤਬੇ ਦੀਆਂ ਕਿਸਮਾਂ**
**1.8.5 ਸਮਾਜਕ ਭੂਮਿਕਾ ਦਾ ਅਰਥ**
**1.8.6 ਸਮਾਜਕ ਭੂਮਿਕਾ ਦੀਆਂ ਪਰਿਭਾਸ਼ਾਵਾਂ**
**1.8.7 ਸਮਾਜਿਕ ਭੂਮਿਕਾ ਨਾਲ ਜੁੜੀਆਂ ਕੁਝ ਧਾਰਨਾਵਾਂ**
**1.8.8 ਸਾਰ**
**1.8.9 ਅਭਿਆਸ ਲਈ ਪ੍ਰਸ਼ਨ**
**1.8.10 ਉਪਯੋਗੀ ਪੁਸਤਕਾਂ**

### 1.8.0 ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਮਾਜਕ ਰੁਤਬੇ ਅਤੇ ਸਮਾਜਕ ਭੂਮਿਕਾ ਦੀ ਜਾਣਕਾਰੀ ਕਰਵਾਉਣਾ ਹੈ। ਪ੍ਰਾਚੀਨ ਸਮਾਜਾਂ ਵਿਚ ਆਧੁਨਿਕ ਸਮਾਜਾਂ ਦੇ ਮੁਕਾਬਲੇ ਕਿਰਤ-ਵੰਡ ਘੱਟ ਸੀ ਜਿਸ ਕਰਕੇ ਇਨ੍ਹਾਂ ਸਮਾਜਾਂ ਵਿਚ ਵਿਅਕਤੀ ਦਾ ਰੁਤਬਾ ਅਤੇ ਭੂਮਿਕਾ ਲਗਭਗ ਨਿਸ਼ਚਿਤ ਹੁੰਦੇ ਸਨ। ਆਧੁਨਿਕ ਸਮਾਜਾਂ ਵਿਚ ਕਿਰਤ ਦੀ ਵੰਡ ਵਿਚ ਵਾਧਾ ਹੋਣ ਨਾਲ ਕਿਰਤ ਦੇ ਵਿਸ਼ੇਸ਼ੀਕਰਨ ਨੇ ਸਮਾਜ ਵਿਚ ਵੱਖਰੀਕਰਨ ਪੈਦਾ ਕਰ ਦਿੱਤਾ ਹੈ ਜਿਸ ਦੇ ਨਤੀਜੇ ਵਜੋਂ ਸਮਾਜਿਕ ਰੁਤਬੇ ਅਤੇ ਭੂਮਿਕਾ ਦੀ ਹੁਣ ਵੱਖਰੇ-ਵੱਖਰੇ ਸੰਕਲਪਾਂ ਵਜੋਂ ਵਿਆਖਿਆ ਹੋਣੀ ਸ਼ੁਰੂ ਹੋ ਗਈ ਭਾਵੇਂ ਕਿ ਇਹ ਅੰਤਰ-ਸੰਬੰਧਿਤ ਹਨ। ਇਸ ਪਾਠ ਵਿਚ ਅਸੀਂ ਸਮਾਜਕ ਰੁਤਬੇ ਅਤੇ ਸਮਾਜਕ ਭੂਮਿਕਾ ਬਾਰੇ ਜਾਣਕਾਰੀ ਹਾਸਿਲ ਕਰਾਂਗੇ।

### 1.8.1 ਸਮਾਜਕ ਰੁਤਬੇ ਅਤੇ ਸਮਾਜਕ ਭੂਮਿਕਾ ਨਾਲ ਜਾਣ ਪਛਾਣ :

ਸਮਾਜਕ ਰੁਤਬਾ ਅਤੇ ਭੂਮਿਕਾ ਸਮਾਜਕ ਸੰਰਚਨਾ ਦੇ ਜ਼ਰੂਰੀ ਅਤੇ ਮਹੱਤਵਪੂਰਨ ਅੰਗ ਹਨ ਜਦੋਂ ਕਿ ਵਿਅਕਤੀ ਦਾ ਰੁਤਬਾ ਅਤੇ ਉਸ ਦੀ ਭੂਮਿਕਾ ਸਮਾਜਕ ਸੰਰਚਨਾ ਦੁਆਰਾ ਨਿਰਧਾਰਤ ਹੁੰਦੇ ਹਨ। ਪ੍ਰਾਚੀਨ ਸਮਾਜਾਂ ਵਿਚ ਰੁਤਬਾ ਅਤੇ ਭੂਮਿਕਾ ਸਾਧਾਰਨ ਕਿਸਮ ਦੇ ਹੁੰਦੇ ਸਨ। ਸਮਾਜਕ ਸੰਰਚਨਾ ਦੀ ਗਤੀਸ਼ੀਲਤਾ ਨੂੰ ਸਮਝਣ ਲਈ ਰੁਤਬਾ ਸੈਟ ਅਤੇ ਭੂਮਿਕਾ ਸੈਟ ਅਤੇ ਇਨ੍ਹਾਂ ਦੇ ਟਕਰਾਅ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਸਮਾਜਕ ਰੁਤਬਾ ਅਤੇ ਸਮਾਜਕ ਭੂਮਿਕਾ ਇਕ ਦੂਸਰੇ ਨਾਲ ਜੁੜੇ ਹੋਏ

ਹੁੰਦੇ ਹਨ। ਸਮਾਜਕ ਰੁਤਬੇ ਵਿਚ ਤਬਦੀਲੀ ਨਾਲ ਸਮਾਜਕ ਭੂਮਿਕਾ ਵਿਚ ਤਬਦੀਲੀ ਅਤੇ ਸਮਾਜਕ ਭੂਮਿਕਾ ਵਿਚ ਤਬਦੀਲੀ ਆਉਣ ਦੇ ਨਾਲ ਸਮਾਜਿਕ ਰੁਤਬੇ ਵਿਚ ਤਬਦੀਲੀ ਆਉਂਦੀ ਹੈ। ਸਮਾਜਕ ਰੁਤਬਾ ਅਤੇ ਭੂਮਿਕਾ ਇਕ ਦੂਸਰੇ ਨੂੰ ਨਿਰਧਾਰਤ ਅਤੇ ਪ੍ਰਭਾਵਿਤ ਕਰਦੇ ਹਨ। ਸੌਖੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਕ ਵਿਅਕਤੀ ਆਪਣੇ ਰੁਤਬੇ ਅਨੁਸਾਰ ਭੂਮਿਕਾ ਨਿਭਾਉਂਦਾ ਹੈ ਅਤੇ ਵਿਅਕਤੀ ਦੀ ਭੂਮਿਕਾ ਤੋਂ ਉਸ ਦੇ ਰੁਤਬੇ ਦਾ ਨਿਰਧਾਰਣ ਹੁੰਦਾ ਹੈ। ਸਮਾਜ ਵਿਗਿਆਨ ਦੇ ਵਿਦਿਆਰਥੀਆਂ ਲਈ ਸਮਾਜਕ ਰੁਤਬੇ ਅਤੇ ਭੂਮਿਕਾ ਦਾ ਗਿਆਨ ਹੋਣਾ ਲਾਜ਼ਮੀ ਹੈ।

### 1.8.2 ਸਮਾਜਕ ਰੁਤਬੇ ਦਾ ਅਰਥ

ਸਮਾਜ ਵਿਚ ਰਹਿੰਦੇ ਹਰ ਵਿਅਕਤੀ ਦੀ ਸਮਾਜ ਜਾਂ ਸਮੂਹ ਵਿਚ ਕੋਈ ਨਾ ਕੋਈ ਪੁਜੀਸ਼ਨ ਜ਼ਰੂਰੀ ਹੁੰਦੀ ਹੈ। ਉਦਾਹਰਣ ਵਜੋਂ ਪਰਿਵਾਰ, ਜਾਤ ਜਾਂ ਕਿਸੇ ਦਫਤਰ ਵਿਚ ਮੈਂਬਰ ਇਕਸਾਰ ਜਾਂ ਇਕੋ ਜਿਹੇ ਨਹੀਂ ਹੁੰਦੇ। ਵੱਖ-ਵੱਖ ਵਿਅਕਤੀਆਂ ਦੀ ਭੂਮਿਕਾ ਜੋ ਉਹ ਸਮਾਜ/ਸਮੂਹ ਵਿਚ ਨਿਭਾਉਂਦੇ ਹਨ ਉਸ ਮੁਤਾਬਕ ਉਨ੍ਹਾਂ ਦਾ ਰੁਤਬਾ ਨਿਰਧਾਰਤ ਹੁੰਦਾ ਹੈ। ਰੁਤਬਾ ਵਿਅਕਤੀ ਦੀ ਸਮਾਜ ਵਿਚ ਪੁਜੀਸ਼ਨ ਦਾ ਸੂਚਕ ਹੈ ਭਾਵ ਇਹ ਕਿ ਕਿਸੇ ਵਿਅਕਤੀ ਦੇ ਸਮਾਜ ਵਿਚ ਪੱਧਰ ਨੂੰ ਦਰਸਾਉਣ ਲਈ ਰੁਤਬੇ ਦੀ ਧਾਰਨਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਿਅਕਤੀ ਦਾ ਸਮਾਜ ਵਿਚ ਪੱਧਰ ਦੂਸਰਿਆਂ ਦੇ ਪ੍ਰਸੰਗ ਵਿਚ ਹੀ ਹੁੰਦਾ ਹੈ। ਸਮਾਜ/ਸਮੂਹ ਵਿਚ ਮਨੁੱਖ ਆਪਣੇ ਰੁਤਬੇ ਅਨੁਸਾਰ ਭੂਮਿਕਾ (Role) ਅਦਾ ਕਰਦਾ ਹੈ।

ਸਾਧਾਰਨ ਅਰਥਾਂ ਵਿਚ ਰੁਤਬੇ ਦੀ ਧਾਰਨਾ ਨੂੰ ਰੈਂਕ (Rank) ਦੇ ਸਮਾਨ-ਅਰਥ ਵਰਤ ਲਿਆ ਜਾਂਦਾ ਹੈ ਜਦੋਂ ਕਿ ਸਮਾਜ ਵਿਗਿਆਨਕ ਪੱਖ ਤੋਂ ਇਨ੍ਹਾਂ ਦੋਵਾਂ ਵਿਚ ਕਾਫੀ ਅੰਤਰ ਹੈ। ਰੁਤਬਾ ਇਕ ਨਿਰਪੱਖ ਪੱਧਤੀ ਹੈ ਜਿਸ ਰਾਹੀਂ ਵਿਅਕਤੀ ਦੀ ਸਮਾਜਕ ਪੁਜ਼ੀਸ਼ਨ ਨੂੰ ਦਰਸਾਇਆ ਜਾਂਦਾ ਹੈ ਜਦੋਂ ਕਿ ਰੈਂਕ ਇਕ ਪੁੜਬੰਦੀ (hierarchical) ਹੁੰਦੇ ਹਨ। ਰੈਂਕ ਵਿਚ ਵਿਅਕਤੀ ਨੀਵੇਂ ਪੱਧਰ ਤੋਂ ਉਚੇ ਪੱਧਰ ਤੱਕ ਭਾਵ ਪੌੜੀ ਦੇ ਡੰਡਿਆਂ ਦੀ ਤਰ੍ਹਾਂ ਇਕ ਦੂਜੇ ਤੋਂ ਨੀਵੇ ਜਾਂ ਉੱਚੇ ਹੁੰਦੇ ਹਨ। ਜਿਵੇਂ ਫੌਜ਼ ਜਾਂ ਪੁਲਿਸ ਵਿਚ ਰੈਂਕ ਹੇਠਲੇ ਕਰਮਚਾਰੀ ਸਿਪਾਹੀ ਤੋਂ ਸ਼ੁਰੂ ਹੋ ਕੇ ਅਫ਼ਸਰਾਂ ਤੱਕ ਦੀ ਪਦਵੀ ਦਾ ਸੂਚਕ ਹੁੰਦਾ ਹੈ।

ਵਿਅਕਤੀ ਦਾ ਸਮਾਜਕ ਰੁਤਬਾ ਉਸ ਦੇ ਅਨੇਕਾਂ ਰੁਤਬਿਆਂ ਵਿਚੋਂ ਉਪਜਿਆ ਹੁੰਦਾ ਹੈ। ਇਕ ਵਿਅਕਤੀ ਸਮਾਜ ਵਿਚ ਇਕੋ ਮੌਕੇ ਕਈ ਰੁਤਬਿਆਂ ਦਾ ਮਾਲਕ ਹੁੰਦਾ ਹੈ ਜਾਂ ਵੱਖ-ਵੱਖ ਪੱਧਰਾਂ ਉਤੇ ਇਕੋ ਵਿਅਕਤੀ ਦੇ ਵੱਖ-ਵੱਖ ਰੁਤਬੇ ਹੁੰਦੇ ਹਨ ਜਿਵੇਂ ਕੋਈ ਵਿਅਕਤੀ ਘਰ ਵਿਚ ਪਿਤਾ, ਦਫਤਰ ਵਿਚ ਕਲਰਕ ਹੈ, ਕਿਸੇ ਕਲੱਬ ਦਾ ਪ੍ਰਧਾਨ ਹੈ, ਸੈਕਸ ਪੱਖੋਂ ਮਰਦ ਜਾਂ ਔਰਤ ਹੈ, ਜਾਤ ਦਾ ਸੁਨਿਆਰ ਜਾਂ ਜੱਟ ਜਾਂ ਕੋਈ ਹੋਰ ਹੈ ਆਦਿ। ਵਿਅਕਤੀ ਦਾ ਸਮਾਜਕ ਰੁਤਬਾ ਉਸ ਦੇ ਸਾਰੇ ਰੁਤਬਿਆਂ ਭਾਵੇਂ ਉਹ ਧਾਰਨ ਕਰੇ ਜਾਂ ਪ੍ਰਾਪਤ ਕਰੇ ਉਨ੍ਹਾਂ ਦੇ ਸੁਮੇਲ ਵਿਚੋਂ ਬਣਦਾ ਹੈ। ਪ੍ਰਾਚੀਨ ਸਮਾਜਾਂ ਵਿਚ ਰੁਤਬਾ ਸਮਾਜ ਵਲੋਂ ਦਿੱਤਾ ਜਾਂਦਾ ਸੀ ਪ੍ਰੰਤੂ ਆਧੁਨਿਕ ਸਮਾਜਾਂ ਵਿਚ ਵਿਅਕਤੀ ਆਪਣਾ ਰੁਤਬਾ ਆਪ ਪ੍ਰਾਪਤ ਕਰਦਾ ਹੈ। ਅਜੋਕੇ ਸਮਾਜਾਂ ਵਿਚ ਸਮਾਜਕ ਰੁਤਬਾ ਹੋਰਨਾਂ ਤੋਂ ਇਲਾਵਾ ਵਿਅਕਤੀਗਤ ਗੁਣਾਂ 'ਤੇ ਵੀ ਨਿਰਭਰ ਕਰਦਾ ਹੈ।

ਪਹਿਲਾਂ ਰੁਤਬੇ ਦੀ ਧਾਰਨਾ ਨੂੰ ਸਿਰਫ਼ ਵਿਅਕਤੀ ਨੂੰ ਸਮਾਜ ਵਲੋਂ ਮਿਲੇ ਰੁਤਬੇ ਦੇ ਪ੍ਰਸੰਗ ਵਿਚ ਹੀ ਵਰਤਿਆ ਜਾਂਦਾ ਸੀ ਜੋ ਵਿਅਕਤੀ ਵਿਰਸੇ ਵਿਚ ਪ੍ਰਾਪਤ ਕਰਦਾ ਸੀ ਉਸ ਮੁਤਾਬਕ ਉਸ ਦੀ ਸਮਾਜਕ ਸਥਿਤੀ ਨਿਰਧਾਰਤ ਹੁੰਦੀ ਸੀ। ਸਮਾਜ ਵਿਗਿਆਨਕ ਸਿਧਾਂਤ ਦੇ ਵਿਕਾਸ ਨਾਲ ਰੁਤਬੇ ਦੀ

ਧਾਰਨਾ ਹੋਰ ਵਿਸਥਾਰੀ ਹੋ ਗਈ ਹੈ ਹੁਣ ਇਸ ਧਾਰਨਾ ਵਿਚ ਵਿਅਕਤੀ ਨੂੰ ਉਸ ਦੇ ਸਭਿਆਚਾਰ ਵਲੋਂ ਦਿੱਤੇ ਅਧਿਕਾਰਾਂ ਅਤੇ ਕਰਤੱਬਾਂ ਵਿਚ ਵਿਕਸਤ ਹੋਈ ਸਮਾਜਕ ਪੁਜੀਸ਼ਨ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ। ਰੋਬਰਟ ਕੇ ਮਾਰਟਨ (Robert K. Marton) ਨੇ ਆਪਣੇ ਰੋਲ ਸੈਟ (The Role Set) ਸਿਧਾਂਤ ਨੂੰ ਪੇਸ਼ ਕਰਦਿਆਂ ਕਿਹਾ ਹੈ ਕਿ ਸਮਾਜਕ ਰੁਤਬੇ ਵਿਚ ਸਿਰਫ਼ ਇਕੋ ਰੋਲ ਨਹੀਂ ਹੁੰਦਾ ਸਗੋਂ ਇਹ ਸਮੁੱਚੇ ਰੋਲਾਂ ਦੀ ਤਰਤੀਬ ਦਾ ਸਮੂਹ ਹੁੰਦਾ ਹੈ। ਹਰੇਕ ਵਿਅਕਤੀ ਦੇ ਸਮਾਜ ਵਿਚ ਇਕ ਤੋਂ ਵਧੇਰੇ ਰੁਤਬੇ ਹੁੰਦੇ ਹਨ ਪਰੰਤੂ ਸਮਾਜ ਵਿਗਿਆਨ ਵਿਚ ਰੁਤਬੇ ਦੀ ਧਾਰਨਾ ਵਿਅਕਤੀ ਦੇ ਸਮੁਚੇ ਰੁਤਬਿਆਂ ਦੇ ਮੇਲ ਤੋਂ ਉਪਜੇ ਰੁਤਬੇ ਦੇ ਪ੍ਰਸੰਗ ਵਿਚ ਵਰਤੀ ਜਾਂਦੀ ਹੈ। ਉਦਾਹਰਣ ਵਜੋਂ ਇਕ ਵਿਅਕਤੀ ਆਪਣੇ ਵੱਖ-ਵੱਖ ਰੁਤਬਿਆਂ ਮੁਤਾਬਕ ਭੂਮਿਕਾ ਨਿਭਾ ਰਿਹਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਉਹ ਹਰ ਕਾਰਜ ਵਿਚ ਮਾਹਰ ਤੇ ਪਰਪੱਕ ਹੋਵੇ । ਜ਼ਰੂਰੀ ਨਹੀਂ ਕਿ ਇਕ ਚੰਗਾ ਅਧਿਆਪਕ ਚੰਗਾ ਪਿਤਾ ਵੀ ਹੋਵੇਗਾ ਕਿਉਂਕਿ ਇਹ ਵੀ ਹੋ ਸਕਦਾ ਹੈ ਕਿ ਉਹ ਇਕ ਪਿਤਾ ਵਾਲੀਆਂ ਜ਼ਿੰਮੇਵਾਰੀਆਂ ਨਾ ਨਿਭਾ ਸਕੇ। ਇਸ ਤਰ੍ਹਾਂ ਇਕ ਗਰੀਬ ਮਜ਼ਦੂਰ ਟਰੇਡ ਯੂਨੀਅਨ ਦਾ ਨੇਤਾ ਬਣਨ ਨਾਲ ਉਚਾ ਰੁਤਬਾ ਧਾਰਨ ਕਰ ਲੈਂਦਾ ਹੈ ਜਦ ਉਹ ਮਜ਼ਦੂਰ ਸੀ ਤਾਂ ਰੁਤਬਾ ਨੀਵਾਂ ਸੀ ਪਰ ਪ੍ਰਧਾਨ ਬਣ ਜਾਣ ਨਾਲ ਉਹ ਮਜ਼ਦੂਰ ਹੁੰਦਾ ਹੋਇਆ ਵੀ ਬਾਕੀ ਮਜ਼ਦੂਰਾਂ ਨਾਲੋਂ ਵੱਖਰੇ ਰੁਤਬੈ ਦਾ ਧਾਰਨੀ ਬਣ ਜਾਂਦਾ ਹੈ।

ਰੁਤਬੇ ਦੀ ਧਾਰਨਾ ਨੂੰ ਹੋਰ ਵਧੇਰੇ ਸਪਸ਼ਟਤਾ ਨਾਲ ਸਮਝਣ ਲਈ ਵੱਖ-ਵੱਖ ਸਮਾਜ ਵਿਗਿਆਨੀਆਂ ਵੱਲੋਂ ਦਿੱਤੀਆਂ ਪਰਿਭਾਸ਼ਾਵਾਂ ਦੀ ਮਦਦ ਲਈ ਜਾ ਸਕਦੀ ਹੈ।

### 1.8.3 ਸਮਾਜਿਕ ਰੁਤਬੇ ਦੀਆਂ ਪਰਿਭਾਸ਼ਾਵਾਂ :

ਔਗਬਰਨ ਅਤੇ ਨਿਮਕੌਫ (Ogburn and Nimkoff) ਅਨੁਸਾਰ, ਵਿਅਕਤੀ ਦਾ ਸਮੂਹ ਵਿਚ ਰੁਤਬਾ ਉਸ ਦਾ ਦੂਸਰਿਆਂ ਦੇ ਸੰਦਰਭ ਵਿਚ ਸਥਾਨ ਹੁੰਦਾ ਹੈ।"

ਕਿੰਗਸਲੇ ਡੇਵਿਸ (Kingsley Davis) "ਰੁਤਬਾ ਕਿਸੇ ਆਮ ਸੰਸਥਾਈ ਪ੍ਰਬੰਧ ਵਿਚ ਇਕ ਪੁਜੀਸ਼ਨ ਹੈ ਜੋ ਸਮਾਜ ਦੁਆਰਾ ਪ੍ਰਵਾਨਿਤ ਹੈ ਅਤੇ ਜਿਸ ਦਾ ਨਿਰਮਾਣ ਆਪ ਮੁਹਾਰੇ ਹੋਇਆ ਹੈ ਜਿਸ ਦੀਆਂ ਜੜ੍ਹਾਂ ਲੋਕ-ਰੀਤਾਂ ਅਤੇ ਰਿਵਾਜ਼ਾਂ ਵਿਚ ਹੁੰਦੀਆਂ ਹਨ।"

ਮੈਕਾਈਵਰ ਅਤੇ ਪੇਜ (Maclver and Page) ਅਨੁਸਾਰ, "ਰੁਤਬਾ ਇਕ ਸਮਾਜਕ ਪੁਜੀਸ਼ਨ ਹੈ ਜੋ ਇਸ ਨੂੰ ਗ੍ਰਹਿਣ ਕਰਨ ਵਾਲੇ ਵਿਅਕਤੀ ਦੇ ਵਿਅਕਤੀਗਤ ਗੁਣਾਂ ਜਾਂ ਸਮਾਜਕ ਸੇਵਾ ਤੋਂ ਇਲਾਵਾ ਆਦਰ, ਮਾਣ ਅਤੇ ਪ੍ਰਭਾਵ ਦੀ ਮਾਤਰਾ ਤੋਂ ਪ੍ਰਭਾਵਿਤ ਹੁੰਦਾ ਹੈ।

ਲੁੰਡਬਰਗ (Lundberg) ਦੇ ਮੁਤਾਬਕ, "ਰੁਤਬੇ ਦੀ ਧਾਰਨਾ ਮਾਣ ਦੇ ਤੁਲਨਾਤਮਕ ਮੁੱਲ ਨੂੰ ਦਰਸਾਉਂਦੀ ਹੈ ਜਿਹੜਾ ਮਨੁੱਖ ਸਮਾਜ ਵਿਚ ਪ੍ਰਾਪਤ ਕਰਦਾ ਹੈ ਜਿਸ ਨੂੰ ਸਮੂਹ ਜਾਂ ਸਮੁਦਾਇਆਂ ਵਿਚ ਵੱਖ-ਵੱਖ ਭੂਮਿਕਾਵਾਂ ਨਿਭਾਉਣੀਆਂ ਪੈਂਦੀਆਂ ਹਨ।

ਇਲੀਅਟ ਅਤੇ ਮੈਰਿਲ (Elliot and Meril) ਰੁਤਬਾ ਵਿਅਕਤੀ ਦੀ ਉਹ ਪਜੀਸ਼ਨ ਹੈ ਜਿਸ ਨੂੰ ਉਹ ਕਿਸੇ ਸਮੂਹ ਵਿਚ ਲਿੰਗ, ਉਮਰ, ਪਰਿਵਾਰ, ਵਰਗ, ਕਿੱਤੇ, ਵਿਆਹ ਅਤੇ ਕੋਸ਼ਿਸ਼ਾਂ ਰਾਹੀਂ ਪ੍ਰਾਪਤ ਕਰਦਾ ਹੈ।

ਰਾਲਫ ਲਿੰਟਨ (Ralph Linton) ਅਨੁਸਾਰ, "ਕਿਸੇ ਵਿਸ਼ੇਸ਼ ਪ੍ਰਬੰਧ ਵਿਚ ਵਿਅਕਤੀ ਨੂੰ ਜੋ ਸਥਾਨ ਮਿਲਦਾ ਹੈ ਉਹ ਉਸ ਪ੍ਰਬੰਧ ਦੇ ਸੰਦਰਭ ਵਿਚ ਉਸ ਵਿਅਕਤੀ ਦਾ ਰੁਤਬਾ ਹੁੰਦਾ ਹੈ।

### 1.8.4 ਸਮਾਜਕ ਰੁਤਬੇ ਦੀਆਂ ਕਿਸਮਾਂ

ਅਮਰੀਕਾ ਦੇ ਸਮਾਜ ਵਿਗਿਆਨੀ ਰਾਲਫ ਲਿੰਟਨ (Ralph Linton) ਨੇ ਸਮਾਜਕ ਰੁਤਬੇ ਨੂੰ ਮੁੱਖ ਦੋ ਕਿਸਮਾਂ ਵਿਚ ਵੰਡਿਆ ਹੈ। ਸਮਾਜਕ ਰੁਤਬੇ ਦੀਆਂ ਇਹ ਦੋਵੇਂ ਕਿਸਮਾਂ ਭਾਵੇਂ ਇਕ ਦੂਸਰੇ ਨਾਲ ਸੰਬੰਧਿਤ ਹਨ ਫਿਰ ਵੀ ਦੋਹਾਂ ਵਿਚ ਫਰਕ ਹੈ। ਇਸ ਕਰਕੇ ਅਸੀਂ ਦੋਵਾਂ ਉਤੇ ਵੱਖ-ਵੱਖ ਤੌਰ 'ਤੇ ਵਿਚਾਰ ਕਰ ਰਹੇ ਹਾਂ।

## (ੳ) ਉਤਰਦਾਈ ਜਾਂ ਪ੍ਰਦੱਤ ਰੁਤਬਾ (Ascribed Status)

ਇਸ ਰੁਤਬੇ ਨੂੰ ਅਸੀਂ ਵਿਰਾਸਤੀ ਰੁਤਬਾ ਵੀ ਕਹਿ ਸਕਦੇ ਹਾਂ। ਉੱਤਰਵਾਦੀ ਜਾਂ ਪ੍ਰਦਤ ਰੁਤਬਾ ਕੁਦਰਤੀ ਅਤੇ ਸਮਾਜਕ ਤੱਥਾਂ ਉਤੇ ਨਿਰਭਰ ਕਰਦਾ ਹੈ। ਇਹ ਰੁਤਬਾ ਵਿਅਕਤੀ ਨੂੰ ਬਿਨਾਂ ਕਿਸੇ ਕੋਸ਼ਿਸ਼ ਕੀਤਿਆਂ ਆਪਣੇ ਆਪ ਮਿਲ ਜਾਂਦਾ ਹੈ। ਕੁਦਰਤੀ ਤੌਰ ਤੇ ਵਿਅਕਤੀ ਦੀ ਉਮਰ, ਲਿੰਗ ਅਤੇ ਨਸਲ ਨੂੰ ਲੈ ਸਕਦੇ ਹਾਂ। ਉਮਰ ਪੱਖੋਂ ਹਰ ਵਿਅਕਤੀ, ਬਚਪਨ, ਜਵਾਨੀ ਬੁਢਾਪੇ ਦੀਆਂ ਅਵਸਥਾਵਾਂ ਵਿਚੋਂ ਗੁਜ਼ਰਦਾ ਹੈ ਹਰ ਸਮਾਜ ਵਿਚ ਵਿਅਕਤੀ ਉਮਰ ਮੁਤਾਬਕ ਰੁਤਬਾ ਗ੍ਰਹਿਣ ਕਰਦਾ ਹੈ। ਉਮਰ ਦੀ ਅਵਸਥਾ ਦੇ ਬਦਲ ਜਾਂਣ ਨਾਲ ਉਸ ਦਾ ਰੁਤਬਾ ਵੀ ਬਦਲ ਜਾਂਦਾ ਹੈ। ਲਿੰਗ ਦੇ ਆਧਾਰ ਤੇ ਸਮਾਜ ਮਰਦ ਅਤੇ ਔਰਤ ਵਿਚ ਵੰਡਿਆ ਜਾ ਸਕਦਾ ਹੈ। ਮਰਦ ਅਤੇ ਔਰਤ ਦਾ ਰੁਤਬਾ ਜਿਸ ਵਿਚ ਸਮਾਜ ਵਲੋਂ ਕੋਈ ਤਰੱਦਦ ਨਹੀਂ ਕਰਨਾ ਪੈਂਦਾ ਅਤੇ ਨਾ ਹੀ ਇਹ ਰੁਤਬਾ ਵਿਅਕਤੀ ਦੀ ਬੁੱਧੀ ਜਾਂ ਲਗਨ ਨਾਲ ਮਿਲਦਾ ਹੈ। ਇਸੇ ਪ੍ਰਕਾਰ ਨਸਲ ਦੇ ਆਧਾਰ ਤੇ ਵਿਅਕਤੀ ਆਪਣਾ ਰੁਤਬਾ ਨਸਲ ਤੋਂ ਹੀ ਗ੍ਰਹਿਣ ਕਰ ਲੈਂਦਾ ਹੈ। ਨਸਲ ਦੇ ਆਧਾਰ ਉੱਤੇ ਗੋਰਿਆ ਅਤੇ ਕਾਲਿਆਂ ਦੇ ਰੁਤਬੇ ਵਿਚ ਅੰਤਰ ਅਸੀਂ ਦੁਨੀਆਂ ਭਰ ਦੇ ਸਮਾਜਾਂ ਵਿਚ ਵੇਖ ਸਕਦੇ ਹਾਂ। ਨਸਲ ਇਕ ਕੁਦਰਤੀ ਫੈਕਟਰ ਹੈ। ਵਿਅਕਤੀ ਨੇ ਜਿਸ ਨਸਲ ਵਿਚ ਜਨਮ ਲਿਆ ਹੁੰਦਾ ਹੈ ਉਸ ਮੁਤਾਬਕ ਸਮਾਜ ਵਿਚ ਉਸ ਨੂੰ ਰੁਤਬਾ ਮਿਲ ਜਾਂਦਾ ਹੈ।

ਉਤਰਦਾਈ ਰੁਤਬਾ ਉਹ ਰੁਤਬਾ ਹੁੰਦਾ ਹੈ ਜਿਸ ਲਈ ਵਿਅਕਤੀ ਨੂੰ ਕੋਈ ਮਿਹਨਤ ਨਹੀਂ ਕਰਨੀ ਪੈਂਦੀ ਅਤੇ ਨਾ ਹੀ ਇਸ ਪ੍ਰਕਾਰ ਦੇ ਰੁਤਬੇ ਦਾ ਆਧਾਰ ਵਿਅਕਤੀਗਤ ਗੁਣ ਹੁੰਦੇ ਹਨ ਸ਼ਾਇਦ ਇਸ ਕਰਕੇ ਇਸ ਤਰ੍ਹਾਂ ਦੇ ਰੁਤਬਿਆਂ ਵਿਚ ਜਾਤ ਦੇ ਆਧਾਰ ਉਤੇ ਵਿਕਅਤੀ ਨੂੰ ਸਮਾਜ ਵਲੋਂ ਮਿਲੇ ਰੁਤਬੇ ਨੂੰ ਇਸ ਵਿਚ ਸ਼ਾਮਲ ਮੰਨਿਆ ਜਾਂਦਾ ਹੈ। ਇਸ ਪੱਖ ਤੋਂ ਭਾਰਤੀ ਸਮਾਜ ਵਿਚ ਪਾਈ ਜਾਂਦੀ ਜਾਤੀ ਵਿਵਸਥਾ ਉਤਰਦਾਈ ਰੁਤਬੇ ਦੀ ਇਕ ਚੰਗੀ ਉਦਾਹਰਣ ਹੈ। ਭਾਰਤ ਵਿਚ ਵਿਅਕਤੀ ਜਿਹੜੀ ਜਾਤ ਵਿਚ ਜਨਮ ਲੈਂਦਾ ਹੈ ਉਸ ਨੂੰ ਉਸੇ ਜਾਤ ਦਾ ਰੁਤਬਾ ਮਿਲ ਜਾਂਦਾ ਹੈ। ਉਚੀ ਜਾਤ ਵਿਚ ਜਨਮਿਆਂ ਵਿਅਕਤੀ ਉਚਾ ਅਤੇ ਨਵੀਂ ਜਾਤ ਵਿਚ ਜਨਮਿਆਂ ਵਿਅਕਤੀ ਸਮਾਜ ਵਿਚ ਨੀਵਾਂ ਮੰਨਿਆ ਜਾਂਦਾ ਹੈ। ਵਿਅਕਤੀ ਆਪਣੀਆਂ ਕੋਸ਼ਿਸ਼ਾਂ ਸਦਕਾਂ ਜਾਤੀ ਰੁਤਬੇ ਨੂੰ ਤਬਦੀਲ ਨਹੀਂ ਕਰ ਸਕਦਾ ਜਿਹੜੀ ਜਾਤ ਵਿਚ ਉਸ ਨੇ ਇਕ ਵਾਰ ਜਨਮ ਲੈ ਲਿਆ ਸਾਰੀ ਉਮਰ ਉਸ ਦਾ ਰੁਤਬਾ ਉਸ ਦੀ ਜਾਤ ਨਾਲ ਹੀ ਜੁੜਿਆ ਰਹਿੰਦਾ ਹੈ। ਆਰਥਕ ਪੱਖ ਤੋਂ ਨੀਵੀਂ ਜਾਤ ਦਾ ਵਿਅਕਤੀ ਭਾਵੇਂ ਕਿਨਾਂ ਵੀ ਅਮੀਰ ਕਿਉਂ ਨਾ ਹੋ ਜਾਵੇ, ਪਰੰਤੂ ਨੀਵੀਂ ਜਾਤ ਕਰਕੇ ਉਸ ਦਾ ਰੁਤਬਾ ਨੀਵਾਂ ਰਹਿੰਦਾ ਹੈ। ਉਦਾਹਰਣ ਵਜੋਂ ਇਕ ਅਮੀਰ ਤੋਂ ਅਮੀਰ ਬਾਣੀਆ ਗਰੀਬ ਤੋਂ ਗਰੀਬ ਬ੍ਰਾਹਮਣ, ਨਾਲੋਂ ਜਾਤੀ ਤੌਰ 'ਤੇ ਨੀਵਾਂ ਸਮਝਿਆ ਜਾਂਦਾ ਹੈ। ਜਾਤ ਇਕ ਸਮਾਜਿਕ ਵਿਵਸਥਾ ਹੈ ਜੋ ਜਨਮ ਤੋਂ ਹੀ ਨਿਰਧਾਰਤ ਹੁੰਦੀ ਹੈ ਇਸ ਤਰ੍ਹਾਂ ਨਾਲ ਜਾਤੀ ਰੁਤਬੇ ਨਾਲ ਕੁਦਰਤੀ ਅਤੇ ਸਮਾਜਕ ਤੱਥ ਦੋਵੇਂ ਜੁੜੇ ਹੁੰਦੇ ਹਨ। ਅਜੋਕੇ ਭਾਰਤ ਵਿਚ ਜਾਤੀ ਪ੍ਰਬੰਧ ਵਿਚ ਤਬਦੀਲੀਆਂ ਆ ਰਹੀਆਂ ਹਨ ਜਿਸ ਕਰਕੇ ਨੀਵੀਂ ਜਾਤ ਦਾ ਵਿਅਕਤੀ ਵੀ ਪ੍ਰਾਪਤ ਕੀਤੇ ਰੁਤਬੇ (Achieved Status) ਸਦਕਾ ਕਿਸੇ ਉਚੇ ਅਹੁਦੇ ਉਤੇ ਪਹੁੰਚ ਸਕਦਾ ਹੈ ਪਰੰਤੂ ਫਿਰ ਵੀ ਵਿਅਕਤੀ ਭਾਵੇਂ ਕਿੰਨੇ ਵੱਡੇ ਅਹੁਦੇ ਉਤੇ ਕਿਉਂ ਨਾ ਪਹੁੰਚ ਜਾਵੇ

ਉਹ ਜਾਤੀ ਰੁਤਬੇ ਨੂੰ ਉੱਚਾ ਨਹੀਂ ਚੁੱਕ ਸਕਦਾ।

**(ਅ) ਪ੍ਰਾਪਤ ਜਾਂ ਅਰਜਿਤ ਰੁਤਬਾ** (Achieved status)

ਇਹ ਉਹ ਰੁਤਬਾ ਹੁੰਦਾ ਹੈ ਜਿਸ ਨੂੰ ਵਿਅਕਤੀ ਆਪਣੇ ਬਲਬੂਤੇ, ਲਿਆਕਤ ਅਤੇ ਮਿਹਨਤ ਆਦਿ ਨਾਲ ਪ੍ਰਾਪਤ ਕਰਦਾ ਹੈ ਅਜਿਹਾ ਰੁਤਬਾ ਵਿਅਕਤੀ ਨੂੰ ਸਮਾਜ ਵਲੋਂ ਆਪਣੇ ਆਪ ਨਸੀਬ ਨਹੀਂ ਹੁੰਦਾ। ਪ੍ਰਾਪਤ ਰੁਤਬਾ ਅਸਲ ਵਿਚ ਉਹੀ ਰੁਤਬਾ ਮੰਨਿਆ ਜਾਂਦਾ ਹੈ ਜਿਸ ਨੂੰ ਵਿਅਕਤੀ ਪਿਤਾ-ਪੁਰਖੀ ਜਾਂ ਸਮਾਜਕ ਹੱਦ ਬੰਦੀਆਂ ਤੋਂ ਪਾਰ ਜਾ ਕੇ ਪ੍ਰਾਪਤ ਕਰਦਾ ਹੈ। ਉਦਾਹਰਣ ਵਜੋਂ ਜਦੋਂ ਕੋਈ ਵਿਅਕਤੀ ਆਪਣੀ ਮਿਹਨਤ, ਲਗਨ ਅਤੇ ਨਿਜੀ ਗੁਣਾਂ ਕਰਕੇ ਕਿਸੇ ਮਾਣਯੋਗ ਪਦਵੀ ਉਤੇ ਪਹੁੰਚ ਜਾਂਦਾ ਹੈ। ਜਿਵੇਂ ਇਕ ਅਨਪੜ੍ਹ ਪਰਿਵਾਰ ਵਿਚੋਂ ਕੋਈ ਪੜ ਲਿਖ ਕੇ ਅਧਿਆਪਕ ਬਣ ਜਾਵੇ ਤਾਂ ਅਜਿਹੇ ਵਿਅਕਤੀ ਲਈ ਅਧਿਆਪਕ ਦਾ ਰੁਤਬਾ ਪ੍ਰਾਪਤ ਰੁਤਬਾ ਕਹਾਵੇਗਾ। ਪ੍ਰਾਪਤ ਕੀਤੇ ਰੁਤਬੇ ਦੀ ਮਹੱਤਤਾ ਆਧੁਨਿਕ ਸਮਾਜਾਂ ਵਿਚ ਵਧੇਰੇ ਹੈ। ਜਿਵੇਂ ਡਾਕਟਰ, ਜੱਜ, ਨੇਤਾ, ਇੰਜੀਨੀਅਰ ਆਦਿ ਰੁਤਬੇ ਵਿਅਕਤੀ ਨੂੰ ਆਪਣੇ ਆਪ ਪ੍ਰਾਪਤ ਨਹੀਂ ਹੁੰਦੇ ਸਗੋਂ ਇਸ ਲਈ ਵਿਅਕਤੀ ਨੂੰ ਮਿਹਨਤ ਕਰਨੀ ਪੈਂਦੀ ਹੈ।

ਸੰਖੇਪ ਵਿਚ ਕਹਿਣਾ ਹੋਵੇ ਤਾਂ ਪ੍ਰਾਪਤ ਰੁਤਬੇ ਵਿਚ ਉਹ ਸਭ ਰੁਤਬੇ ਸ਼ਾਮਲ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਖੁਦ ਯਤਨ ਕਰਦਾ ਹੈ। ਇਸ ਪ੍ਰਕਾਰ ਦੇ ਰੁਤਬੇ ਲਈ ਵਿਅਕਤੀ ਦੀ ਮਿਹਨਤ, ਵਿਦਿਆ, ਗਿਆਨ, ਹੌਸਲਾ, ਦਲੇਰੀ, ਕਲਾਤਮਕ ਸੁਹਜ ਆਦਿ ਅਨੇਕਾਂ ਗੁਣ ਜੁੰਮੇਵਾਰ ਹੁੰਦੇ ਹਨ।

ਸਮਾਜਕ ਰੁਤਬੇ ਦੀਆਂ ਦੋਵੇਂ ਕਿਸਮਾਂ ਉਤਰਦਾਈ ਰੁਤਬੇ ਬਾਰੇ ਵੱਖ-ਵੱਖ ਤੌਰ ਉਤੇ ਚਰਚਾ ਕਰਨ ਨਾਲ ਸਾਨੂੰ ਕਈ ਵਾਰ ਇਹ ਭੁਲੇਖਾ ਪੈਂਦਾ ਹੈ ਕਿ ਇਹ ਦੋਵੇਂ ਬਿਲਕੁਲ ਵੱਖਰੇ ਹਨ। ਭਾਵੇਂ ਰੁਤਬੇ ਵਿਚ ਅਸੀਂ ਇਸ ਕਿਸਮ ਦੀ ਵੰਡ ਕਰ ਸਕਦੇ ਹਾਂ ਪਰੰਤੂ ਫਿਰ ਵੀ ਉਤਰਦਾਈ ਰੁਤਬੇ ਅਤੇ ਪ੍ਰਾਪਤ ਰੁਤਬੇ ਵਿਚ ਸੰਬੰਧ ਬੜੇ ਗੂਹੜੇ ਹਨ। ਜਿਸ ਵਿਅਕਤੀ ਨੂੰ ਸਮਾਜਕ ਅਤੇ ਕੁਦਰਤੀ ਤੌਰ 'ਤੇ ਰੁਤਬਾ ਮਿਲਿਆ ਹੋਵੇ ਉਸ ਨੂੰ ਪ੍ਰਾਪਤ ਰੁਤਬੇ ਲਈ ਮੁਕਾਬਲਤਨ ਘੱਟ ਮਿਹਨਤ ਕਰਨੀ ਪੈਂਦੀ ਹੈ। ਉਦਾਹਰਣ ਵਜੋਂ ਨੀਵੇਂ ਜਾਤ ਦੇ ਵਿਅਕਤੀ ਨੂੰ ਉਚੀ ਜਾਤ ਦੇ ਵਿਅਕਤੀ ਦੇ ਮੁਕਾਬਲੇ ਉੱਚਾ ਰੁਤਬਾ ਪਾਉਣ ਲਈ ਵਧੇਰੇ ਮਿਹਨਤ ਦੀ ਜ਼ਰੂਰਤ ਪੈਂਦੀ ਹੈ।

### 1.8.5 ਸਮਾਜਕ ਭੂਮਿਕਾ ਦਾ ਅਰਥ :

ਭੂਮਿਕਾ ਨੂੰ ਆਮ ਤੌਰ ਉਤੇ ਅਨੇਕਾਂ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ। ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਮਨੋਵਿਗਿਆਨ ਵਿਚ ਭੂਮਿਕਾ ਦੀ ਧਾਰਨਾ ਵੱਖ-ਵੱਖ ਤਰ੍ਹਾਂ ਵਰਤੀ ਜਾਂਦੀ ਹੈ। ਸਮਾਜਕ ਪੱਖ ਤੋਂ ਭੂਮਿਕਾ ਇਕ ਸਮਾਜਕ ਪੁਜੀਸ਼ਨ ਦਾ ਪ੍ਰਗਟਾਅ ਨਾ ਹੋ ਕੇ ਇਕ ਵਿਅਕਤੀਗਤ ਯੋਗਤਾ ਵੀ ਹੈ। ਵਿਅਕਤੀ ਦੀ ਇਸ ਯੋਗਤਾ ਦਾ ਸਮਾਜਕ ਅੰਤਰ-ਕਿਰਿਆ (Social Interaction) ਵਿਚ ਬਹੁਤ ਮਹੱਤਵ ਹੁੰਦਾ ਹੈ। ਜੀ.ਐਚ.ਮੀਡ (G.H.Mead) ਨੇ ਆਪਣੇ ਅੰਤਰ-ਕਿਰਿਆ ਸਿਧਾਂਤ ਵਿਚ (Role Playing) ਅਤੇ ਰੋਲ ਧਾਰਕ (Role Taking) ਨੂੰ ਖਾਸ ਮਹੱਤਤਾ ਦਿੱਤੀ ਹੈ। ਸਮਾਜਕ ਰੁਤਬੇ ਨੂੰ ਅਸੀਂ ਵਿਅਕਤੀ ਦੇ ਕਰਤੱਵਾਂ ਅਤੇ ਅਧਿਕਾਰਾਂ ਦਾ ਸੁਮੇਲ ਕਹਿੰਦੇ ਹਾਂ ਜਦੋਂ ਕਿ ਭੂਮਿਕਾ (Role) ਇਨ੍ਹਾਂ ਦਾ ਇਕ ਗਤੀਸ਼ੀਲ (Dynamic) ਪੱਖ ਹੁੰਦਾ ਹੈ। ਸਮਾਜਕ ਰੁਤਬਾ ਸਮਾਜਕ ਭੂਮਿਕਾ ਨਾਲ ਅਤੇ ਭੂਮਿਕਾ ਸਮਾਜਕ ਰੁਤਬੇ ਨਾਲ ਸੰਬੰਧਿਤ ਹੁੰਦੀ ਹੈ। ਭੂਮਿਕਾ ਵਿਚ ਤਬਦੀਲੀ ਆਉਣ ਨਾਲ ਰੁਤਬੇ ਵਿਚ ਤਬਦੀਲੀ ਆ ਜਾਂਦੀ ਹੈ ਅਤੇ ਰੁਤਬੇ ਵਿਚ ਤਬਦੀਲੀ ਆਉਣ ਨਾਲ ਭੂਮਿਕਾ ਵਿਚ ਤਬਦੀਲੀ ਆਉਂਦੀ ਹੈ।

ਸਮਾਜਕ ਭੂਮਿਕਾ ਦੇ ਸਮਾਜਕ ਰੁਤਬੇ ਨਾਲ ਸੰਬੰਧ ਨੂੰ ਅਸੀਂ ਇਕ ਉਦਾਹਰਣ ਰਾਹੀਂ ਹੀ ਸਮਝ

ਸਕਦੇ ਹਾਂ। ਇਕ ਵਿਅਕਤੀ ਪਰਿਵਾਰ ਵਿਚ ਇਕ ਪਿਤਾ ਦੀ ਭੂਮਿਕਾ ਨਿਭਾਅ ਰਿਹਾ ਹੈ ਜਿਸ ਕਰਕੇ ਉਸ ਦਾ ਪਰਿਵਾਰ ਦੇ ਮੈਂਬਰਾਂ ਵਿਚ ਰੁਤਬਾ ਉਚਾ ਹੋਵੇਗਾ ਪਰੰਤੂ ਉਹੀ ਵਿਅਕਤੀ ਜੇਕਰ ਕਿਸੇ ਫੈਕਟਰੀ ਵਿਚ ਨੌਕਰ ਹੈ ਤਾਂ ਇਹ ਲਾਜ਼ਮੀ ਨਹੀਂ ਕਿ ਉਸ ਦੀ ਨੌਕਰੀ ਨਿਭਾਉਣ ਲਈ ਕੀਤੇ ਜਾਂਦੇ ਰੋਲ ਅਨੁਸਾਰ ਇਥੇ ਵੀ ਉਸ ਦਾ ਰੁਤਬਾ ਪਰਿਵਾਰ ਵਾਲਾ ਹੀ ਹੋਵੇ। ਇਥੇ ਅਸੀਂ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਸਮਾਜ ਵਿਚ ਰਹਿੰਦਾ ਹਰ ਵਿਅਕਤੀ ਆਪੋ-ਆਪਣੀ ਭੂਮਿਕਾ ਅਦਾ ਕਰਦਾ ਹੈ। ਸਮਾਜਿਕ ਗਤੀਸ਼ੀਲਤਾ ਲਈ ਵੱਖ-ਵੱਖ ਤਰ੍ਹਾਂ ਦੇ ਵਿਅਕਤੀ ਵੱਖ-ਵੱਖ ਭੂਮਿਕਾ ਨਿਭਾਉਂਦੇ ਹਨ ਜਿਵੇਂ ਇਕ ਨਾਟਕ ਦੇ ਵੱਖ-ਵੱਖ ਪਾਤਰ ਆਪਣੀ ਭੂਮਿਕਾ ਅਦਾ ਕਰਦੇ ਹਨ। ਦੁਨੀਆਂ ਦੇ ਪ੍ਰਸਿੱਧ ਨਾਟਕ ਸ਼ੈਕਸਪੀਅਰ ਅਨੁਸਾਰ ਮਨੁੱਖੀ ਸਮਾਜ ਇਕ ਡਰਾਮਾ ਹੈ ਇਸ ਡਰਾਮੇ ਦੇ ਸਾਰੇ ਪਾਤਰ ਆਪੋ ਆਪਣੇ ਰੋਲ ਨਿਭਾਉਂਦੇ ਹਨ। ਸਮਾਜ ਵਿਚ ਅਧਿਆਪਕ, ਡਾਕਟਰ, ਕਿਸਾਨ, ਮਜ਼ਦੂਰ, ਨੌਕਰ, ਰਾਜਨੀਤੀਵਾਦ ਆਦਿ ਆਪੋ ਆਪਣੇ ਰੋਲ ਨਿਭਾ ਰਹੇ ਹੁੰਦੇਹਨ ਇਸ ਤਰ੍ਹਾਂ ਹੀ ਇਕ ਪੁਜਾਰੀ, ਪੁੱਤਰ, ਪਿਤਾ, ਮਾਤਾ, ਦਾਦਾ, ਦਾਦੀ, ਚਾਚਾ ਆਦਿ ਆਪਣੀ ਸਮਾਜਕ ਭੂਮਿਕਾ ਅਦਾ ਕਰਦੇ ਹਨ।

ਸਮਾਜ ਵਿਚ ਵਿਅਕਤੀ ਦੁਆਰਾ ਨਿਭਾਏ ਜਾਂਦੇ ਰੋਲ ਉਸ ਦੇ ਵਿਅਕਤੀਗਤ ਅਤੇ ਸਮਾਜਕ ਹੋਣ ਦੀ ਗਵਾਹੀ ਹੁੰਦੇ ਹਨ, ਰੋਲ ਹੀ ਵਿਅਕਤੀ ਦੇ ਸਮਾਜਕ ਰੁਤਬੇ ਦੇ ਨਿਰਧਾਰਕ ਬਣਦੇ ਹਨ। ਸਮਾਜ ਵਿਚ ਵਿਅਕਤੀ ਦੀ ਭੂਮਿਕਾ ਸਥਿਰ ਨਹੀਂ ਹੁੰਦੀ। ਇਕ ਵਿਅਕਤੀ ਸਮਾਜ ਲਈ ਲੋੜੀਂਦੀ ਸਭ ਪ੍ਰਕਾਰ ਦੀ ਭੂਮਿਕਾ ਨਹੀਂ ਨਿਭਾ ਸਕਦਾ ਅਤੇ ਨਾ ਹੀ ਸਮਾਜ ਵਿਚ ਕੋਈ ਇਕ ਤਰ੍ਹਾਂ ਦੀ ਭੂਮਿਕਾ ਸਭ ਵਿਅਕਤੀਆਂ ਨੂੰ ਦਿੱਤੀ ਜਾ ਸਕਦੀ ਹੈ। ਇਕ ਵਿਅਕਤੀ ਜਨਮ ਤੋਂ ਲੈ ਕੇ ਮੌਤ ਤੱਕ ਅਨੇਕਾਂ ਪ੍ਰਕਾਰ ਦੇ ਰੋਲ ਨਿਭਾਉਂਦਾ ਹੈ। ਵਿਅਕਤੀ ਦੁਆਰਾ ਨਿਭਾਏ ਜਾਂਦੇ ਰੋਲ ਤੋਂ ਹੀ ਉਸ ਦਾ ਸਮਾਜ ਵਿਚ ਸਥਾਨ ਨਿਸ਼ਚਿਤ ਹੁੰਦਾ ਹੈ।

ਰੋਲ ਜਾਂ ਭੂਮਿਕਾ ਨੂੰ ਹੋਰ ਵਧੇਰੇ ਸਮਝਣ ਲਈ ਅਸੀਂ ਵੱਖ-ਵੱਖ ਸਮਾਜ ਵਿਗਿਆਨੀਆਂ ਵਲੋਂ ਇਸਦੀਆਂ ਦਿੱਤੀਆਂ ਪਰਿਭਾਸ਼ਾਵਾਂ ਤੇ ਵਿਚਾਰ ਕਰਨੀ ਜ਼ਰੂਰੀ ਸਮਝਦੇ ਹਾਂ।

### 1.8.6 ਸਮਾਜਕ ਰੋਲ ਜਾਂ ਭੂਮਿਕਾ ਦੀਆਂ ਪਰਿਭਾਸ਼ਾਵਾਂ :-

ਲਿੰਟਨ (Linton) ਅਨੁਸਾਰ ਭੂਮਿਕਾ ਜਾਂ ਰੋਲ ਸਭਿਆਚਾਰਕ ਪ੍ਰਤੀਮਾਨਾਂ ਦਾ ਇਕ ਸਮੁੱਚ ਹੁੰਦਾ ਹੈ ਜੋ ਕਿਸੇ ਵਿਸ਼ੇਸ਼ ਰੁਤਬੇ ਨਾਲ ਸੰਬੰਧਿਤ ਹੁੰਦਾ ਹੈ। ਇਸ ਵਿਚ ਕਿਸੇ ਵਿਅਕਤੀ ਜਾਂ ਸਾਰੇ ਵਿਅਕਤੀਆਂ ਦਾ ਇਸ ਰੁਤਬੇ ਨਾਲ ਜੁੜੀਆਂ ਕੀਮਤਾਂ (values) ਅਤੇ ਰਵਈਆ ਸ਼ਾਮਲ ਹੁੰਦਾ ਹੈ।

ਕਿੰਗਸਲੇ ਡੇਵਿਸ (Kingsley Davis) ਅਨੁਸਾਰ ਆਪਣੇ ਰੁਤਬੇ ਲਈ ਲੋੜੀਂਦੇ ਤੌਰ-ਤਰੀਕਿਆਂ (Manner) ਨੂੰ ਪੂਰਾ ਕਰਨ ਨੂੰ ਰੋਲ ਕਹਿੰਦੇ ਹਨ।

ਔਗਬਰਨ ਅਤੇ ਨਿਮਕੌਫ (Ogburn and Nimkoff) :- ਭੂਮਿਕਾ ਜਾਂ ਰੋਲ ਕਿਸੇ ਸਮੂਹ ਵਿਚ ਰੁਤਬੇ ਨਾਲ ਸੰਬੰਧਿਤ ਸਮਾਜ ਵਲੋਂ ਪ੍ਰਵਾਨਿਤ ਵਤੀਰੇ ਦੇ ਪ੍ਰਤੀਮਾਨਾਂ ਦਾ ਇਕ ਯੋਗ ਹੈ ਜੋ ਵਿਅਕਤੀ ਦੀ ਜ਼ੁੰਮੇਵਾਰੀ ਅਤੇ ਫਰਜ਼ਾਂ ਨਾਲ ਸੰਬੰਧਿਤ ਹੁੰਦਾ ਹੈ।

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਭੂਮਿਕਾ ਰੁਤਬੇ ਨਾਲ ਸੰਬੰਧਿਤ ਹੁੰਦੀ ਹੈ। ਸਮਾਜਕ ਰੁਤਬੇ ਅਨੁਸਾਰ ਵਿਅਕਤੀ ਉਮੀਦ ਕੀਤੀ ਭੂਮਿਕਾ ਨਿਭਾਉਂਦਾ ਹੈ।

### ਅਪਣਾ ਗਿਆਨ ਪਰਖੋ

(ੳ) ਸਮਾਜਿਕ ਰੁਤਬੇ ਤੋ ਤੁਸੀ ਕੀ ਸਮਝਦੇ ਹੋ ?

.....................................................................................

.....................................................................................

.....................................................................................

(ਅ) ਸਮਾਜਿਕ ਭੂਮਿਕਾ ਦਾ ਕੀ ਅਰਥ ਹੈ ?

.....................................................................................

.....................................................................................

.....................................................................................

(ੲ) ਭੂਮਿਕਾ ਸੰਘਰਸ਼ ਤੋ ਕੀ ਭਾਵ ਹੈ ?

.....................................................................................

.....................................................................................

.....................................................................................

**1.8.7 ਭੂਮਿਕਾ ਜਾਂ ਰੋਲ ਨਾਲ ਜੁੜੀਆਂ ਕੁਝ ਧਾਰਨਾਵਾਂ**

ਸਮਾਜਕ ਭੂਮਿਕਾ ਨਾਲ ਜੁੜੇ ਸੰਕਲਪ ਜਾਂ ਧਾਰਨਾਵਾਂ ਬਾਰੇ ਸਮਾਜ ਵਿਗਿਆਨ ਦੇ ਵਿਦਿਆਰਥੀ ਨੂੰ ਲੋੜੀਂਦੀ ਜਾਣਕਾਰੀ ਹਾਸਿਲ ਹੋਣੀ ਚਾਹੀਦੀ ਹੈ। ਇਸ ਕਰਕੇ ਅਸੀਂ ਇਥੇ ਕੁਝ ਚੋਣਵੀਆਂ ਧਾਰਨਾਵਾਂ ਬਾਰੇ ਵਿਚਾਰ ਕਰਨ ਦੀ ਕੋਸ਼ਿਸ਼ ਵਿਚ ਹਾਂ।

**ੳ ਭੂਮਿਕਾ ਸੰਘਰਸ਼** (Role Conflict)

ਸਮਾਜ ਵਿਚ ਰਹਿੰਦੇ ਵਿਅਕਤੀ ਨੂੰ ਇਕੋ ਸਮੇਂ ਇਕ ਤੋਂ ਵਧੇਰੇ ਰੋਲ (ਭੂਮਿਕਾ) ਅਦਾ ਕਰਨੇ ਪੈਂਦੇ ਹਨ ਜਦੋਂ ਇਨ੍ਹਾਂ ਭੂਮਿਕਾਵਾਂ ਨੂੰ ਨਿਭਾਉਂਦਿਆਂ ਵਿਅਕਤੀ ਕਿਸੇ ਕਸੂਤੀ ਸਥਿਤੀ ਭਾਵ ਟਕਰਾਅ ਵਿਚ ਫਸ ਜਾਵੇ ਤਾਂ ਉਸ ਸਥਿਤੀ ਨੂੰ ਰੋਲ ਸੰਘਰਸ਼ ਦਾ ਨਾ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ ਜਦੋਂ ਕਿਸੇ ਜੱਜ ਦੇ ਸਾਹਮਣੇ ਉਸ ਦੇ ਹੀ ਪੁੱਤਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਜਾਵੇ ਤਾਂ ਇਸ ਹਾਲਤ ਵਿਚ ਜੱਜ ਇਕ ਕਸੂਤੀ ਟਕਰਾਅ ਦੀ ਸਥਿਤੀ ਵਿਚੋਂ ਲੰਘਦਾ ਹੈ ਕਿਉਂਕਿ ਪਿਤਾ ਦੇ ਫਰਜ਼ ਨਿਭਾਉਂਦਿਆਂ ਉਸ ਦਾ ਮਨ ਉਸ ਨੂੰ ਮੁਆਫ ਕਰਨ ਜਾਂ ਉਸ ਉਤੇ ਦਿਆ ਕਰਨ ਦੀ ਸੋਚੇਗਾ ਪਰੰਤੂ ਇਕ ਜੱਜ ਹੋਣ ਦੇ ਨਾਤੇ ਉਸ ਨੂੰ ਪੂਰਾ ਨਿਆਂ ਕਰਨਾ ਪਵੇਗਾ। ਇਸ ਦੁਵੰਧ ਜਾਂ ਟਕਰਾਅ ਦੀ ਸਥਿਤੀ ਲਈ ਭੂਮਿਕਾ ਸੰਘਰਸ਼ ਦੀ ਧਾਰਨਾ ਵਰਤੀ ਜਾਂਦੀ ਹੈ।

### ਅ. **ਭੂਮਿਕਾ ਪ੍ਰਤੀਮਾਨ** (Role Set)

ਸਮਾਜ ਵਿਚ ਕੋਈ ਵੀ ਵਿਅਕਤੀ ਇਕ ਰੋਲ ਨਹੀਂ ਨਿਭਾਉਂਦਾ ਸਗੋਂ ਸਮਾਜਕ ਜੀਵਨ ਵਿਚ ਇਕ ਵਿਅਕਤੀ ਇਕ ਸਮੇਂ ਅਨੇਕਾਂ ਰੋਲ ਅਦਾ ਕਰਦਾ ਹੈ ਜਿਨ੍ਹਾਂ ਦੇ ਸਮੁੱਚ ਨੂੰ ਅਸੀਂ ਭੂਮਿਕਾ ਪ੍ਰਤੀਮਾਨ (set) ਕਹਿੰਦੇ ਹਾਂ। ਜਿਵੇਂ ਇਕ ਅਧਿਆਪਕ, ਇਕ ਪਿਤਾ, ਇਕ ਸ਼ਹਿਰੀ ਜਾਂ ਕਿਸੇ ਸੰਸਥਾ ਦਾ ਪ੍ਰਧਾਨ ਹੋਣ ਦੇ ਨਾਤੇ ਇਕ ਵਿਅਕਤੀ ਅਜਿਹੀਆਂ ਹੀ ਹੋਰ ਵੀ ਭੂਮਿਕਾਵਾਂ ਨਿਭਾਉਂਦਾ ਹੈ।

### ੲ. **ਅਸਫਲ ਭੂਮਿਕਾ** (Role Failure)

ਪ੍ਰਾਚੀਨ ਸਮਾਜਾਂ ਵਿਚ ਆਮ ਤੌਰ ਤੇ ਉਤਰਦਾਈ ਰੁਤਬੇ ਪਾਏ ਜਾਂਦੇ ਸਨ ਜਿਨ੍ਹਾਂ ਲਈ ਵਿਅਕਤੀ ਦੀ ਭੂਮਿਕਾ ਲਗਭਗ ਨਿਸ਼ਚਿਤ ਹੁੰਦੀ ਸੀ। ਆਧੁਨਿਕ ਸਮਾਜਾਂ ਵਿਚ ਪ੍ਰਾਪਤ ਰੁਤਬੇ ਲਈ ਵਿਅਕਤੀ ਨੂੰ ਕਈ ਵਾਰ ਨਵੀਂ ਕਿਸਮ ਦੀ ਭੂਮਿਕਾ ਨਿਭਾਉਣੀ ਪੈਂਦੀ ਹੈ। ਇਹ ਜ਼ਰੂਰੀ ਨਹੀਂ ਕਿ ਪ੍ਰਾਪਤ ਕੀਤੇ ਰੁਤਬੇ ਅਨੁਸਾਰ ਹਰ ਵਿਅਕਤੀ ਆਪਣੀ ਭੂਮਿਕਾ ਨਿਭਾਉਣ ਦੇ ਯੋਗ ਹੋਵੇ। ਜਦੋਂ ਕੋਈ ਵਿਅਕਤੀ ਆਪਣੀ ਭੂਮਿਕਾ ਨਿਭਾਉਣ 'ਚ ਫੇਲ ਹੋ ਜਾਂਦਾ ਹੈ ਤਾਂ ਉਸ ਲਈ ਇਸ ਧਾਰਨਾ ਦਾ ਪ੍ਰਯੋਗ ਕੀਤਾ ਜਾਂਦਾ ਹੈ।

### ਸ. **ਭੂਮਿਕਾ ਪਾਲਨ**

ਜਦੋਂ ਕੋਈ ਵਿਅਕਤੀ ਸਮਾਜ ਵਲੋਂ ਨਿਰਧਾਰਤ ਕੀਤੀ ਭੂਮਿਕਾ ਨੂੰ ਨਿਭਾਉਂਦਾ ਹੈ ਉਸ ਸਥਿਤੀ ਲਈ ਇਸ ਧਾਰਨਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਸਮਾਜ ਵਿਚ ਡਾਕਟਰ, ਅਧਿਆਪਕ, ਪਿਤਾ ਅਤੇ ਸਭ ਆਪੋ ਆਪਣੀ ਭੂਮਿਕਾ ਨਿਭਾਂਉਦੇ ਹਨ ਜਿਵੇਂ ਖੇਡ ਦੇ ਖਿਡਾਰੀ ਆਪਣੀ ਭੂਮਿਕਾ ਮੁਤਾਬਕ ਰੋਲ ਨਿਭਾਉਂਦੇ ਹਨ ਠੀਕ ਉਸੇ ਪ੍ਰਕਾਰ ਸਮਾਜ ਵਿਚ ਵੀ ਭੂਮਿਕਾ ਦਾ ਪਾਲਣ ਹੁੰਦਾ ਹੈ।

### ਹ. **ਭੂਮਿਕਾ ਗ੍ਰਹਿਣ** (Role Taking)

ਇਹ ਧਾਰਨਾ ਵਿਅਕਤੀ ਵਲੋਂ ਭੂਮਿਕਾ ਗ੍ਰਹਿਣ ਕਰਨ ਦੀ ਸਥਿਤੀ ਨੂੰ ਬਿਆਨ ਕਰਨ ਲਈ ਵਰਤੀ ਜਾਂਦੀ ਹੈ। ਜਿਵੇਂ ਕਿਸੇ ਦਫ਼ਤਰ ਵਿਚ ਭਰਤੀ ਹੋਏ ਨੌਕਰ ਨੂੰ ਦਫਤਰ ਦਾ ਕੰਮ ਕਾਰ ਸਿੱਖਣਾ ਪੈਂਦਾ ਹੈ ਠੀਕ ਉਸੇ ਤਰ੍ਹਾਂ ਸਮਾਜ ਵਿਚ ਵਿਅਕਤੀ ਆਪਣਾ ਰੋਲ ਗ੍ਰਹਿਣ ਕਰਨਾ ਸਿੱਖਦਾ ਹੈ। ਜੀ. ਐਚ. ਮੀਡ ਨੇ ਇਹ ਧਾਰਨਾ ਸਮਾਜੀਕਰਨ ਦੇ ਸਿਧਾਂਤ ਵਿਚ ਵਰਤੀ ਹੈ।

### ਕ. **ਭੂਮਿਕਾ ਸਮਰਥਨ** (Role Reinforcement)

ਇਹ ਸਥਿਤੀ ਰੋਲ ਸੰਘਰਸ਼ ਤੋਂ ਬਿਲਕੁਲ ਵੱਖਰੀ ਹੁੰਦੀ ਹੈ। ਭੂਮਿਕਾ ਸਮਰਥਨ ਤੋਂ ਭਾਵ ਜਦੋਂ ਵਿਅਕਤੀ ਵੱਖ-ਵੱਖ ਤਰ੍ਹਾਂ ਦੀ ਭੂਮਿਕਾ ਨੂੰ ਕਾਮਯਾਬੀ ਨਾਲ ਨਿਭਾਉਂਦਾ ਹੈ ਅਜਿਹੀ ਹਾਲਤ ਵਿਚ ਉਸ ਦੇ ਵੱਖ-ਵੱਖ ਰੋਲ ਉਸ ਨੂੰ ਇਕ ਤਰੀਕੇ ਨਾਲ ਤਾਕਤ ਦਿੰਦੇ ਹਨ।

### 1.8.8 ਸਾਰ

ਸਮਾਜਕ ਰੁਤਬਾ ਤੇ ਸਮਾਜਕ ਭੂਮਿਕਾ ਸੰਰਚਨਾ ਦੇ ਮਹੱਤਵਪੂਰਨ ਹਿੱਸੇ ਹਨ। ਸਮਾਜ ਵਿਚ ਵਿਅਕਤੀ ਦਾ ਰੁਤਬਾ ਅਤੇ ਉਸ ਦੀ ਭੂਮਿਕਾ ਸਮਾਜ ਵੱਲੋਂ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਵਿਅਕਤੀ ਦਾ ਰੁਤਬਾ ਅਤੇ ਭੂਮਿਕਾ ਇਕ ਦੂਸਰੇ ਨਾਲ ਅੰਤਰ ਸੰਬੰਧਿਤ ਅਤੇ ਅੰਤਰ ਨਿਰਭਰ ਹੁੰਦੇ ਹਨ। ਵਿਅਕਤੀ ਦਾ ਸਮਾਜ ਵਿਚ ਰੁਤਬਾ ਉਸ ਦੀ ਸਮਾਜਿਕ ਪੁਜੀਸ਼ਨ ਨੂੰ ਦਰਸਾਉਂਦਾ ਹੈ। ਹਰ ਵਿਅਕਤੀ ਆਪਣੇ ਰੁਤਬੇ ਦੇ ਮੁਤਾਬਕ ਆਪਣੀ ਭੂਮਿਕਾ ਨਿਭਾਉਂਦਾ ਹੈ ਅਤੇ ਵਿਅਕਤੀ ਦੁਆਰਾ ਨਿਭਾਈ ਜਾਂਦੀ ਭੂਮਿਕਾ ਉਸ ਦੇ ਸਮਾਜਕ ਰੁਤਬੇ ਨੂੰ ਨਿਰਧਾਰਤ ਕਰਦੀ ਹੈ।

### 1.8.9 ਮੁੱਖ ਸ਼ਬਦ

**ਸਮਾਜਿਕ ਰੁਤਬਾ** : ਵਿਅਕਤੀ ਦਾ ਸਮੂਹ ਵਿੱਚ ਰੁਤਬਾ ਉਸਦਾ ਦੂਸਰਿਆਂ ਦੇ ਸੰਦਰਭ ਵਿੱਚ ਸਥਾਨ ਹੁੰਦਾ ਹੈ। ਇਹ ਉਹ ਪੁਜੀਸ਼ਨ ਹੈ ਜਿਸਨੂੰ ਉਹ ਕਿਸੇ ਸਮੂਹ ਵਿੱਚ ਲਿੰਗ, ਉਮਰ, ਪਰਿਵਾਰ, ਵਰਗ, ਕਿੱਤੇ, ਵਿਆਹ ਅਤੇ ਕੋਸ਼ਿਸ਼ਾਂ ਰਾਂਹੀ ਪ੍ਰਾਪਤ ਕਰਦਾ ਹੈ।

**ਪ੍ਰਦੱਤ ਰੁਤਬਾ**: ਜੋ ਕਿਸੇ ਵਿਅਕਤੀ ਵਿਸ਼ੇਸ਼ ਨੂੰ ਉਸਦੇ ਜਨਮ ਤੋ ਮਿਲਦਾ ਹੈ।

**ਪ੍ਰਾਪਤ ਰੁਤਬਾ** : ਜੋ ਵਿਅਕਤੀ ਆਪਣੇ ਬਲਬੂਤੇ ਤੇ ਆਪਣੀ ਮਿਹਨਤ ਤੇ ਕਾਬਲੀਅਤ ਅਨੁਸਾਰ ਪ੍ਰਾਪਤ ਕਰਦਾ ਹੈ।

**ਭੂਮਿਕਾ ਸੰਘਰਸ਼**: ਇਕ ਵਿਅਕਤੀ ਵਿਸ਼ੇਸ਼ ਨੂੰ ਸਮਾਜ ਵਿੱਚ ਰਹਿੰਦੇ ਹੋਏ ਇਕੋ ਸਮੇ ਬਹੁਤ ਸਾਰੇ ਰੋਲ ਅਦਾ ਕਰਨੇ ਪੈਦੇ ਹਨ ਜਿਨ੍ਹਾਂ ਨੂੰ ਨਿਭਾਉਦਿਆਂ ਉਹ ਕਸੂਤੀ ਸਥਿਤੀ ਵਿੱਚ ਫਸ ਜਾਂਦਾ ਹੈ ਇਸ ਟਕਰਾਅ ਦੀ ਸਥਿਤੀ ਨੂੰ ਹੀ ਭੂਮਿਕਾ ਸੰਘਰਸ਼ ਕਿਹਾ ਜਾਂਦਾ ਹੈ।

### 1.8.10 ਅਭਿਆਸ ਲਈ ਪ੍ਰਸ਼ਨ

#### ਵੱਡੇ ਪ੍ਰਸ਼ਨ

1 ਸਮਾਜਕ ਰੁਤਬੇ ਅਤੇ ਸਮਾਜਕ ਰੋਲ ਦੀ ਅੰਤਰ ਸਬੰਧਤਾਂ ਦੀ ਵਿਸਥਾਰ ਵਿਚ ਚਰਚਾ ਕਰੋ।

2 ਸਮਾਜਕ ਰੋਲ ਅਤੇ ਸਮਾਜ ਰੁਤਬਾ ਸਮਾਜਕ ਸੰਰਚਨਾ ਦੇ ਜ਼ਰੂਰੀ ਤੱਤ ਹਨ ? ਇਸ ਕਥਨ ਦੀ ਵਿਆਖਿਆ ਕਰੋ।

#### ਛੋਟੇ ਪ੍ਰਸ਼ਨ

(ੳ) ਸਮਾਜਕ ਰੁਤਬਾ ਕੀ ਹੁੰਦਾ ਹੈ ?

(ਅ) ਸਮਾਜਕ ਭੂਮਿਕਾ ਕੀ ਹੁੰਦੀ ਹੈ ?

(ੲ) ਸਮਾਜਕ ਰੁਤਬੇ ਦੀ ਪਰਿਭਾਸ਼ਾ ਦਿਓ।

(ਸ) ਸਮਾਜਕ ਭੂਮਿਕਾ ਦੀ ਪਰਿਭਾਸ਼ਾ ਦਿਓ।

## 1.8.11 Selected Books


Ogburn and Nimkoff : A Handbook of Sociology

R.M. Maclver and C.H. Page : Society : An Introductory Analysis

ਸਵਿੰਦਰਜੀਤ ਕੌਰ : ਜਨਰਲ ਸਮਾਜ ਵਿਗਿਆਨ